

ਦੇਸ਼ ਲਈ ਆਪਣੀ ਜਾਨ ਵਾਰਨ ਵਾਲੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ ਵਿਸ਼ੇਸ਼ ਲੇਖ ਅੰਦਰ ਦੇਖੋ।

12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -12 ISSUE - 25
September 27, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com


ਯੁਬਾ ਸਿਟੀ ਵਿਖੇ ਮੇਲਾ ਗਦਰੀ ਬਾਬਿਆਂ ਦਾ 15 ਅਕਤੂਬਰ 2023 ਨੂੰ (ਹੋਰ ਜਾਣਕਾਰੀ ਲਈ ਦੇਖੋ ਸਫਾ 3)


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਕੈਲੇਫੋਰਨੀਆ 'ਚ ਸੈਨੇਟਰ ਆਸ਼ਾ ਵਹਾਬ ਵੱਲੋਂ ਲਿਆਂਦਾ ਗਿਆ ਬਿਲ ਐਸ. ਬੀ. 403 ਭਾਰੀ ਬਹੁਮਤ ਨਾਲ ਅਸੈਂਬਲੀ ਅਤੇ ਸੈਨੇਟ ਵਿਚ ਪਾਸ ਹੋ ਚੁੱਕਾ ਹੈ ਅਤੇ ਗਵਰਨਰ ਸਾਹਿਬ ਦੇ ਆਫਿਸ ਜਾ ਚੁੱਕਾ ਹੈ। ਇਕੋਐਲਿਟੀ ਲੈਬ ਦੀ ਕੋ-ਫਾਊਂਡਰ ਅਤੇ ਇਸ ਬਿਲ ਦੀ ਸਮਰਥਕਾਂ ਦੀ ਅਗਵਾਈ ਕਰਨ ਵਾਲੀ ਥਿਨਮੋਜ਼ੀ ਸੁੰਦਰਾਰਾਜਨ ਆਪਣੇ ਸਮਰਥਕਾਂ ਦੇ ਨਾਲ ਗਵਰਨਰ ਹਾਊਸ ਦੀ ਬਿਲਡਿੰਗ ਦੇ ਬਾਹਰ 23 ਦਿਨਾਂ ਤੋਂ ਭੁੱਖ ਹੜਤਾਲ 'ਤੇ ਬੈਠੀ ਹੋਈ ਹੈ। ਉਹ ਚਾਹੁੰਦੇ ਹਨ ਕਿ ਇਸ ਬਿਲ ਨੂੰ ਅੰਤਿਮ ਮਨਜ਼ੂਰੀ ਮਿਲੇ ਅਤੇ ਕਾਨੂੰਨ ਦੀ ਸ਼ਕਲ ਲਵੇ। ਇਸ ਸਬੰਧਤ ਕੁਝ ਜਾਣਕਾਰੀ ਅਗਲੇ ਅੰਕ ਵਿਚ ਪੇਸ਼ ਕੀਤੀ ਜਾਵੇਗੀ। ਭੁੱਖ ਹੜਤਾਲ 'ਤੇ ਬੈਠੇ ਸਮਰਥਕਾਂ ਦੀਆਂ ਕੁਝ ਯਾਦਗਾਰੀ ਤਸਵੀਰਾਂ *(ਦੇਖੋ ਸਫਾ 11 'ਤੇ)*

## ਭਾਰਤ-ਕੈਨੇਡਾ ਵੀਜਾ ਮੁਅੱਤਲੀ ਕਾਰਨ ਪੰਜਾਬ ਵਿਚ ਚਿੰਤਾ ਦਾ ਮਾਹੌਲ

**ਚੰਡੀਗੜ੍ਹ (ਬਿਊਰੋ)-** ਭਾਰਤ ਸਰਕਾਰ ਵੱਲੋਂ ਕੈਨੇਡੀਅਨ ਨਾਗਰਿਕਾਂ ਦੇ ਵੀਜ਼ੇ ਨੂੰ ਮੁਅੱਤਲ ਕਰਨ ਦੇ ਫ਼ੈਸਲੇ ਦਾ ਸਿੱਧਾ ਅਸਰ ਪੰਜਾਬ 'ਤੇ ਪੈ ਰਿਹਾ ਹੈ। ਪੰਜਾਬ ਦੇ ਲੋਕ ਜਿੱਥੇ ਚਿੰਤਤ ਹਨ, ਉਥੇ ਸਿਆਸੀ ਪਾਰਟੀਆਂ ਦਬਾਅ ਹੇਠ ਹਨ। ਆਮ ਆਦਮੀ ਪਾਰਟੀ ਨੂੰ ਛੱਡ ਕੇ ਸਾਰੀਆਂ ਸਿਆਸੀ ਪਾਰਟੀਆਂ ਕੇਂਦਰ ਸਰਕਾਰ 'ਤੇ ਦਬਾਅ ਬਣਾ ਰਹੀਆਂ ਹਨ ਕਿ ਮੁਅੱਤਲ ਕੀਤਾ ਵੀਜ਼ਾ ਪ੍ਰਕਿਰਿਆ ਨੂੰ ਜਲਦ ਤੋਂ ਜਲਦ ਬਹਾਲ ਕੀਤਾ ਜਾਵੇ। ਅਹਿਮ ਗੱਲ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਵੀ ਕੇਂਦਰ 'ਤੇ ਦਬਾਅ ਬਣਾਉਣ ਵਾਲੀਆਂ ਪਾਰਟੀਆਂ ਵਿਚ ਸ਼ਾਮਲ ਹੈ ਜਦਕਿ ਆਮ ਆਦਮੀ ਪਾਰਟੀ ਨੇ ਇਸ ਮੁੱਦੇ 'ਤੇ ਹਾਲੇ ਤੱਕ ਚੁੱਪੀ ਸਾਧੀ ਹੋਈ ਹੈ। ਪੰਜਾਬ ਦੀ ਸਿਆਸਤ 'ਚ ਪ੍ਰਵਾਸੀ ਭਾਰਤੀਆਂ ਦਾ ਹਮੇਸ਼ਾ ਹੀ ਦਬਦਬਾ ਰਿਹਾ ਹੈ। ਕਦੇ ਵੋਟ ਬੈਂਕ ਦੇ ਰੂਪ ਵਿਚ ਤੇ ਕਦੇ ਵਿੱਤੀ ਮਦਦ ਕਾਰਨ। ਸਾਲ 2010 ਤੱਕ ਦੋਆਬਾ ਤੋਂ ਸਭ ਤੋਂ ਵੱਧ ਲੋਕ ਵਿਦੇਸ਼ ਗਏ ਸਨ। ਉਸ ਸਮੇਂ ਤਕ ਮਾਲਵਾ ਦੇ ਲੋਕਾਂ ਵਿਚ ਵਿਦੇਸ਼ ਜਾਣ ਦਾ ਰੁਝਾਨ ਘੱਟ ਹੁੰਦਾ ਸੀ ਪਰ ਹੌਲੀ-ਹੌਲੀ ਇਹ ਰੁਝਾਨ ਪੂਰੇ ਸੂਬੇ ਵਿਚ ਵਧ ਗਿਆ। ਪੰਜਾਬ ਦੇ ਲਗਪਗ 12 ਲੱਖ ਤੋਂ ਵੱਧ ਲੋਕ ਕੈਨੇਡਾ ਵਿਚ ਵਸਦੇ ਹਨ। ਇਨ੍ਹਾਂ ਵਿਚੋਂ ਵੱਡੀ ਗਿਣਤੀ ਵਿਚ ਲੋਕਾਂ ਨੇ ਕੈਨੇਡਾ ਦੀ ਨਾਗਰਿਕਤਾ ਤਾਂ ਲੈ ਲਈ ਹੈ ਪਰ ਉਹ ਰੈਗੂਲਰ ਤੌਰ 'ਤੇ ਆਪਣੇ ਪਰਿਵਾਰਕ ਸਮਾਗਮਾਂ ਵਿਚ ਹਿੱਸਾ ਲੈਣ ਜਾਂ ਮੈਡੀਕਲ ਸਹੂਲਤਾਂ ਲਈ ਪੰਜਾਬ ਆਉਂਦੇ ਹੀ ਰਹਿੰਦੇ ਹਨ। ਚੋਣਾਂ ਦੌਰਾਨ ਐਨਆਰਆਈਜ਼ ਇਨ੍ਹਾਂ ਸਿਆਸੀ ਪਾਰਟੀਆਂ ਨੂੰ ਖੁੱਲ੍ਹ ਕੇ ਚੰਦਾ ਵੀ ਦਿੰਦੇ ਹਨ। ਉਥੇ ਪੰਜਾਬ ਦੇ ਸਿਆਸਤਦਾਨ ਵੀ ਸਮੇਂ-ਸਮੇਂ 'ਤੇ ਕੈਨੇਡਾ 'ਚ ਪੰਜਾਬੀਆਂ ਨੂੰ ਮਿਲਣ ਜਾਂਦੇ ਰਹਿੰਦੇ ਹਨ। ਭਾਰਤ ਸਰਕਾਰ ਵੱਲੋਂ ਕੈਨੇਡੀਅਨ ਵੀਜ਼ਾ ਮੁਅੱਤਲ ਕੀਤੇ ਜਾਣ ਨਾਲ ਐਨਆਰਆਈਜ਼ ਨੇ ਸਿਆਸੀ ਪਾਰਟੀਆਂ 'ਤੇ ਆਪਣਾ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ ਹੈ ਜਦਕਿ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੇ ਵੀ ਕੇਂਦਰ 'ਤੇ ਇਹ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਵੀਜ਼ਾ ਪ੍ਰਕਿਰਿਆ ਨੂੰ ਜਲਦ ਤੋਂ ਜਲਦ ਆਮ ਵਾਂਗ ਕੀਤਾ ਜਾ ਸਕੇ। ਰਾਸ਼ਟਰ ਨਾਲ ਜੁੜਿਆ ਮੁੱਦਾ ਹੋਣ ਕਾਰਨ ਕਾਂਗਰਸ ਜਾਂ ਸ਼੍ਰੋਮਣੀ ਅਕਾਲੀ ਦਲ ਨੇ ਵੀਜ਼ਾ ਪ੍ਰਕਿਰਿਆ ਮੁਅੱਤਲ ਕਰਨ ਦੀ ਨਿਖੇਧੀ ਨਹੀਂ ਕੀਤੀ ਹੈ। ਹਾਲਾਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਕੈਨੇਡਾ 'ਚ ਰਹਿਣ ਵਾਲੇ ਪੰਜਾਬੀਆਂ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਕਹਿਣਾ ਹੈ, ਪੰਜਾਬ ਦੇ ਲੋਕ ਚਿੰਤਤ ਹਨ ਕਿਉਂਕਿ ਕਿਸੇ ਨੂੰ ਆਪਣੇ ਪਰਿਵਾਰਕ ਸਮਾਗਮ ਵਿਚ ਹਿੱਸਾ ਲੈਣਾ ਹੈ ਤਾਂ ਕਿਸੇ ਨੇ ਖ਼ੁਸ਼ੀ ਜਾਂ ਗਮੀ 'ਚ। ਇਸ ਲਈ ਇਸ ਸਮੱਸਿਆ ਦਾ ਜਲਦ ਤੋਂ ਜਲਦ ਹੱਲ ਕੱਢਿਆ ਜਾਣਾ ਚਾਹੀਦਾ ਹੈ। ਉਥੇ ਭਾਜਪਾ 'ਤੇ ਵੀ ਇਹੀ ਦਬਾਅ ਦੇਖਣ ਨੂੰ ਮਿਲਿਆ ਹੈ। ਜਾਣਕਾਰੀ ਅਨੁਸਾਰਅਮਿਤ ਸ਼ਾਹ ਅੱਗੇ ਵੀ ਜਾਖੜ ਇਹ ਮੁੱਦਾ ਚੁੱਕ ਚੁੱਕੇ ਹਨ।




## ਸਿਫ਼ਤ ਕੌਰ ਨੇ 50 ਮੀਟਰ ਨਿੱਜੀ ਰਾਈਫਲ ਮੁਕਾਬਲੇ 'ਚ ਸੋਨ ਤਗਮਾ ਜਿੱਤਿਆ



**ਹਾਂਗਜ਼ੂ (ਬਿਊਰੋ)-** ਭਾਰਤ ਦੀ ਸਿਫਤ ਕੌਰ ਸਮਰਾ ਨੇ ਇਥੇ ਏਸ਼ਿਆਈ ਖੇਡਾਂ ਵਿਚ ਔਰਤਾਂ ਦੇ 50 ਮੀਟਰ ਰਾਈਫਲ 3 ਪੁਜ਼ੀਸ਼ਨ ਦੇ ਨਿੱਜੀ ਮੁਕਾਬਲੇ ਵਿਚ ਦਬਦਬਾ ਕਾਇਮ ਕਰਦਿਆਂ ਵਿਸ਼ਵ ਰਿਕਾਰਡ ਸਕੋਰ ਨਾਲ ਸੋਨ ਤਗਮਾ ਜਿੱਤਿਆ, ਜਦਕਿ ਆਸ਼ੀ ਚੋਕਸੀ ਵੀ ਕਾਂਸੀ ਦਾ ਤਗਮਾ ਜਿੱਤਣ ਵਿਚ ਕਾਮਯਾਬ ਰਹੀ। ਸਿਫਤ ਨੇ ਫਾਈਨਲ ਵਿੱਚ 469.6 ਅੰਕ ਬਣਾਏ। ਸਿਫ਼ਤ ਨੇ ਗੋਲਡ ਮੈਡਲ ਜਿੱਤਣ ਦੇ ਨਾਲ ਇੱਕ ਵਰਲਡ ਰਿਕਾਰਡ ਵੀ ਬਣਾਇਆ ਹੈ, ਜਿਸ ਬਾਰੇ ਉਹ ਕਹਿੰਦੇ ਹਨ ਰਿਕਾਰਡ ਬਾਰੇ ਤਾਂ ਉਨ੍ਹਾਂ ਨੂੰ ਬਾਅਦ 'ਚੋਂ ਪਤਾ ਲੱਗਾ ਤੇ ਉਹ ਬਹੁਤ ਖੁਸ਼ ਹਨ।

## ਅਮਰੀਕਾ ਨੇ ਇਸ ਸਾਲ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਰਿਕਾਰਡ ਵੀਜ਼ੇ



**ਨਵੀਂ ਦਿੱਲੀ (ਬਿਊਰੋ)-** ਭਾਰਤ 'ਚ ਅਮਰੀਕੀ ਅੰਬੈਸੀ ਨੇ ਇਸ ਸਾਲ ਗਰਮੀਆਂ 'ਚ 90 ਹਜ਼ਾਰ ਵਿਦਿਆਰਥੀ ਵੀਜ਼ੇ ਜਾਰੀ ਕਰ ਕੇ ਰਿਕਾਰਡ ਬਣਾ ਦਿੱਤਾ। ਆਲਮੀ ਪੱਧਰ 'ਤੇ ਇਹ ਗਿਣਤੀ ਇਕ ਚੌਥਾਈ ਹੈ, ਯਾਨੀ ਵਿਸ਼ਵ ਵਿਚ ਵਿਦਿਆਰਥੀ ਵੀਜ਼ਾ ਪ੍ਰਾਪਤ ਕਰਨ ਵਾਲਿਆਂ ਵਿਚ ਹਰ ਚੌਥਾ ਵਿਦਿਆਰਥੀ ਭਾਰਤ ਤੋਂ ਹੈ। ਭਾਰਤ 'ਚ ਅਮਰੀਕਾ ਦੂਤਘਰ ਨੇ ਸੋਮਵਾਰ ਨੂੰ 'ਐਕਸ' 'ਤੇ ਕੀਤੇ ਪੋਸਟ ਵਿਚ ਇਸ ਦਾ ਐਲਾਨ ਕਰਦਿਆਂ ਕਿਹਾ ਕਿ ਇਹ ਜਾਣਕਾਰੀ ਸਾਂਝੀ ਕਰਦਿਆਂ ਹੋਏ ਸਾਨੂੰ ਬੇਹੱਦ ਖੁਸ਼ੀ ਮਹਿਸੂਸ ਹੋ ਰਹੀ ਹੈ। ਕਿਹਾ, ਇਸ ਸਾਲ ਜੂਨ, ਜੁਲਾਈ ਤੇ ਅਗਸਤ 'ਚ 90 ਹਜ਼ਾਰ ਤੋਂ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ ਗਏ। ਇਸ ਦੇ ਨਾਲ ਹੀ ਅਮਰੀਕੀ ਦੂਤਘਰ ਨੇ ਕਿਹਾ ਕਿ ਭਾਰਤੀ ਵਿਦਿਆਰਥੀਆਂ ਨੂੰ ਵਧਾਈ ਕਿ ਉਨ੍ਹਾਂ ਉੱਚ ਅਧਿਐਨ ਜ਼ਰੀਏ ਆਪਣੇ ਟੀਚੇ ਨੂੰ ਹਾਸਲ ਕਰਨ ਲਈ ਅਮਰੀਕਾ ਨੂੰ ਚੁਣਿਆ। ਹਾਲ ਹੀ ਵਿਚ ਅਮਰੀਕਾ ਦੇ ਭਾਰਤ ਵਿਚ ਰਾਜਦੂਤ ਏਰਿਕ ਗਾਰਸੇਟੀ ਨੇ ਕਿਹਾ ਸੀ ਕਿ ਪਹਿਲੀ ਵਾਰ ਟੂਰਿਸਟ ਵੀਜ਼ਾ ਇੰਟਰਵਿਊ ਲਈ ਉਡੀਕ ਸਮਾਂ 50 ਪ੍ਰਤੀਸ਼ਤ ਘੱਟ ਹੋ ਗਈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ 2023 ਲਈ ਘੱਟੋ ਘੱਟ 10 ਲੱਖ ਵੀਜ਼ਾ ਪ੍ਰਕਿਰਿਆ ਦਾ ਟੀਚਾ ਹੈ। ਆਈਆਈਟੀ ਦਿੱਲੀ 'ਚ ਬੋਲਦਿਆਂ ਗਾਰਸੇਟੀ ਨੇ ਕਿਹਾ ਸੀ ਕਿ ਭਾਰਤ ਅਮਰੀਕੀ ਵੀਜ਼ਾ ਪ੍ਰਕਿਰਿਆ ਇਸ ਤੋਂ ਪਹਿਲਾਂ ਇੰਨੀ ਤੇਜ਼ ਕਦੇ ਨਹੀਂ ਰਹੀ। ਹਾਲ ਹੀ ਵਿਚ ਭਾਰਤ ਤੇ ਅਮਰੀਕਾ ਨੇ ਵੀਜ਼ਾ ਪ੍ਰਕਿਰਿਆ ਨੂੰ ਸਰਲ ਬਣਾਉਣ ਲਈ ਕਈ ਕਦਮ ਚੁੱਕੇ ਹਨ।



















# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਅਕਤੂਬਰ 2023 ਦੇ ਸਮਾਗਮ





**1 ਅਕਤੂਬਰ 2023, ਦਿਨ ਐਤਵਾਰ–** ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰ ਸੇਵਾ, ਸੱਤਿਆ ਦਾਸ ਜੀ ਦੇ ਪਰਿਵਾਰ ਵੱਲੋਂ, ਪਰਿਵਾਰ ਦੀ ਚੜ੍ਹਦੀ ਕਲਾ ਦੇ ਸਬੰਧ ਵਿਚ ਹੈ ਜੀ।

**6 ਅਕਤੂਬਰ 2023, ਦਿਨ ਸ਼ੁੱਕਰਵਾਰ–** ਧੰਨ ਧੰਨ ਰਾਜਾ ਨਾਭ ਸਾਹਿਬ ਜੀ ਦੀ 83ਵੀਂ ਬਰਸੀ ਸਬੰਧ ਵਿਚ- ਜ਼ੈਲਾ ਜੱਗੀ ਤੇ ਸੁੱਚਾ ਸਿੰਘ ਰਾਏਪੁਰ, ਪਰਿਵਾਰਾਂ ਵੱਲੋਂ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਆਰੰਭ ਹੋਣਗੇ।

**7 ਅਕਤੂਬਰ 2023, ਦਿਨ ਸ਼ਨਿਚਰਵਾਰ–** ਸ਼ਾਮ ਨੂੰ ਦੀਵਾਨ ਸਜਣਗੇ, ਜਿਸ ਵਿਚ ਗੁਰੂ ਘਰ ਦਾ ਜਥਾ ਭਾਈ ਸਾਹਿਬ ਭਾਈ ਬਲਵਿੰਦਰ ਸਿੰਘ ਜੀ ਅਤੇ ਉਹਨਾਂ ਦਾ ਜਥਾ ਕਥਾ, ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ, ਉਪਰੰਤ ਪੰਥਕ ਢਾਡੀ ਜਥਾ ਸੁਖਵਿੰਦਰ ਸਿੰਘ ਅਨਮੋਲ ਜੀ ਦਾ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ਜੀ ਤੇ ਅਗਲੇ ਦਿਨ-

**8 ਅਕਤੂਬਰ 2023, ਦਿਨ ਐਤਵਾਰ–** ਸਵੇਰੇ 10 ਵਜੇ ਪਾਠ ਦੇ ਭੋਗ ਪਾਏ ਜਾਣਗੇ, ਉਪਰੰਤ ਭਾਈ ਬਲਵਿੰਦਰ ਸਿੰਘ ਜੀ ਦਾ ਜਥਾ ਕਥਾ ਅਤੇ ਕੀਰਤਨ ਦੁਆਰਾ ਅਤੇ ਪੰਥਕ ਢਾਡੀ ਜਥਾ ਸੁਖਵਿੰਦਰ ਸਿੰਘ ਅਨਮੋਲ ਜੀ ਅਤੇ ਉਹਨਾਂ ਦਾ ਜਥਾ ਢਾਡੀ ਵਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਤਿੰਨੋ ਦਿਨ ਲੰਗਰ ਅਤੁੱਟ ਵਰਤੇਗਾ ਜੀ।

**15 ਅਕਤੂਬਰ 2023, ਦਿਨ ਐਤਵਾਰ–** ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਬਲਿਹਾਰ ਸਿੰਘ ਜੀ, ਗਰਚਾ ਸਮੂਹ ਪਰਿਵਾਰ ਵੱਲੋਂ ਗੁਰੂ ਸਾਹਿਬ ਜੀ ਦੇ ਸ਼ੁਕਰਾਨੇ ਤੇ ਪਰਿਵਾਰ ਦੀ ਚੜ੍ਹਦੀ ਕਲਾ ਦੇ ਸਬੰਧ ਵਿਚ ਹੈ ਜੀ। ਭਾਈ ਬਲਵਿੰਦਰ ਸਿੰਘ ਜੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।

## ਸ੍ਰੀ ਗੁਰੂ ਰਵਿਦਾਸ ਟੈਂਪਲ (ਪਿਟਸਬਰਗ)
## ਸਮੂਹ ਪ੍ਰਬੰਧਕ ਕਮੇਟੀ ਅਤੇ ਭਾਈ ਬਲਵਿੰਦਰ ਸਿੰਘ ਜੀ 925-439-2355

**Sangat Sewadars**

**www.sriguru◌ravidasstemple.com**

| Chairman | President | General Secretary | Treasurer |
|---|---|---|---|
| Ramesh Suman | Vinod Kumar | Naresh Swan | Sunita Bangar |
| (925) 366 3618 | (408) 718-2506 | (415) 424 9860 | (415) 233-3319 |



ਚੁੱਪ-ਚਾਪ ਨਹੀਂ ਬੈਠ ਕੇ ਦੇਖ ਲੈਣਾ, ਆਫ਼ਤ ਕੋਈ ਨਾ ਕੋਈ ਲਿਆ ਦਿਆਂਗੇ।
ਅਸੀਂ ਤਲੀ 'ਤੇ ਰੱਖਿਆ ਸੀਸ ਆਪਣਾ, ਕੇਰਾਂ ਹਿੰਦ ਵਿਚ ਗਦਰ ਮਚਾ ਦਿਆਂਗੇ।
('ਗ਼ਦਰ ਦੀ ਗੂੰਜ' ਵਿਚੋਂ)
The Gadar Heritage Foundation And Indian Educational & Cultural organization
ਦੀ ਗਦਰ ਹੈਰੀਟੇਜ ਫਾਊਂਡੇਸ਼ਨ ਅਤੇ ਇੰਡੀਅਨ ਐਜੂਕੇਸ਼ਨਲ ਐਂਡ ਕਲਚਰਲ ਆਰਗੇਨਾਈਜ਼ੇਸ਼ਨ
ਵਲੋਂ
ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਵੱਡਮੁਲਾ ਯੋਗਦਾਨ ਪਾਉਣ ਵਾਲੇ
ਗਦਰੀ ਬਾਬਿਆਂ ਅਤੇ ਉਨ੍ਹਾਂ ਦੀ ਮਾਨਵਵਾਦੀ ਸੋਚ ਨੂੰ ਸਮਰਪਿਤ
ਮੇਲਾ ਗ਼ਦਰੀ ਬਾਬਿਆਂ ਦਾ
15 ਅਕਤੂਬਰ 2023, ਦਿਨ ਐਤਵਾਰ ਦੁਪਹਿਰ 1:00 ਵਜੇ ਤੋਂ ਸ਼ਾਮ 6:00 ਵਜੇ ਤੱਕ
River Valley High School., 801 El Margarita Road, Yuba City, CA
ਗਦਰ ਪਾਰਟੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ
ਮੁੱਖ ਮਹਿਮਾਨ
ਮੁੱਖ ਬੁਲਾਰਾ
ਪਹੁੰਚ ਰਹੇ ਗਾਇਕ ਕਲਾਕਾਰ
ਮੰਚ ਸੰਚਾਲਨ
Design By: Hayermedia
ਜੋਤ ਰਣਜੀਤ ਕੌਰ
ਰਾਜ ਬਰਾੜ
ਆਸ਼ਾ ਸ਼ਰਮਾ
ਡਾ. ਸਰਬਜਿੰਦਰ ਸਿੰਘ
ਡਾ. ਸਵੈਮਾਨ ਸਿੰਘ
ਗਿੱਧਾ, ਭੰਗੜਾ, ਗੀਤ, ਸੰਗੀਤ
Free Entry, Free Parking
ਚਾਹ ਪਾਣੀ ਦਾ ਲੰਗਰ
ਸਮੂਹ ਭਾਰਤੀ ਭਾਈਚਾਰੇ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ
ਹੋਰ ਜਾਣਕਾਰੀ ਲਈ ਤੁਸੀ ਥੱਲੇ ਦਿੱਤੇ ਨੰਬਰਾਂ 'ਤੇ ਗੱਲ ਕਰ ਸਕਦੇ ਹੋ
Makhan Basi (530) 415-1680, Tarlok Johal (209)595-8767, Kulwant Singh (916) 584-2827
Amrik (925) 787-3890, Raghbir sandhu (279)977-2466, Baldev raj (916 ) 330-8632

# ਵਾਸ਼ਿੰਗਟਨ ਡੀ.ਸੀ ਵਿੱਚ ਗਲੋਬਲ ਜਸ਼ਨ ਵਿਸ਼ਵ ਸੱਭਿਆਚਾਰ ਉਤਸਵ 29 ਸਤੰਬਰ ਤੋਂ 1 ਅਕਤੂਬਰ ਤੱਕ

## 17,000 ਕਲਾਕਾਰ, ਦੁਨੀਆਂ ਦੇ ਨਾਮਵਰ ਮੁਖੀ, 100 ਤੋਂ ਵੱਧ ਦੇਸ਼ਾਂ ਦੇ ਨੇਤਾ ਇਸ ਇਕੱਠ ਹੋਣਗੇ ਸ਼ਾਮਿਲ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਇਸ ਹਫਤੇ ਦੇ ਅੰਤ ਵਿੱਚ, ਦੁਨੀਆ ਭਰ ਦੀਆਂ ਸਾਰੀਆਂ ਨਜ਼ਰਾਂ ਵਾਸ਼ਿੰਗਟਨ ਡੀਸੀ 'ਤੇ ਹੋਣਗੀਆਂ, ਕਿਓਂ ਕਿ 29 ਸਤੰਬਰ ਤੋਂ 1 ਅਕਤੂਬਰ ਤੱਕ ਅਮਰੀਕੀ ਰਾਜਧਾਨੀ ਵਿਭਿੰਨਤਾ ਅਤੇ ਏਕਤਾ ਦੇ ਇੱਕ ਅਭੁੱਲ ਜਸ਼ਨ ਦੀ ਮੇਜ਼ਬਾਨੀ ਕਰੇਗੀ, ਇਹ ਆਰਟ ਆਫ਼ ਲਿਵਿੰਗ ਦੇ ਵਿਸ਼ਵ ਸੱਭਿਆਚਾਰ ਉਤਸਵ ਹਜਾਰਾਂ ਲੋਕਾਂ ਦੇ ਸਿਰ ਚੜ ਬੋਲੇਗਾ। ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ ਦੇ ਵਿਚ ਸੈੱਟ ਕੀਤਾ ਗਿਆ ਸਟੇਜ ਫੁੱਟਬਾਲ ਦੇ ਮੈਦਾਨ ਦੇ ਆਕਾਰ ਦਾ ਹੈ। ਇਹ ਸਮਾਗਮ 17,000 ਕਲਾਕਾਰਾਂ, ਰਾਜਾਂ ਦੇ ਕਈ ਮੁਖੀਆਂ, ਅਤੇ 100 ਤੋਂ ਵੱਧ ਦੇਸ਼ਾਂ ਦੇ ਵਿਚਾਰਵਾਨ ਨੇਤਾਵਾਂ ਦੇ ਇੱਕ ਯਾਦਗਾਰੀ ਇਕੱਠ ਦਾ ਗਵਾਹ ਹੋਵੇਗਾ, ਸਾਰੇ ਨੈਸ਼ਨਲ ਮਾਲ ਵਿੱਚ ਇਕੱਠੇ ਹੋਣਗੇ। ਇਸ ਨੂੰ ਬੇਮਿਸਾਲ ਅਨੁਪਾਤ ਦਾ ਇੱਕ ਵਿਸ਼ਵ ਰੰਗਮੰਚ ਬਣਾਉਂਦੇ ਹੋਏ ਹੈਰਾਨੀਜਨਕ ਅੱਧਾ ਮਿਲੀਅਨ ਲੋਕਾਂ ਦੇ ਭਾਗ ਲੈਣ ਦੀ ਉਮੀਦ ਹੈ। ਇਸ ਵੱਡੇ ਸਮਾਗਮ ਵਿੱਚ 50 ਤੋਂ ਵੱਧ ਪ੍ਰਦਰਸ਼ਨ ਸ਼ਾਮਲ ਹਨ ਜਿਨਾਂ ਚ 1,000 ਗਾਇਕਾਂ ਅਤੇ ਡਾਂਸਰਾਂ ਨਾਲ ਇੱਕ ਰਵਾਇਤੀ ਚੀਨੀ ਸੱਭਿਆਚਾਰਕ ਪ੍ਰਦਰਸ਼ਨ, 7,000 ਡਾਂਸਰਾਂ ਦੇ ਨਾਲ ਇੱਕ ਅਸਾਧਾਰਨ ਗਰਬਾ, ਲਾਈਵ ਜੁਗਲਬੰਦੀ ਦੇ ਨਾਲ 700 ਭਾਰਤੀ ਕਲਾਸੀਕਲ ਡਾਂਸਰ, ਕਿੰਗ ਚਾਰਲਸ ਅਤੇ ਕੈਲੀ ਫੋਰਮੈਨ ਦੁਆਰਾ ਕੋਰੀਓਗ੍ਰਾਫੀ ਦੀ ਸ਼ੁਰੂਆਤ ਕਰਨ ਵਾਲੇ 100 ਬ੍ਰੇਕ ਡਾਂਸਰਾਂ ਦੇ ਨਾਲ ਕੁਰਟਿਸ ਬਲੋ, ਉ-ਰੌਕ, ਸੀਕਵੈਂਸ ਗਰਲਜ਼ ਅਤੇ ਡੀਜੇ ਕੂਲ ਅਤੇ ਹਿਪ-ਹੌਪ ਦੇ ਹੋਰ ਦੰਤਕਥਾਵਾਂ ਦੁਆਰਾ ਹਿੱਪ-ਹੌਪ ਨੂੰ 50ਵੀਂ ਵਰ੍ਹੇਗੰਢ ਦੀ ਸ਼ਰਧਾਂਜਲੀ, 100 ਯੂਕਰੇਨੀ ਡਾਂਸਰ ਆਪਣੇ ਰਵਾਇਤੀ ਹੋਪਾਕ ਦਾ ਪ੍ਰਦਰਸ਼ਨ, ਗ੍ਰੈਮੀ ਅਵਾਰਡ ਜੇਤੂ ਮਿਕੀ ਫ੍ਰੀ ਦੀ ਅਗਵਾਈ ਵਿੱਚ 1000 ਗਿਟਾਰਿਸਟ, ਬੌਬ ਮਾਰਲੇ ਦੇ ਮਹਾਨ ਕਲਾਸਿਕ 'ਵਨ ਲਵ' ਦਾ ਉਸਦੇ ਪੋਤੇ ਸਕਿੱਪ ਮਾਰਲੇ ਦੁਆਰਾ ਮਨੋਰੰਜਨ ਹੋਵੇਗਾ। ਵਰਨਣਯੋਗ ਹੈ ਕਿ ਇਸ ਨੈਸ਼ਨਲ ਮਾਲ ਵਿਖੇ ਮਾਰਟਿਨ ਲੂਥਰ ਕਿੰਗਜ਼ ਨੇ 1963 ਵਿੱਚ ਵਿਸ਼ਵ ਵਿੱਚ ਸਮਾਨਤਾ ਅਤੇ ਏਕਤਾ ਦਾ ਸੰਦੇਸ਼ ਫੈਲਾਉਣ ਲਈ ਮਸ਼ਹੂਰ 'ਆਈ ਹੈਵ ਏ ਡ੍ਰੀਮ' ਭਾਸ਼ਣ ਦਿੱਤਾ ਸੀ। ਇਸ ਤੋਂ ਇੱਕ ਸਦੀ ਪਹਿਲਾਂ, ਸ਼ਿਕਾਗੋ ਵਿੱਚ ਪਹਿਲੀ ਵਿਸ਼ਵ ਧਰਮ ਸੰਸਦ ਵਿੱਚ, ਸਵਾਮੀ ਵਿਵੇਕਾਨੰਦ ਨੇ ਇੱਕ ਇਤਿਹਾਸਿਕ ਭਾਸ਼ਣ ਦਿੱਤਾ ਜਿਨਾਂ ਦੀ ਹਾਜ਼ਰੀ ਨੇ ਹਰ ਕਿਸੇ ਨੂੰ ਆਪਣੇ ਪੈਰਾਂ 'ਤੇ ਲਿਆ ਦਿੱਤਾ।

ਉਹਨਾਂ ਨੇ ਦੁਨੀਆ ਦੇ ਪ੍ਰਮੁੱਖ ਧਰਮਾਂ ਦੇ ਪ੍ਰਤੀਨਿਧਾਂ ਨੂੰ ਆਪਣੇ ਭਰਾਵਾਂ ਅਤੇ ਭੈਣਾਂ ਵਜੋਂ ਸੰਬੋਧਿਤ ਕੀਤਾ, ਅਤੇ ਧਾਰਮਿਕ ਕੱਟੜਤਾ ਅਤੇ ਅਸਹਿਣਸ਼ੀਲਤਾ ਨੂੰ ਖਤਮ ਕਰਨ ਲਈ ਕਿਹਾ। 29 ਸਤੰਬਰ, 2023 ਨੂੰ ਨੈਸ਼ਨਲ ਮਾਲ ਵਿਖੇ ਸ਼੍ਰੀ ਸ਼੍ਰੀ ਰਵੀ ਸ਼ੰਕਰ 'ਇੱਕ ਵਿਸ਼ਵ ਪਰਿਵਾਰ' ਦੇ ਬੈਨਰ ਹੇਠ 180 ਦੇਸ਼ਾਂ ਦੇ ਲੋਕਾਂ ਨੂੰ ਇੱਕਜੁੱਟ ਕਰਕੇ ਸਰਹੱਦਾਂ, ਧਰਮ ਅਤੇ ਨਸਲ ਦੇ ਪਾੜੇ ਨੂੰ ਦੂਰ ਕਰਨ ਦਾ ਸੰਦੇਸ਼ ਦੇਣਗੇ।

ਭੋਜਨ ਦੇ ਬਿਨਾ ਕੁਝ ਵੀ ਇਕਜੁੱਟ ਨਹੀਂ ਹੋ ਸਕਦਾ, ਇਸ ਲਈ ਇਸ ਪ੍ਰੋਗਰਾਮ ਵਿੱਚ ਦੁਨੀਆ ਭਰ ਦੇ ਪਕਵਾਨ ਵੀ ਸ਼ਾਮਲ ਹੋਣਗੇ। ਇਸ ਫੈਸਟੀਵਲ ਦੀ ਵੱਖਰੀ ਗੱਲ ਇਹ ਹੈ ਕਿ ਉਭਰਦੇ ਕਲਾਕਾਰਾਂ ਅਤੇ ਕਲਾਕਾਰਾਂ ਨੂੰ ਉਨ੍ਹਾਂ ਦੀਆਂ ਪ੍ਰਤਿਭਾਵਾਂ ਦਾ ਪ੍ਰਦਰਸ਼ਨ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨਾ ਵੀ ਇਸਦੀ ਵਚਨਬੱਧਤਾ ਹੈ। ਸਮਾਗਮ ਵਿੱਚ ਬੋਲਣ ਵਾਲੇ ਵਿਸ਼ੇਸ਼ ਪਤਵੰਤਿਆਂ ਵਿੱਚ ਐਚ.ਈ. ਬਾਨ ਕੀ-ਮੂਨ, ਸੰਯੁਕਤ ਰਾਸ਼ਟਰ ਦੇ 8ਵੇਂ ਸਕੱਤਰ-ਜਨਰਲ; ਐੱਚ.ਈ. ਐਸ ਜੈਸ਼ੰਕਰ, ਮਾਨਯੋਗ ਭਾਰਤ ਸਰਕਾਰ ਦੇ ਵਿਦੇਸ਼ ਮੰਤਰੀ; ਮਾਨਯੋਗ ਡਾ ਵਿਵੇਕ ਮੂਰਤੀ, ਯੂਐਸ ਸਰਜਨ ਜਨਰਲ; ਮਾਨਯੋਗ ਰਿਕ ਸਕਾਟ, ਅਮਰੀਕੀ ਸੈਨੇਟਰ; ਮਾਨਯੋਗ ਨੈਨਸੀ ਪੇਲੋਸੀ, ਐਚ.ਈ. ਸ਼੍ਰੀ ਰਾਮ ਨਾਥ ਕੋਵਿੰਦ, ਭਾਰਤ ਦੇ ਸਾਬਕਾ ਰਾਸ਼ਟਰਪਤੀ, ਮਾਨਯੋਗ ਕ੍ਰਿਸ਼ਨਾਕੋਮੇਰੀ ਮਾਥੋਰਾ, ਰੱਖਿਆ ਮੰਤਰੀ, ਸੂਰੀਨਾਮ ਅਤੇ ਹੋਰ ਵੀ ਕਈ ਸ਼ਖਸੀਅਤਾਂ ਸ਼ਾਮਲ ਹੋਣਗੀਆਂ।




# ਅਮਰੀਕਾ ਵਿਚ ਕਮਿਸ਼ਨਰ ਦੀ ਚੋਣ ਲੜ ਰਹੇ ਭਾਰਤੀ ਮੂਲ ਦੇ ਵਿਅਕਤੀ ਉਪਰ ਕੀਤੀਆਂ ਨਸਲੀ ਟਿੱਪਣੀਆਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਫੋਰਟ ਬੈਂਡ ਕਾਊਂਟੀ ਕਮਿਸ਼ਨਰ (ਟੈਕਸਾਸ) ਦੀ ਚੋਣ ਲੜੇ ਰਹੇ ਇਕ ਭਾਰਤੀ-ਅਮਰੀਕੀ ਉਮੀਦਵਾਰ ਬਾਰੇ ਭੱਦੀਆਂ ਨਸਲੀ ਟਿੱਪਣੀਆਂ ਕਰਨ ਦੀ ਰਿਪੋਰਟ ਹੈ ਤੇ ਉਸ ਨੂੰ ਵਾਪਿਸ ਆਪਣੇ ਦੇਸ਼ ਚਲੇ ਜਾਣ ਵਰਗੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। 29 ਸਾਲਾ ਨੀਤੀ ਮਾਹਿਰ ਡੈਮੋਕਰੈਟਿਕ ਆਗੂ ਤਾਰਲ ਵੀ ਪਟੇਲ ਨੇ ਕਿਹਾ ਹੈ ਕਿ ਉਸ ਬਾਰੇ ਸੋਸ਼ਲ ਮੀਡੀਆ ਉਪਰ ਨਫਰਤ ਭਰੀਆਂ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ ਜਿਨਾਂ ਵਿਚ ਉਸ ਦੀ ਜਾਤ, ਕੌਮੀਅਤ ਤੇ ਧਾਰਮਿੱਕ ਵਿਸ਼ਵਾਸ਼ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਟੇਲ ਜੋ ਰਿਪਬਲੀਕਨ ਉਮੀਦਵਾਰ ਐਂਡੀ ਮੇਅਰਜ ਵਿਰੁੱਧ ਚੋਣ ਲੜ ਰਿਹਾ ਹੈ, ਨੇ ਕਿਹਾ ਹੈ ਕਿ ਨਫਰਤੀ ਟਿੱਪਣੀਆਂ ਵਿਚ ਉਸ ਤੋਂ ਇਲਾਵਾ ਉਸ ਦੇ ਪਰਿਵਾਰ, ਭਾਈਚਾਰੇ ਤੇ ਦੋਸਤਾਂ ਮਿੱਤਰਾਂ ਨੂੰ ਵੀ ਨਹੀਂ ਬਖਸ਼ਿਆ ਗਿਆ। ਉਨਾਂ ਕਿਹਾ ਕਿ ਮੇਰੇ ਵਿਰੋਧੀ ਆਪਣੀਆਂ ਹੱਦਾਂ ਪਾਰ ਕਰ ਚੁੱਕੇ ਹਨ। ਪਟੇਲ ਦਾ ਪਰਿਵਾਰ 1980 ਵਿਆਂ ਵਿਚ ਭਾਰਤ ਤੋਂ ਅਮਰੀਕਾ ਆਇਆ ਸੀ ਉਹ ਗਰੇਟਰ ਹੋਸਟਨ ਵਿਚ ਵੱਡਾ ਹੋਇਆ ਤੇ ਉਸ ਨੇ ਸਿਨਕੋ ਰੈਂਚ ਹਾਈ ਸਕੂਲ ਤੋਂ ਪੜਾਈ ਕਰਨ ਉਪਰੰਤ 2016 ਵਿਚ ਯੂਨੀਵਰਸਿਟੀ ਆਫ ਟੈਕਸਾਸ, ਆਸਟਿਨ ਵਿਚੋਂ ਗਰੈਜੂਏਸ਼ਨ ਕੀਤੀ। 2021 ਵਿਚ ਰਾਸ਼ਟਰਪਤੀ ਜੋ ਬਾਈਡਨ ਨੇ ਵਾਇਟ ਹਾਊਸ ਵਿਚ ਉਨਾਂ ਦੀ ਨਿਯੁਕਤੀ ਸੰਪਰਕ ਅਧਿਕਾਰੀ ਵਜੋਂ ਕੀਤੀ ਸੀ।






## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

### ਝੂਠ ਬੋਲ ਕੇ ਰਿਵਾਲਵਰ ਲੈਣ ਦਾ ਮਾਮਲਾ

# ਰਾਸ਼ਟਰਪਤੀ ਦੇ ਪੁੱਤਰ ਹੰਟਰ ਬਾਈਡਨ ਵੱਲੋਂ ਦੋਸ਼ਾਂ ਦਾ ਵਿਰੋਧ ਕਰਨ ਦਾ ਫੈਸਲਾ, ਨਹੀਂ ਦਾਇਰ ਕਰੇਗਾ ਦੋਸ਼ੀ ਹੋਣ ਦੀ ਦਰਖਾਸਤ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਦੇ ਪੁੱਤਰ ਹੰਟਰ ਬਾਈਡਨ ਵੱਲੋਂ ਆਪਣੇ ਉਪਰ ਆਇਦ ਹੋਏ ਸੰਘੀ ਗਨ ਦੋਸ਼ਾਂ ਦਾ ਵਿਰੋਧ ਕਰਨ ਦੀ ਖਬਰ ਹੈ ਤੇ ਉਸ ਵੱਲੋਂ ਦੋਸ਼ ਮੰਨਣ ਸਬੰਧੀ ਦਰਖਾਸਤ ਦਾਇਰ ਕਰਨ ਦੀ ਯੋਜਨਾ ਨਹੀਂ ਹੈ। ਹੰਟਰ ਬਾਈਡਨ ਨੇ ਆਪਣੀ ਮੁੱਢਲੀ ਸੁਣਵਾਈ ਵੀਡੀਓ ਕਾਨਫਰੰਸ ਰਾਹੀਂ ਕਰਨ ਦੀ ਬੇਨਤੀ ਕੀਤੀ ਹੈ ਤਾਂ ਜੋ ਉਸ ਨੂੰ ਸੁਣਵਾਈ ਲਈ ਵਿਲਮਿੰਗਟਨ, ਡੇਲਾਵੇਅਰ ਨਾ ਆਉਣਾ ਪਵੇ। ਇਸ ਬੇਨਤੀ ਦਾ ਸਰਕਾਰ ਨੇ ਵਿਰੋਧ ਕੀਤਾ ਹੈ। ਯੂ ਐਸ ਮਜਿਸਟ੍ਰੇਟ ਜੱਜ ਕ੍ਰਿਸਟੋਫਰ ਬੂਰਕ ਨੇ ਦੋਨਾਂ ਧਿਰਾਂ ਨੂੰ ਵੀਡੀਓ ਸੁਣਵਾਈ ਬਾਰੇ ਲਿਖਤੀ ਪੱਖ ਰਖਣ ਲਈ ਕਿਹਾ ਹੈ। ਮੁੱਢਲੀ ਸੁਣਵਾਈ ਲਈ ਅਜੇ ਤਰੀਕ ਨਿਸ਼ਚਤ ਨਹੀਂ ਹੋਈ ਹੈ।

ਇਸੇ ਦੌਰਾਨ ਰਿਪਬਲੀਕਨ ਸੰਸਦ ਮੈਂਬਰਾਂ ਨੇ ਹੰਟਰ ਬਾਈਡਨ ਵਿਰੁੱਧ ਦੋਸ਼ ਲਾਉਣ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਹੰਟਰ ਵਿਰੁੱਧ ਜਾਂਚ ਇਕ 'ਪੱਖਪਾਤੀ ਸੌਦਾ' ਹੈ ਕਿਉਂਕਿ ਉਸ ਦਾ ਪਿਤਾ ਰਾਸ਼ਟਰਪਤੀ ਹੈ। ਬਾਈਡਨ ਹੰਟਰ ਦੇ ਵਕੀਲ ਅਬੇ ਲੋਵੈਲ ਨੇ ਦਲੀਲ ਦਿੱਤੀ ਹੈ ਕਿ ਇਕ ਸੰਖੇਪ ਸੁਣਵਾਈ ਲਈ ਉਸ ਨੂੰ ਲਾਸ ਏਂਜਲਸ ਤੋਂ ਆਉਣਾ ਪਵੇਗਾ ਜਿਸ ਕਾਰਨ ਉਸ ਉਪਰ ਬੇਲੋੜਾ ਬੋਝ ਪਵੇਗਾ। ਲੋਵੈਲ ਨੇ ਕਿਹਾ ਹੈ ਕਿ ਬਾਈਡਨ ਦੋਸ਼ਾਂ ਦਾ ਵਿਰੋਧ ਕਰੇਗਾ ਤੇ ਉਹ ਦੋਸ਼ੀ ਨਹੀਂ ਹੋਣ ਦੀ ਅਪੀਲ ਦਾਇਰ ਕਰੇਗਾ। ਉਨਾਂ ਕਿਹਾ ਕਿ ਇਸ ਦਾ ਕੋਈ ਕਾਰਨ ਨਹੀਂ ਹੈ ਕਿ ਉਹ ਦੋ ਸ਼ਬਦ ਵੀਡੀਓ ਕਾਨਫਰੰਸ ਰਾਹੀਂ ਬੋਲ ਨਹੀਂ ਸਕਦਾ। ਉਹ ਆਪਣਾ ਪੱਖ ਵੀਡੀਓ ਕਾਨਫਰੰਸ ਰਾਹੀਂ ਰਖ ਸਕਦਾ ਹੈ। ਬਾਈਡਨ ਹੰਟਰ ਵਿਰੁੱਧ ਲਾਏ ਦੋਸ਼ਾਂ ਵਿਚ ਕਿਹਾ ਗਿਆ ਹੈ ਕਿ ਉਸ ਨੇ 12 ਅਕਤੂਬਰ 2018 ਨੂੰ ਰਿਵਾਲਰ ਲੈਣ ਸਮੇ ਹਥਿਆਰਾਂ ਦੇ ਡੀਲਰ ਕੋਲ ਝੂਠ ਬੋਲਿਆ ਸੀ ਕਿ ਉਹ ਡੱਰਗ ਨਹੀਂ ਲੈਂਦਾ ਹੈ। ਉਸ ਨੇ ਇਹ ਜਾਣਦਿਆਂ ਹੋਇਆਂ ਕਿ ਡਰੱਗ ਲੈਣ ਵਾਲਿਆਂ 'ਤੇ ਹਥਿਆਰ ਰਖਣ ਦੀ ਪਾਬੰਦੀ ਹੈ, ਦੇ ਬਾਵਜੂਦ ਆਪਣੇ ਕੋਲ ਰਿਵਾਲਵਰ ਰੱਖਿਆ।

# ਡੇਢ ਸੌ ਫੁੱਟ ਉਚੀ ਚਟਾਨ ਤੋਂ ਡਿੱਗ ਕੇ ਔਰਤ ਦੀ ਹੋਈ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਉੱਤਰੀ ਕੈਰੋਲੀਨਾ ਰਾਜ ਵਿਚ ਬਲਿਊ ਰਿਜ਼ ਪਾਰਕਵੇਅ ਉਪਰ ਇਕ ਉੱਚੀ ਚਟਾਨ ਤੋਂ ਡਿੱਗ ਕੇ ਇਕ 61 ਸਾਲਾ ਸੈਲਾਨੀ ਔਰਤ ਦੀ ਮੌਤ ਹੋ ਜਾਣ ਦੀ ਰਿਪੋਰਟ ਹੈ। ਇਹ ਉਹ



ਜਗਾ ਹੈ ਜਿਥੇ ਸੈਲਾਨੀ ਨਾਲ ਲੱਗਦੇ ਗਲਾਸ ਮਾਈਨ ਵਾਟਰਫਾਲ ਦਾ ਨਜ਼ਾਰਾ ਵੇਖਣ ਜਾਂਦੇ ਹਨ। ਨੈਸ਼ਨਲ ਪਾਰਕ ਸਰਵਿਸ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਸੂਚਨਾ ਮਿਲਣ ਉਪਰੰਤ ਬਚਾਅ ਟੀਮ ਨੇ ਇਕ ਮੋਟੇ ਅੰਦਾਜੇ ਅਨੁਸਾਰ ਚਟਾਨ ਤੋਂ 150 ਫੁੱਟ ਹੇਠਾਂ ਔਰਤ ਦੀ ਮ੍ਰਿਤਕ ਦੇਹ ਨੂੰ ਬਰਾਮਦ ਕਰ ਲਿਆ। ਮ੍ਰਿਤਕ ਔਰਤ ਦੀ ਪਛਾਣ ਨੈਨਸੀ ਸੈਂਪਸਨ ਵਜੋਂ ਹੋਈ ਹੈ ਜੋ ਗਰੀਰ, ਦੱਖਣੀ ਕੈਰੋਲੀਨਾ ਦੀ ਵਸਨੀਕ ਹੈ। ਰੀਮਸ ਕਰੀਕ ਫਾਇਰ ਵਿਭਾਗ ਅਨੁਸਾਰ ਔਰਤ ਦੀ ਮੌਤ ਉਸ ਦੇ ਜ਼ਖਮਾਂ ਕਾਰਨ ਹੋਈ ਹੈ ਤੇ ਜਿਸ ਸਮੇ ਉਹ ਪਹਾੜੀ ਉਪਰੋਂ ਡਿੱਗੀ ਉਸ ਦੇ ਨਾਲ ਪਰਿਵਾਰ ਦਾ ਇਕ ਹੋਰ ਮੈਂਬਰ ਵੀ ਮੌਜੂਦ ਸੀ ਜੋ ਔਰਤ ਦੇ ਹੇਠਾਂ ਡਿੱਗਣ ਉਪਰੰਤ ਬੁਰੀ ਤਰਾਂ ਘਬਰਾ ਗਿਆ।

# ਟੈਕਸਾਸ ਦੀ ਜੇਲ ਵਿਚ ਬਿਨਾਂ ਪੈਰੋਲ ਉਮਰ ਕੈਦ ਕੱਟ ਰਹੇ ਕੈਦੀ ਦੀ ਸਾਥੀ ਕੈਦੀ ਵੱਲੋਂ ਹੱਤਿਆ

**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਟੈਕਸਾਸ ਰਾਜ ਦੀ ਇਕ ਜੇਲ ਵਿਚ ਦੋ ਕਤਲਾਂ ਦੇ ਮਾਮਲੇ ਵਿਚ ਬਿਨਾਂ ਪੈਰੋਲ ਉਮਰ ਭਰ ਲਈ ਜੇਲ ਵਿਚ ਬੰਦ ਕੈਦੀ ਦੀ ਉਸ ਦੇ ਸਾਥੀ ਕੈਦੀ ਵੱਲੋਂ ਹੱਤਿਆ ਕਰ ਦੇਣ ਦੀ ਖਬਰ ਹੈ। ਕੈਦੀ ਉਪਰ 20 ਤੋਂ ਵਧ ਹੋਰ ਬਿਰਧ ਔਰਤਾਂ ਦੀਆਂ ਹੱਤਿਆਵਾਂ ਕਰਨ ਦੇ ਵੀ ਦੋਸ਼ ਸਨ। ਫੌਜਦਾਰੀ ਨਿਆਂ ਬਾਰੇ ਟੈਕਸਾਸ ਵਿਭਾਗ ਦੇ ਬੁਲਾਰੇ ਅਮਾਂਡਾ ਹਰਨਾਂਡੇਜ਼ ਅਨੁਸਾਰ 50 ਸਾਲਾ ਬਿਲੀ ਕੈਮਿਰਮੀਰ ਆਪਣੇ ਸੈੱਲ ਵਿਚ ਮ੍ਰਿਤਕ ਪਾਇਆ ਗਿਆ। ਬੁਲਾਰੇ ਅਨੁਸਾਰ ਸਾਥੀ ਕੈਦੀ ਵੀ ਉਮਰ ਭਰ ਲਈ ਜੇਲ ਦੀ ਸਜ਼ਾ ਕਟ ਰਿਹਾ ਹੈ। ਬੁਲਾਰੇ ਨੇ ਨਾ ਹੀ ਸਾਥੀ ਕੈਦੀ ਦਾ ਨਾਂ ਜਾਰੀ ਕੀਤਾ ਹੈ ਤੇ ਨਾ ਹੀ ਮਾਰੇ ਗਏ ਕੈਦੀ ਦੀ ਮੌਤ ਦਾ ਕਾਰਨ ਦਸਿਆ ਹੈ। ਬਿਲੀ ਕੈਮਿਰਮੀਰ 80 ਸਾਲਾ ਲੂ ਥੀ ਹੈਰਿਸ ਤੇ 87 ਸਾਲਾ ਮੈਰੀ ਬਰੁੱਕਸ ਦੀਆਂ ਹੱਤਿਆਵਾਂ ਦੇ ਦੋਸ਼ਾਂ ਤਹਿਤ ਹੋਈ ਉਮਰ ਭਰ ਲਈ ਜੇਲ ਦੀ ਸਜ਼ਾ ਕਟ ਰਿਹਾ ਸੀ।

# ਅਮਰੀਕਾ ਵਿਚ ਸਟਾਫ ਨੇ ਗਲਤੀ ਨਾਲ ਹੱਤਿਆ ਦੇ ਮਾਮਲੇ ਵਿੱਚ ਹਿਰਾਸਤ ਵਿਚ ਲਏ ਸ਼ੱਕੀ ਦੋਸ਼ੀ ਨੂੰ ਛੱਡਿਆ



**ਸੈਕਰਾਮੈਂਟੋ, ਕੈਲੀਫੋਰਨੀਆ-** ਅਮਰੀਕਾ ਦੇ ਇੰਡਿਆਨਾ ਰਾਜ ਦੇ ਇੰਡਿਆਨਾ-ਪੋਲਿਸ ਸ਼ਹਿਰ ਦੇ ਇਕ ਨਜਰਬੰਦੀ ਕੇਂਦਰ ਵਿਚੋਂ ਹੱਤਿਆ ਦੇ ਮਾਮਲੇ ਦੇ ਸ਼ੱਕੀ ਦੋਸ਼ੀ ਨੂੰ ਸਟਾਫ ਵੱਲੋਂ ਗਲਤੀ ਨਾਲ ਛੱਡ ਦੇਣ ਦੀ ਖਬਰ ਹੈ ਜਿਸ ਨੂੰ ਮੁੜ ਕਾਬੂ ਕਰਨ ਲਈ ਪੁਲਿਸ ਨੇ ਆਮ ਲੋਕਾਂ ਕੋਲੋਂ ਸਹਿਯੋਗ ਦੀ ਮੰਗ ਕੀਤੀ ਹੈ। ਇਹ ਜਾਣਕਾਰੀ ਮਾਰੀਅਨ ਕਾਊਂਟੀ ਸ਼ੈਰਿਫ ਦਫਤਰ ਨੇ ਜਾਰੀ ਇਕ ਬਿਆਨ ਵਿਚ ਦਿੰਦਿਆਂ ਕਿਹਾ ਹੈ ਕਿ ਪਿਛਲੇ ਹਫਤੇ ਸ਼ੱਕੀ ਦੋਸ਼ੀ 28 ਸਾਲਾ ਕੈਵਿਨ ਮੈਸਨ ਨੂੰ ਇਕ 'ਅਡਲਟ ਡਿਟੈਂਨਸ਼ਨ ਸੈਂਟਰ' ਵਿਚੋਂ ਸਟਾਫ ਵੱਲੋਂ ਰਿਕਾਰਡ ਛਾਣਬੀਣ ਵਿੱਚ ਹੋਈ ਗਲਤੀ ਕਾਰਨ ਰਿਹਾਅ ਕਰ ਦਿੱਤਾ ਜਿਸ ਦੀ ਭਾਲ ਕੀਤੀ ਜਾ ਰਹੀ ਹੈ। ਸੈਰਿਫ ਕਰਨਲ ਜੇਮਸ ਮਾਰਟਿਨ ਨੇ ਕਿਹਾ ਕਿ ਇਹ ਅਜੇ ਅਸਪੱਸ਼ਟ ਹੈ ਕਿ ਮੈਸਨ ਕਾਊਂਟੀ ਵਿਚ ਹੀ ਹੈ ਜਾਂ ਬਾਹਰ ਕਿਤੇ ਭੱਜ ਗਿਆ ਹੈ। ਉਨਾਂ ਕਿਹਾ ਕਿ ਮੈਸਨ ਨੂੰ ਮਿਨਿਆਪੋਲਿਸ ਵਿੱਚ 2021 ਵਿਚ ਹੋਈ ਗੋਲੀਬਾਰੀ ਵਿੱਚ ਹੋਈ ਹੱਤਿਆ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਵਜੋਂ ਜਾਰੀ ਵਾਰੰਟ ਤਹਿਤ 11 ਸਤੰਬਰ ਨੂੰ ਹਿਰਾਸਤ ਵਿਚ ਲਿਆ ਗਿਆ ਸੀ। ਉਸ ਵਿਰੁੱਧ ਦੋ ਹੋਰ ਵਾਰੰਟ ਵੀ ਜਾਰੀ ਹੋਏ ਹਨ ਜਿਨਾਂ ਵਿਚ ਪੈਰੋਲ ਦੀ ਉਲੰਘਣਾ ਤੇ ਹਥਿਆਰ ਰਖਣ ਦੇ ਮਾਮਲੇ ਸ਼ਾਮਿਲ ਹਨ। ਮਾਰਟਿਨ ਅਨੁਸਾਰ ਮੈਸਨ ਦੀ ਰਿਹਾਈ ਵਿਚ ਸ਼ਾਮਿਲ ਦੋ ਰਿਕਾਰਡ ਕਲਰਕਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ ਤੇ ਇਸ ਮਾਮਲੇ ਦੀ ਵਿਭਾਗ ਵੱਲੋਂ ਆਪਣੇ ਤੌਰ 'ਤੇ ਜਾਂਚ ਕੀਤੀ ਜਾਵੇਗੀ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call :
Dharminder
Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

ਦੇਸ਼ ਦੁਆਬਾ

## ਕਿਰਤੀਆਂ ਬਾਰੇ ਕਾਨੂੰਨ

ਭਾਰਤ ਦੇ ਕਈ ਰਾਜਾਂ ਵਿਚ ਕਿਰਤੀਆਂ ਦੀ ਉਜ਼ਰਤ ਬਾਰੇ ਕਾਨੂੰਨਾਂ ਨੂੰ ਲੈ ਕੇ ਕਾਫੀ ਚਰਚਾ ਚੱਲ ਰਹੀ ਹੈ। ਇਹ ਚਰਚਾ ਹੋਣੀ ਵੀ ਚਾਹੀਦੀ ਹੈ ਕਿਉਂਕਿ ਭਾਰਤ ਵਿਚ ਕਈ ਰਾਜ ਸਰਕਾਰਾਂ ਆਪੋ-ਆਪਣੇ ਹਿਸਾਬ ਨਾਲ ਕਿਰਤ ਕਾਨੂੰਨਾਂ ਦੀ ਵਿਆਖਿਆ ਅਤੇ ਲਾਗੂ ਕਰਨ ਦੀ ਵਿਧੀ ਦੀ ਵਰਤੋਂ ਕਰਦੀਆਂ ਹਨ। ਸੰਨ 2005 ਵਿਚ ਭਾਰਤ ਸਰਕਾਰ ਨੇ ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇੰਪਲਾਇਮੈਂਟ ਗਰੰਟੀ ਐਕਟ (ਨਰੇਗਾ) ਇਸੇ ਮਕਸਦ ਨਾਲ ਪਾਸ ਕੀਤਾ ਸੀ। ਇਹ ਕਾਨੂੰਨ, ਇਸ ਐਕਟ ਤਹਿਤ ਉਨ੍ਹਾਂ ਰਜਿਸਟਰਡ ਬਾਲਗ ਕਾਮਿਆਂ ਨੂੰ ਇਕ ਵਿੱਤੀ ਵਰ੍ਹੇ ਵਿਚ ਘੱਟੋ-ਘੱਟ 100 ਦਿਨ ਦੀ ਤਨਖ਼ਾਹ ਦੇਣ ਦੀ ਗਾਰੰਟੀ ਦਿੰਦਾ ਹੈ ਜਿਹੜਾ ਅਣ-ਸਿੱਖਿਅਤ ਕੰਮ ਦੀ ਮੰਗ ਕਰਦਾ ਹੈ। ਸੰਨ 2016-17 ਵਿਚ ਲੇਬਰ ਅਤੇ ਰੁਜ਼ਗਾਰ ਮੰਤਰਾਲੇ ਦੁਆਰਾ ਪ੍ਰਧਾਨ ਮੰਤਰੀ ਰੁਜ਼ਗਾਰ ਪ੍ਰੋਤਸਾਹਨ ਯੋਜਨਾ ਲਿਆਂਦੀ ਗਈ। ਇਸ ਯੋਜਨਾ ਮੁਤਾਬਕ ਇਕ ਅਪ੍ਰੈਲ 2018 ਤੋਂ ਰੁਜ਼ਗਾਰਦਾਤਾ ਦੁਆਰਾ ਈਪੀਐਸ ਜਾਂ ਈਪੀਐਫ ਵਿਚ ਪਾਇਆ ਜਾਣ ਵਾਲਾ ਪੂਰੇ ਦਾ ਪੂਰਾ 12% ਹਿੱਸਾ ਤਿੰਨ ਸਾਲ ਤੱਕ ਸਰਕਾਰ ਦੁਆਰਾ ਦਿੱਤਾ ਜਾਂਦਾ ਹੈ। ਇਹ ਸਕੀਮ ਤਿੰਨੋ ਵਰਗਾਂ ਯਾਨੀ ਕਿ ਸਨਅਤ, ਸੇਵਾਵਾਂ ਅਤੇ ਵਪਾਰ ਵਿਚ ਨਵੇਂ ਮੁਲਾਜ਼ਮਾਂ ਲਈ ਲਾਗੂ ਹੈ। ਪੰਜ ਦਸੰਬਰ 2018 ਤੱਕ 114145 ਅਦਾਰਿਆਂ ਦੇ 9185937 ਲਾਭਪਾਤਰੀਆਂ ਨੂੰ ਪ੍ਰਧਾਨ ਮੰਤਰੀ ਰੁਜ਼ਗਾਰ ਪ੍ਰੋਤਸਾਹਨ ਯੋਜਨਾ ਤਹਿਤ ਕਵਰ ਕੀਤਾ ਗਿਆ ਹੈ ਅਤੇ 2870.72 ਕਰੋੜ ਰੁਪਏ ਦਾ ਭੁਗਤਾਨ ਕੀਤਾ ਗਿਆ ਹੈ। ਨੈਸ਼ਨਲ ਕਰੀਅਰ ਸੇਵਾ ਅਤੇ ਸਕਿੱਲ ਵਿਕਾਸ ਪ੍ਰੋਗਰਾਮ ਰੁਜ਼ਗਾਰ ਉਤਪਤੀ ਦੇ ਨਜ਼ਰੀਏ ਨਾਲ ਹੀ ਲਿਆਂਦੇ ਗਏ ਹਨ। ਸਕਿੱਲ ਡਿਵੈਲਪਮੈਂਟ ਪ੍ਰੋਗਰਾਮ 22 ਮੰਤਰਾਲਿਆਂ ਦੁਆਰਾ ਚਲਾਇਆ ਜਾ ਰਿਹਾ ਹੈ। ਬੇਰੁਜ਼ਗਾਰਾਂ ਨੂੰ ਆਪਣੇ ਪੈਰਾਂ ਉੱਪਰ ਖੜ੍ਹੇ ਕਰਨ ਦੇ ਮਕਸਦ ਨਾਲ ਪ੍ਰਧਾਨ ਮੰਤਰੀ ਰੁਜ਼ਗਾਰ ਯੋਜਨਾ ਅਤੇ ਮੁਦਰਾ ਲੋਨ ਵਰਗੇ ਸਕਿਉਰਿਟੀ ਗਾਰੰਟੀ ਰਹਿਤ ਕਰਜ਼ਿਆਂ ਦੀ ਵਿਵਸਥਾ ਹੈ। ਪਿਛਲੇ 8 ਸਾਲਾਂ ਵਿਚ 40.82 ਕਰੋੜ ਲੋਕਾਂ ਨੇ ਮੁਦਰਾ ਸਕੀਮ ਤਹਿਤ ਕਰਜ਼ਿਆਂ ਦਾ ਫ਼ਾਇਦਾ ਉਠਾਇਆ ਹੈ ਪਰ ਸਿਤਮ ਇਹ ਹੈ ਕਿ ਮਜ਼ਦੂਰਾਂ ਲਈ ਢੇਰ ਸਰੀਆਂ ਸਕੀਮਾਂ ਹੋਣ ਦੇ ਬਾਵਜੂਦ ਮਜ਼ਦੂਰ ਵਿਹਲਾ ਦੇਖਿਆ ਜਾ ਸਕਦਾ ਹੈ। ਹੁਣ ਗੱਲ ਕੀਤੀ ਜਾਵੇ ਮਜ਼ਦੂਰਾਂ ਨੂੰ ਮਿਲਣ ਵਾਲੀ ਉਜਰਤ ਸਬੰਧੀ ਕਾਨੂੰਨਾਂ ਦੀ। ਘੱਟੋ-ਘੱਟ ਉਜਰਤਾਂ ਵਿਚ ਖੇਤਰੀ ਵਖਰੇਵੇਂ ਵੀ ਦੇਖਣ ਨੂੰ ਮਿਲਦੇ ਹਨ ਜਿਵੇਂ ਕਿ ਬਿਹਾਰ ਵਿਚ ਇਹ 160 ਰੁਪਏ ਅਤੇ ਦਿੱਲੀ ਵਿਚ 423 ਰੁਪਏ ਪ੍ਰਤੀ ਦਿਨ ਹੈ। ਫੈਕਟਰੀ ਐਕਟ 1948 ਅਨੁਸਾਰ ਮਜ਼ਦੂਰਾਂ ਲਈ ਕੰਮ ਦੇ ਘੰਟੇ ਵੀ ਨਿਸ਼ਚਤ ਕੀਤੇ ਗਏ ਹਨ। ਇਸ ਕਾਨੂੰਨ ਮੁਤਾਬਕ ਹਰ ਉਹ ਬਾਲਗ ਜਿਸ ਨੇ 18 ਸਾਲ ਦੀ ਉਮਰ ਪੂਰੀ ਕਰ ਲਈ ਹੈ, ਤੋਂ ਇਕ ਹਫ਼ਤੇ ਵਿਚ 48 ਘੰਟਿਆਂ ਤੋਂ ਵੱਧ ਸਮੇਂ ਲਈ ਕੰਮ ਨਹੀਂ ਕਰਵਾਇਆ ਜਾ ਸਕਦਾ ਅਤੇ ਪ੍ਰਤੀ ਦਿਨ 9 ਘੰਟਿਆਂ ਦੀ ਸਮਾ-ਸੀਮਾ ਨਿਸ਼ਚਤ ਕੀਤੀ ਗਈ ਹੈ । ਨਵੇਂ ਲੇਬਰ ਕੋਡ ਅਨੁਸਾਰ ਹਫ਼ਤਾਵਾਰ ਘੰਟਿਆਂ ਨੂੰ 48 ਹੀ ਰੱਖਿਆ ਗਿਆ ਹੈ ਪਰ ਹਫ਼ਤਾ ਚਾਰ ਦਿਨਾਂ ਤੱਕ ਅਤੇ ਪ੍ਰਤੀ ਦਿਨ 12 ਘੰਟਿਆਂ ਤੱਕ ਲਿਆਂਦਾ ਗਿਆ ਹੈ ਯਾਨੀ ਕਿ ਹੁਣ ਕਾਮੇ ਕੋਲੋਂ 12 ਘੰਟੇ ਪ੍ਰਤੀ ਦਿਨ ਕੰਮ ਕਰਵਾਇਆ ਜਾ ਸਕੇਗਾ। ਕਾਰਖਾਨਿਆਂ ’ਚ ਕੰਮ ਕਰਦੇ ਸਮੇਂ ਜੇ ਕਿਸੇ ਕਿਰਤੀ ਨਾਲ ਅਣਹੋਣੀ ਵਾਪਰ ਜਾਂਦੀ ਹੈ ਤੇ ਉਸ ਦੀ ਮੌਤ ਹੋ ਜਾਂਦੀ ਹੈ ਜਾਂ ਉਹ ਪੂਰਨ ਰੂਪ ਜਾਂ ਅੰਸ਼ਿਕ ਰੂਪ ’ਚ ਨਕਾਰਾ ਹੋ ਜਾਂਦਾ ਹੈ ਤਾਂ ਉਸ ਦੀ ਭਰਪਾਈ ਲਈ ਵੀ ਬਹੁਤ ਸਾਰੇ ਕਾਨੂੰਨ ਹਨ। ਕਿਰਤ ਤਾਂ ਕਿਰਤ ਹੈ, ਚਾਹੇ ਉਹ ਬਿਹਾਰ ਵਿਚ ਕੀਤੀ ਜਾਵੇ, ਜਾਂ ਪੰਜਾਬ ਵਿਚ। ਇਸ ਕਰਕੇ ਵਨ ਨੇਸ਼ਨ ਵਨ ਲੇਬਰ ਲਾਅ ਜੋ ਕਿ ਪਹਿਲਾਂ ਹੀ ਲਾਗੂ ਹੈ ਪਰ ਇਸ ਵਿਚ ਦਿੱਤੀਆਂ ਛੋਟਾਂ ਨੂੰ ਹੁਣ ਖਤਮ ਕਰਕੇ ਸਾਰੇ ਮੁਲਕ ਵਿਚ ਇਕੋ ਕਿਸਮ ਦੇ ਕਿਰਤ ਕਾਨੂੰਨ ਲਾਗੂ ਕਰਨਾ ਜ਼ਰੂਰੀ ਹੋ ਗਿਆ ਹੈ।

### ਔਰਤਾਂ ਲਈ ਰਾਖਵਾਂਕਰਨ

# ਊਠ ਦਾ ਬੁੱਲ੍ਹ ਆਖ਼ਿਰ ਕਦੋਂ ਡਿਗੇਗਾ?



ਗੁਰਮੀਤ ਪਲਾਹੀ
91-98158-02070

ਔਰਤਾਂ ਲਈ ਦੇਸ਼ ਦੀ ਲੋਕ ਸਭਾ ਅਤੇ ਦੇਸ਼ ਦੀਆਂ ਵਿਧਾਨ ਸਭਾਵਾਂ ਵਿੱਚ ਰਾਖਵੇਂਕਰਨ ਉਤੇ ਪਹਿਲੀ ਵੇਰ 30 ਵਰ੍ਹੇ ਪਹਿਲਾਂ ਵਿਚਾਰ ਚਰਚਾ ਸ਼ੁਰੂ ਹੋਈ, ਪਰ ਰਾਖਵੇਂਕਰਨ ਦਾ ਵਿਚਾਰ ਹਾਲੀ ਤੱਕ ਵੀ ਵਿਚਾਰ ਬਣਿਆ ਹੀ ਨਜ਼ਰ ਆਉਂਦਾ ਹੈ, ਹਾਲਾਂਕਿ ਰਾਖਵੇਂਕਰਨ ਸਬੰਧੀ ਬਿੱਲ ਲੋਕ ਸਭਾ, ਰਾਜ ਸਭਾ ਵਿੱਚ ਪਾਸ ਵੀ ਕਰ ਦਿੱਤਾ ਗਿਆ ਹੈ।

ਕੀ ਇਹ ਕਾਨੂੰਨ 2024 ਦੀਆਂ ਚੋਣ 'ਚ ਲਾਗੂ ਹੋ ਜਾਏਗਾ? ਸਪਸ਼ਟ ਉੱਤਰ ਹੈ, "ਨਹੀਂ"। ਸਿਆਸੀ ਮਾਹਿਰਾਂ ਅਨੁਸਾਰ ਸ਼ਾਇਦ ਇਹ 2029 ਦੀਆਂ ਚੋਣਾਂ ਵੇਲੇ ਵੀ ਲਾਗੂ ਨਾ ਹੋ ਸਕੇ। ਤਾਂ ਫਿਰ ਆਖ਼ਿਰ ਲੋਕ ਸਭਾ ਦਾ ਵਿਸ਼ੇਸ਼ ਇਜਲਾਸ ਸੱਦਕੇ ਇਹ ਕਾਨੂੰਨ ਬਨਾਉਣ ਦੀ ਐਡੀ ਕਾਹਲੀ ਕਿਉਂ ਕੀਤੀ ਗਈ?

ਕੀ ਇਹ ਸਿਰਫ਼ ਤੇ ਸਿਰਫ਼ 2024 'ਚ ਭਾਜਪਾ ਵਲੋਂ ਚੋਣ ਜਿੱਤਣ ਲਈ ਔਰਤਾਂ ਦੀ ਹਮਾਇਤ ਪ੍ਰਾਪਤ ਕਰਨ ਲਈ ਇੱਕ ਜੁਮਲਾ ਤਾਂ ਨਹੀਂ? ਜਿਵੇਂ ਕਿ ਬਹੁਤੇ ਸਿਆਣੇ ਲੋਕਾਂ ਦਾ ਵਿਚਾਰ ਹੈ। ਤਾਂ ਉਤਰ ਮਿਲਣਾ ਚਾਹੀਦਾ ਹੈ, "ਹਾਂ ਇਹ ਸੱਚ ਹੈ"।

ਜੋ ਐਕਟ ਔਰਤਾਂ ਦੇ ਰਾਖਵੇਂਕਰਨ ਦਾ ਦੋਵਾਂ ਸਦਨਾਂ 'ਚ ਪਾਸ ਹੋਇਆ ਹੈ, ਉਹ ਸੰਵਿਧਾਨ ਵਿੱਚ 128 ਵੀਂ ਸੋਧ ਹੈ ਅਤੇ ਉਸ ਵਿਚ ਇਕ ਧਾਰਾ 334 ਏ ਜੋੜੀ ਗਈ ਹੈ, ਜਿਸ ਅਨੁਸਾਰ ਹੁਣ ਤੋਂ ਬਾਅਦ ਕੀਤੀ ਜਾਣ ਵਾਲੀ ਮਰਦਮਸ਼ੁਮਾਰੀ ਅਤੇ ਇਸਦੇ ਛਾਪੇ ਜਾਣ ਵਾਲੇ ਅੰਕੜਿਆਂ ਤੋਂ ਬਾਅਦ ਇਹ ਐਕਟ ਲਾਗੂ ਹੋਏਗਾ।

ਮਰਦਮਸ਼ੁਮਾਰੀ 2021 ਵਿੱਚ ਹੋਣੀ ਸੀ, ਉਹ ਕਰੋਨਾ ਆਫ਼ਤ ਕਾਰਨ ਹੋ ਨਹੀਂ ਸਕੀ। ਹੁਣ ਇਹ 2026 'ਚ ਕਰਾਉਣ ਦੀ ਸਰਕਾਰ ਦੀ ਕੱਚੀ-ਪੱਕੀ ਯੋਜਨਾ ਹੈ। ਇਸ ਤੋਂ ਬਾਅਦ ਦੋ ਸਾਲਾਂ 'ਚ ਅੰਕੜੇ ਤਿਆਰ ਹੋਣਗੇ, ਫਿਰ ਅੰਕੜੇ ਪ੍ਰਕਾਸ਼ਤ ਹੋਣਗੇ। ਭਾਵ 2029 ਚੋਣ ਤੋਂ ਪਹਿਲਾਂ ਮਸਾਂ ਹੀ ਇਹ ਬਿੱਲ ਪ੍ਰਭਾਵੀ ਹੋਏਗਾ, ਜੇਕਰ ਇਸ ਵਿੱਚ ਹੋਰ ਕੋਈ ਵਿਘਨ ਨਾ ਪਿਆ ।



ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਜੇਕਰ ਸਰਕਾਰ ਸਚਮੁੱਚ ਇਹ ਰਾਖਵਾਂਕਰਨ ਲਾਗੂ ਕਰਨਾ ਚਾਹੁੰਦੀ ਹੈ ਤਾਂ ਹੁਣੇ ਹੀ ਇਸ ਨੂੰ ਲਾਗੂ ਕਰਨ ਵਿੱਚ ਦਿੱਕਤ ਕੀ ਹੈ? ਪਹਿਲਾਂ ਹੀ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ 'ਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਲਾਗੂ ਹੈ। ਇਸ ਸਬੰਧੀ ਵੋਟਰ ਸੂਚੀਆਂ ਤੇ ਰਾਖਵਾਂਕਰਨ ਸੂਚੀਆਂ ਬਣੀਆਂ ਹੋਈਆਂ ਹਨ, ਫਿਰ ਔਰਤਾਂ ਦੇ ਲੋਕ ਸਭਾ ਤੇ ਵਿਧਾਨ ਸਭਾਵਾਂ 'ਚ 33 ਫੀਸਦੀ ਰਾਖਵਾਂਕਰਨ ਲਾਗੂ ਕਰਕੇ ਹੁਣੇ ਤੋਂ 2024 ਲੋਕ ਸਭਾ ਚੋਣਾਂ ਇਸੇ ਅਨੁਸਾਰ ਸੀਟਾਂ ਰਾਖਵੀਆਂ ਕਰਕੇ ਚੋਣ ਕਰਾਉਣ 'ਚ ਕੀ ਰੁਕਾਵਟ ਤਾਂ ਨਹੀਂ ਆਉਣੀ ਚਾਹੀਦੀ।

ਲੋਕ ਸਭਾ, ਵਿਧਾਨ ਸਭਾਵਾਂ 'ਚ ਔਰਤਾਂ ਲਈ ਰਾਖਵੇਂਕਰਨ ਲਈ ਕੀਤੇ ਯਤਨਾਂ ਦਾ ਇਤਿਹਾਸ ਵੇਖੋ, ਜਿਹੜਾ ਸਿਆਸੀ ਲੋਕਾਂ ਦੇ ਦੋਹਰੇ ਮਾਪਦੰਡ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ।

12 ਦਸੰਬਰ 1996 ਨੂੰ ਪ੍ਰਧਾਨ ਮੰਤਰੀ ਦੇਵਗੌੜਾ ਸਰਕਾਰ ਵੇਲੇ ਸੰਸਦ 'ਚ 81 ਵੀਂ ਸੋਧ ਪੇਸ਼ ਕੀਤੀ ਗਈ, ਜਿਸ 'ਚ ਔਰਤਾਂ ਲਈ ਇੱਕ ਤਿਹਾਈ ਸੀਟਾਂ ਰਾਖਵੀਂਆਂ ਕਰਨ ਲਈ ਬਿੱਲ ਪੇਸ਼ ਹੋਇਆ। ਫਿਰ 9 ਮਾਰਚ 2010 ਨੂੰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 108 ਵੀਂ ਸੋਧ ਰਾਜ ਸਭਾ 'ਚ ਪੇਸ਼ ਕੀਤੀ, ਜਿਸਨੂੰ 108 ਹੱਕ ਵਿੱਚ ਅਤੇ ਇੱਕ ਵਿਰੋਧ 'ਚ ਵੋਟ ਨਾਲ ਪਾਸ ਕੀਤਾ ਗਿਆ। ਉਪਰੰਤ ਲੋਕ ਸਭਾ 'ਚ ਬਿੱਲ ਭੇਜ ਦਿੱਤਾ ਪਰ 15 ਵੀਂ ਲੋਕ ਸਭਾ ਭੰਗ ਹੋ ਗਈ। ਬਿੱਲ ਲਮਕਦਾ ਪਿਆ ਰਿਹਾ ਅਤੇ ਬਾਅਦ 'ਚ ਇਸ 'ਤੇ ਕੋਈ ਕਾਰਵਾਈ ਨਹੀਂ ਹੋਈ। ਫਿਰ ਆਪਣੇ ਰਾਜਕਾਲ ਦੇ 9 ਵਰ੍ਹੇ ਬਾਅਦ 18 ਸਤੰਬਰ 2023 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਔਰਤਾਂ ਲਈ 33 ਫੀਸਦੀ ਸੀਟਾਂ ਦੇ ਰਾਖਵੇਂਕਰਨ ਦਾ ਬਿੱਲ ਲੋਕ ਸਭਾ ਅਤੇ ਫਿਰ ਰਾਜ ਸਭਾ 'ਚ ਪੇਸ਼ ਕੀਤਾ ਅਤੇ ਸਰਬਸੰਮਤੀ ਨਾਲ ਇਹ ਬਿੱਲ ਪਾਸ ਹੋ ਗਿਆ। ਪਰ ਇਸ ਵਿੱਚ ਤਿੰਨ ਸ਼ਰਤਾਂ ਰੱਖੀਆਂ ਗਈਆਂ, ਜਿਹਨਾ ਵਿੱਚ ਮਰਦਮਸ਼ੁਮਾਰੀ ਮੁੱਖ ਹੈ, ਜਿਸ ਤੋਂ ਬਾਅਦ ਇਹ ਕਾਨੂੰਨ ਲਾਗੂ ਹੋ ਜਾਏਗਾ।

ਮੋਦੀ ਸਰਕਾਰ ਨੇ ਇਹ ਬਿੱਲ ਪਾਸ ਤਾਂ ਕਰਵਾ ਲਏ, ਪਰ ਇਸ ਵਿੱਚ ਜੋ ਰੁਕਾਵਟਾਂ ਲਾਗੂ ਕਰਨ ਲਈ ਲਾਜ਼ਮੀ ਹਨ, ਉਹਨਾ ਪ੍ਰਤੀ ਚੁੱਪੀ ਵੱਟੀ ਹੋਈ ਹੈ। ਪ੍ਰਧਾਨ ਮੰਤਰੀ ਨੇ ਵਾਹ-ਵਾਹ ਖੱਟਣ ਲਈ ਇਸ ਬਿੱਲ ਦੀ ਵੱਡੀ ਚਰਚਾ ਕੀਤੀ, ਪਰ ਇਹ ਦੱਸਣ ਦਾ ਯਤਨ ਨਹੀਂ ਕੀਤਾ ਕਿ ਮਰਦਮਸ਼ੁਮਾਰੀ ਕਦੋਂ ਹੋਏਗੀ? ਉਪਰੰਤ ਹੋਰ ਰੁਕਾਵਟਾਂ ਕਦੋਂ ਦੂਰ ਹੋਣਗੀਆਂ। ਭਾਵ ਕੋਈ ਸਮਾਂ ਸੀਮਾਂ ਤਹਿ ਕਰਨ ਲਈ ਸਰਕਾਰ ਵਲੋਂ ਕੋਈ ਬਚਨ, ਕੋਈ ਬਿਆਨ ਨਹੀਂ ਦਿੱਤਾ ਅਤੇ ਨਾ ਹੀ ਇਹ ਕਾਨੂੰਨ ਤੁਰੰਤ ਲਾਗੂ ਕਰਨ ਲਈ ਕੋਈ ਆਪਣੀ ਇੱਛਾ ਸ਼ਕਤੀ ਪ੍ਰਗਟ ਕੀਤੀ ਗਈ ਹੈ।

ਸਥਾਨਕ ਸਰਕਾਰ ਭਾਵ ਪੰਚਾਇਤਾਂ 'ਚ ਔਰਤਾਂ ਦੇ 33 ਪੀਸਦੀ ਰਾਖਵੇਂਕਰਨ ਲਈ ਪ੍ਰਧਾਨ ਮੰਤਰੀ ਰਜੀਵ ਗਾਂਧੀ ਅਤੇ ਪ੍ਰਧਾਨ ਮੰਤਰੀ ਨਰਸਿੰਮਹਾ ਰਾਉ ਨੇ ਬਿੱਲ ਪਾਸ ਕਰਵਾਏ, ਕਾਨੂੰਨ ਬਣਾਏ ਸਨ ਅਤੇ ਇਹ ਤੁਰੰਤ ਲਾਗੂ ਹੋ ਗਏ ਸਨ ਜਿਸਦੀ ਬਦੌਲਤ 1,30,000 ਔਰਤਾਂ ਪੰਚਾਇਤਾਂ, ਨਗਰਪਾਲਿਕਾ, ਨਗਰ ਨਿਗਮਾਂ 'ਚ ਰਾਖਵਾਂਕਰਨ ਲੈ ਰਹੀਆਂ ਹਨ।

ਜੇਕਰ ਸੱਚੀ ਮੁੱਚੀ ਮੌਜੂਦਾ ਸਰਕਾਰ ਔਰਤਾਂ ਦੇ ਹਾਲਾਤ ਸੁਧਾਰਨ ਬਾਰੇ, ਉਹਨਾ ਨੂੰ ਸਿਆਸਤ ਵਿੱਚ ਵੱਡਾ ਭਾਈਵਾਲ ਬਨਾਉਣ ਬਾਰੇ ਚਿੰਤਤ ਹੈ, ਤਾਂ ਰਾਖਵੇਂਕਰਨ ਦੇ ਮਾਮਲੇ 'ਚ ਤੁਰੰਤ ਕਦਮ ਪੁੱਟੇ ਜਾਣ ਦੀ ਲੋੜ ਇਸ ਵੇਲੇ ਹੋਰ ਵੀ ਵਧੇਰੇ ਮਹਿਸੂਸ ਕੀਤੀ ਜਾ ਰਹੀ ਹੈ, ਜਦੋਂ ਕਿ ਉਹਨਾ ਨੂੰ ਲੋਕ ਸਭਾ, ਵਿਧਾਨ ਸਭਾਵਾਂ ਵਿੱਚ ਸਿਆਸੀ ਪਾਰਟੀਆਂ ਵਲੋਂ ਸਹੀ ਸਥਾਨ ਦੇਕੇ ਚੋਣਾਂ ਨਹੀਂ ਲੜਾਈਆਂ ਜਾ ਰਹੀਆਂ, ਕਿਉਂਕਿ ਲਗਭਗ ਸਾਰੀਆਂ ਸਿਆਸੀ ਧਿਰਾਂ ਤਾਕਤ ਪ੍ਰਾਪਤੀ ਲਈ ਧੰਨ ਕੁਬੇਰਾਂ ਅਤੇ ਅਪਰਾਧਿਕ ਪਿੱਠ ਭੂਮੀ ਵਾਲੇ ਬਾਹੂਵਲੀ ਲੋਕਾਂ ਨੂੰ ਟਿਕਟਾਂ ਦੇਕੇ (ਇੱਕ ਰਿਪੋਰਟ ਅਨੁਸਾਰ ਇਕੱਲੀ ਭਾਰਤੀ ਲੋਕ ਸਭਾ ਵਿੱਚ 45 ਫੀਸਦੀ ਤੋਂ ਵੱਧ ਮੈਂਬਰ ਪਾਰਲੀਮੈਂਟ ਬੈਠੇ ਹਨ, ਜਿਹਨਾ ਵਿਰੁੱਧ ਅਪਰਾਧਿਕ, ਗੰਭੀਰ ਅਪਰਾਧਿਕ ਮਾਮਲੇ ਦਰਜ਼ ਹਨ) ਚੋਣਾਂ ਜਿੱਤ ਦੀਆਂ ਹਨ। ਇਹ ਚੰਗੀ ਗੱਲ ਹੈ ਕਿ ਅਪਰਾਧਿਕ ਮਾਮਲਿਆਂ ਵਾਲੀ ਪਿੱਠਭੂਮੀ ਵਾਲੀਆਂ ਔਰਤਾਂ ਇਸ ਗਿਣਤੀ-ਮਿਣਤੀ ਵਿੱਚ ਸ਼ਾਮਲ ਨਹੀਂ ਹਨ।

ਔਰਤਾਂ ਲਈ ਰਾਖਵਾਂਕਰਨ ਆਖ਼ਰ ਜ਼ਰੂਰੀ ਕਿਉਂ ਹੈ। ਭਾਰਤੀ ਸਮਾਜ ਵਿੱਚ ਔਰਤਾਂ ਦੀ ਗਿਣਤੀ ਲਗਭਗ ਅੱਧੀ ਹੈ। 75 ਸਾਲਾਂ ਵਿੱਚ 7500 ਮੈਂਬਰ ਪਾਰਲੀਮੈਂਟ ਚੁਣੇ ਗਏ, ਜਿਹਨਾ ਵਿਚੋਂ ਮੌਜੂਦਾ 542 ਲੋਕ ਸਭਾ ਮੈਂਬਰਾਂ ਵਿੱਚ ਸਿਰਫ਼ 78 ਔਰਤਾਂ ਹਨ। ਰਾਜ ਸਭਾ ਵਿੱਚ ਤਾਂ ਸਿਰਫ਼ 24 ਹਨ। ਪਰ ਦੇਸ਼ ਦੀ ਨੀਤੀ ਨਿਰਧਾਰਨ 'ਚ ਉਹਨਾ ਦੀ ਭੂਮਿਕਾ ਨਾਂਹ ਦੇ ਬਰਾਬਰ ਹੈ। ਅਸਲ 'ਚ ਭਾਰਤੀ ਸਮਾਜ ਵਿੱਚ ਔਰਤਾਂ ਨੂੰ ਸਮਾਜਿਕ ਅਤੇ ਸੰਸਕ੍ਰਿਤਕ ਜ਼ੁੰਮੇਵਾਰੀਆਂ ਦੇਕੇ ਘਰਾਂ ਤੱਕ ਸੀਮਤ ਕੀਤਾ ਹੋਇਆ ਹੈ। ਇਥੇ ਹੀ ਔਰਤਾਂ ਨਾਲ ਨਾ-ਬਰਾਬਰੀ ਸ਼ੁਰੂ ਹੁੰਦੀ ਹੈ।

ਆਓ ਭਾਰਤ ਦੇ ਪਿਛੋਕੜ ਅਤੇ ਇਸ ਸਮਾਜ ਵਿੱਚ ਔਰਤਾਂ ਦੀ ਸਥਿਤੀ 'ਤੇ ਝਾਤ ਮਾਰੀਏ। ਆਦਮ ਯੁੱਗ ਵਿੱਚ ਔਰਤ ਪ੍ਰਧਾਨ ਸਮਾਜ ਸੀ, ਜਿਸ ਵਿੱਚ ਨਾਰੀ ਦੀ ਦਸ਼ਾ ਸੁਖਾਲੀ ਸੀ। ਵੈਦਿਕ ਯੁੱਗ ਵਿੱਚ ਨਾਰੀ ਨੂੰ ਸਮਾਨਤਾ ਦੇ ਅਧਿਕਾਰ ਸਨ। ਵੈਦਿਕ ਯੁੱਗ ਤੋਂ ਬਾਅਦ ਉੱਤਰ ਵੈਦਿਕ ਯੁੱਗ 'ਚ ਨਾਰੀ ਦੀ ਸਥਿਤੀ ਵਿੱਚ ਗਿਰਾਵਟ ਆਉਣੀ ਸ਼ੁਰੂ ਹੋਈ। ਬ੍ਰਾਹਮਣਵਾਦ ਦਾ ਜੋਰ ਵਧਿਆ। ਜਾਤਪਾਤ ਦਾ ਸੰਕਲਪ ਆਇਆ, ਇਸ ਉਪਰੰਤ ਨਾਰੀ ਦੀ ਦਸ਼ਾ ਤਰਸਯੋਗ ਹੋ ਗਈ। ਮਨੂਸਮ੍ਰਿਤੀ ਅਨੁਸਾਰ ਨਾਰੀ ਸਭ ਕਸ਼ਟਾਂ ਦਾ ਕਾਰਨ ਹੈ, ਨਾਰੀ ਦਾ ਬਚਪਨ ਪਿਤਾ ਅਧੀਨ, ਜਵਾਨੀ ਪਤੀ ਅਧੀਨ ਅਤੇ ਬੁਢਾਪਾ ਪੁੱਤਰ ਅਧੀਨ ਰਹਿਣਾ ਚਾਹੀਦਾ ਹੈ। ਇਸਤਰੀ ਨੂੰ ਕਿਸੇ ਵੀ ਪੜ੍ਹਾਅ ਤੇ ਸੁਤੰਤਰ ਨਹੀਂ ਹੋਣਾ ਚਾਹੀਦਾ।

ਆਜ਼ਾਦੀ ਦੇ ਬਾਅਦ ਇਹ ਸੰਕਲਪ ਟੁੱਟਾ ਹੈ। ਪਰ ਹਾਲੇ ਵੀ ਮਰਦ ਪ੍ਰਧਾਨ ਸਮਾਜ 'ਚ ਉਹ ਤਕਲੀਫਾਂ- ਦੁੱਖਾਂ ਦੇ ਪਹਾੜ ਸਿਰ ਤੇ ਚੁੱਕੀ ਬੈਠੀ ਹੈ। ਉਸਦੀ ਸਮਾਜਿਕ ਅਤੇ ਆਰਥਿਕ ਸਥਿਤੀ ਸੁਖਾਵੀਂ ਨਹੀਂ ਹੈ। ਹੇਠਲੀ ਸਮਾਜਿਕ ਸਥਿਤੀ 'ਚ ਔਰਤਾਂ ਘਰਾਂ ਵਿੱਚ ਬੰਨ੍ਹਕੇ ਹੀ ਰੱਖੀਆਂ ਹੋਈਆਂ ਹਨ।

ਉਹ ਬੱਚਿਆਂ ਦੀ ਦੇਖਭਾਲ ਕਰਦੀਆਂ ਹਨ। ਪੜ੍ਹ ਲਿਖਕੇ ਵੀ ਘਰੇਲੂ ਜ਼ੁੰਮੇਵਾਰੀ ਤੱਕ ਸੀਮਤ ਕਰ ਦਿੱਤੀਆਂ ਜਾਂਦੀਆਂ ਹਨ, ਜੋ ਉਹਨਾ ਦੀ ਸਿਆਸੀ ਖੇਤਰ 'ਚ ਜਾਣ 'ਚ ਵੱਡੀ ਰੁਕਾਵਟ ਹੈ।

ਬਿਨ੍ਹਾਂ ਸ਼ੱਕ ਔਰਤ ਨੂੰ ਮਰਦਾਂ ਬਰੋਬਰ ਹੱਕ ਹਨ। ਪਰ ਇਹਨਾ ਹੱਕਾਂ ਦੇ ਮਿਲਣ ਬਾਅਦ ਵੀ ਉਹਨਾ ਨੂੰ ਨਾ ਜ਼ਮੀਨ ਜਾਇਦਾਦ 'ਚ ਬਰਾਬਰ ਦਾ ਹੱਕ ਹੈ ਅਤੇ ਨਾ ਹੀ ਪੜ੍ਹਾਈ ਕਰਨ ਲਈ ਭਰਾਵਾਂ ਬਰਾਬਰ ਹੱਕ।

ਪਰ ਜਿਹੜੇ ਹੱਕ ਔਰਤਾਂ ਨੂੰ ਮਿਲਣੇ ਚਾਹੀਦੇ ਹਨ, ਉਹ ਔਰਤਾਂ ਹੀ ਜਾਣ ਸਕਦੀਆ ਹਨ, ਔਰਤਾਂ ਲਈ ਲੋਕ ਸਭਾ, ਵਿਧਾਨ ਸਭਾਵਾਂ 'ਚ ਲਈ ਬਣਾਏ ਕਾਨੂੰਨ ਸਬੰਧੀ ਸਿਆਸੀ ਧਿਰਾਂ ਵਲੋਂ ਵੱਖੋ-ਵੱਖਰੇ ਸਵਾਲ ਵੀ ਉਠਾਏ ਜਾ ਰਹੇ ਹਨ ਭਾਵੇਂ ਕਿ ਸਿਆਸੀ ਧਿਰਾਂ ਵਲੋਂ ਇਸ ਕਾਨੂੰਨ ਨੂੰ ਵੱਡਾ ਸਮਰਥਨ ਮਿਲਿਆ ਹੈ। ਲੋਕ ਸਭਾ, ਵਿਧਾਨ ਸਭ ਸੀਟਾਂ ਵਿੱਚ ਐਸ.ਸੀ. ਵਰਗ ਲਈ ਰਾਖਵਾਂਕਰਨ ਹੈ ਪਰ ਸਿਆਸੀ ਧਿਰਾਂ ਓ.ਬੀ.ਸੀ. ਲਈ ਰਾਖਵਾਂਕਰਨ ਮੰਗ ਰਹੀਆਂ ਹਨ।

ਬਿਨ੍ਹਾਂ ਸ਼ੱਕ ਇਸ ਨਾਲ ਸਮਾਜ ਦੇ ਹੇਠਲੇ ਵਰਗ ਵਿਚੋਂ ਔਰਤਾਂ ਚੁਣੀਆਂ ਜਾਣਗੀਆਂ। ਪਰ ਜਿਸ ਢੰਗ ਨਾਲ ਦੇਸ਼ ਵਿੱਚ ਨੌਕਰੀਆਂ 'ਚ ਰਾਖਵੇਂਕਰਨ ਕਾਰਨ ਕੁਝ ਉਪਰਲੇ ਚੁਣਿੰਦਾ ਐਸ.ਸੀ. ਐਸ. ਟੀ ਵਰਗ ਦੇ ਲੋਕ ਫਾਇਦਾ ਚੁੱਕ ਲੈਂਦੇ ਹਨ, ਆਪ ਲੋਕਾਂ ਤੱਕ ਰਿਜ਼ਰਵੇਸ਼ਨ ਦੇ ਫਾਇਦੇ ਤੇ ਸਹੂਲਤਾਂ ਪੁੱਜਦੀਆਂ ਹੀ ਨਹੀਂ, ਇਸ ਨਾਲ ਰਿਜ਼ਰਵੇਸ਼ਨ ਵੀ ਇੱਕ ਕਾਲੀਨ ਵਰਗ ਪੈਦਾ ਨਾ ਹੋ ਜਾਏ, ਜੋ ਆਪਣੇ ਹਿੱਤਾਂ ਤੱਕ ਹੀ ਸੀਮਤ ਹੋ ਜਾਏ, ਇਸਦਾ ਵੀ ਡਰ ਹੈ।

ਸਵਾਲ ਤਾਂ ਇਹ ਹੈ ਕਿ ਇਹ ਕਾਨੂੰਨ ਲਾਗੂ ਕਦੋਂ ਹੋਏਗਾ? ਕੀ ਇਹ ਕਾਨੂੰਨੀ ਪਚੀਦਗੀਆਂ ਵਿੱਚ ਹੀ ਤਾਂ ਨਹੀਂ ਰੁਲ ਜਾਏਗਾ? ਕੀ ਇਹ ਚੋਣ ਜੁਮਲਾ ਹੀ ਤਾਂ ਨਹੀਂ ਬਣਕੇ ਰਹਿ ਜਾਏਗਾ? ਕੀ ਸਰਕਾਰ ਇਸਨੂੰ ਲਾਗੂ ਕਰਨ ਲਈ ਸੰਜੀਦਾ ਹੋਏਗੀ?

ਜਾਂ ਫਿਰ ਕੀ ਇਹ ਊਠ ਦਾ ਬੁਲ੍ਹ ਬਣਕੇ ਰਹਿ ਜਾਏਗਾ, ਜਿਸ ਬਾਰੇ ਆਮ ਤੌਰ 'ਤੇ ਕਹਿ ਲਿਆ ਜਾਂਦਾ ਹੈ ਕਿ ਜਦੋਂ ਊਠ ਜੁਗਾਲੀ ਕਰਦਾ ਹੈ ਤਾਂ ਮੰਨਿਆ ਜਾਂਦਾ ਹੈ ਕਿ ਬੁਲ੍ਹ ਹੁਣ ਵੀ ਡਿਗਿਆ, ਹੁਣ ਵੀ ਡਿਗਿਆ, ਪਰ ਡਿਗਦਾ ਉਹ ਕਦੇ ਵੀ ਨਹੀਂ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੂਨਾ ਪੈਕਟ ਦਲਿਤਾਂ ਦੀ ਰਾਜਨੀਤਕ ਪਛਾਣ ਦਾ ਪ੍ਰਤੀਕ - ਪ੍ਰੋ. ਰਾਜੇਸ਼ ਕੁਮਾਰ

## ਸਦੀਆਂ ਉਪਰੰਤ ਅਛੂਤਾਂ ਵਿਚ ਵਿਦਿਅਕ ਕ੍ਰਾਂਤੀ ਦਾ ਆਗਾਜ਼ ਹੋਇਆ - ਡਾ. ਕੌਲ







**ਜਲੰਧਰ**–ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਵੱਲੋਂ ਅੰਬੇਡਕਰ ਭਵਨ ਟਰੱਸਟ (ਰਜਿ.) ਅਤੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਸਹਿਯੋਗ ਨਾਲ ਬਾਬਾ ਸਾਹਿਬ ਦੀ ਚਰਨ-ਛੋਹ ਭੂਮੀ ਅੰਬੇਡਕਰ ਭਵਨ ਜਲੰਧਰ ਵਿਖੇ ਪੂਨਾ ਪੈਕਟ ਦਿਵਸ 'ਤੇ ਇੱਕ ਸੈਮੀਨਾਰ ਆਯੋਜਿਤ ਕੀਤਾ ਗਿਆ। ਸੈਮੀਨਾਰ ਦੇ ਆਗਾਜ਼ ਤੋਂ ਪਹਿਲਾਂ ਪ੍ਰਸਿੱਧ ਅੰਬੇਡਕਰਵਾਦੀ, ਚਿੰਤਕ ਅਤੇ ਭੀਮ ਪੱਤਰਿਕਾ ਦੇ ਸੰਪਾਦਕ ਸ੍ਰੀ ਲਾਹੌਰੀ ਰਾਮ ਬਾਲੀ ਨੂੰ ਉਨ੍ਹਾਂ ਦੇ ਸਦੀਵੀ ਵਿਛੋੜੇ 'ਤੇ ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਵਿਚਾਰ-ਗੋਸ਼ਟੀ ਵਿੱਚ ਪ੍ਰੋ. ਰਾਜੇਸ਼ ਕੁਮਾਰ ਥਾਨੇਵਾਲ, ਮੁਖੀ ਪੋਸਟ ਗ੍ਰੈਜੂਏਟ ਰਾਜਨੀਤੀ ਸ਼ਾਸਤਰ ਵਿਭਾਗ, ਜੀ ਕੇ ਐਸ ਐਮ ਸਰਕਾਰੀ ਕਾਲਜ, ਟਾਂਡਾ ਉੜਮੁੜ ਅਤੇ ਡਾ. ਜੀ ਸੀ ਕੌਲ, ਸਾਬਕਾ ਮੁਖੀ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਡੀਏਵੀ ਕਾਲਜ, ਜਲੰਧਰ ਨੇ ਮੁੱਖ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਪ੍ਰੋ. ਰਾਜੇਸ਼ ਕੁਮਾਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੂਨਾ ਪੈਕਟ 24 ਸਤੰਬਰ 1932 ਨੂੰ ਭਾਰਤ ਦੇ ਹਿੰਦੂ ਨੇਤਾਵਾਂ ਅਤੇ ਡਾ. ਅੰਬੇਡਕਰ ਵਿਚਕਾਰ ਹੋਇਆ ਇੱਕ ਅਜਿਹਾ ਸਮਝੌਤਾ ਸੀ ਜਿਸ ਦੁਆਰਾ ਸਦੀਆਂ ਤੋਂ ਪੀੜਤ ਅਤੇ ਸਤਾਏ ਹੋਏ ਅਛੂਤ ਵਰਗਾਂ ਵਿੱਚ ਇੱਕ ਕ੍ਰਾਂਤੀ ਦਾ ਮੁੱਢ ਬੱਝਿਆ। ਇਹ ਇੱਕ ਅਜਿਹਾ ਦਸਤਾਵੇਜ਼ ਹੈ, ਜਿਸ ਦੇ ਤਹਿਤ ਲਗਪਗ ਬਾਈ ਸੌ ਸਾਲ ਉਪਰੰਤ ਦਲਿਤਾਂ ਨੂੰ ਰਾਜਨੀਤਕ ਪਛਾਣ ਮਿਲੀ, ਵੋਟ ਦੇ ਅਧਿਕਾਰ ਸਮੇਤ ਕੇਂਦਰ ਅਤੇ ਪ੍ਰਾਂਤਾਂ ਵਿਚ ਅਛੂਤਾਂ ਨੂੰ ਸਿਆਸੀ ਪ੍ਰਤੀਨਿਧਤਾ ਦਾ ਅਧਿਕਾਰ ਪ੍ਰਾਪਤ ਹੋਇਆ।.ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਵੱਲੋਂ ਦਲਿਤਾਂ ਲਈ ਵੱਖਰੇ ਰਾਜਨੀਤਕ ਅਧਿਕਾਰਾਂ ਦੀ ਪ੍ਰਾਪਤੀ ਲਈ 1917 ਵਿਚ ਸਾਊਥਬੋਰੋ ਕਮਿਸ਼ਨ ਤੋਂ ਲੈਕੇ ਸਾਈਮਨ ਕਮਿਸ਼ਨ ਦੀ ਆਮਦ ਅਤੇ ਲੰਡਨ ਵਿਖੇ 1930 ਤੋਂ 1932 ਤਕ ਆਯੋਜਿਤ ਗੋਲਮੇਜ਼ ਕਾਨਫਰੰਸਾਂ ਦੇ ਸਿੱਟੇ ਵਜੋਂ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਰੈਮਜ਼ੇ ਮੈਕਡੋਨਲਡ ਵੱਲੋਂ 17 ਅਗਸਤ 1932 ਨੂੰ ਐਲਾਨੇ ਗਏ ਸੰਪਰਦਾਇਕ ਫੈਸਲੇ ਅਨੁਸਾਰ ਭਾਰਤੀ ਘੱਟ ਗਿਣਤੀਆਂ ਦੇ ਵੱਖਰੇ ਅਧਿਕਾਰਾਂ ਸਮੇਤ ਭਾਰਤ ਦੇ ਅਛੂਤਾਂ ਨੂੰ ਵੀ ਵੱਖਰੇ ਅਧਿਕਾਰ ਪ੍ਰਾਪਤ ਹੋਏ । ਪਰੰਤੂ ਗਾਂਧੀ ਜੀ ਵੱਲੋਂ ਦਲਿਤਾਂ ਨੂੰ ਪ੍ਰਦਾਨ ਕੀਤੇ ਗਏ ਚੋਣ ਅਧਿਕਾਰਾਂ ਵਿਰੁੱਧ 20 ਸਤੰਬਰ 1932 ਨੂੰ ਰੱਖੇ ਗਏ ਮਰਨ ਵਰਤ ਦੇ ਸਿੱਟੇ ਵਜੋਂ ਤਤਕਾਲੀਨ ਹਿੰਦੂ ਲੀਡਰਾਂ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਵਿਚਕਾਰ 24 ਸਤੰਬਰ 1932 ਨੂੰ ਪੂਨਾ ਵਿਖੇ ਹੋਏ ਸਮਝੌਤੇ ਅਨੁਸਾਰ ਬੇਸ਼ੱਕ ਵੱਖਰੇ ਚੋਣ ਅਧਿਕਾਰਾਂ ਨੂੰ ਸਾਂਝੀਆਂ ਰਾਖਵੀਆਂ (ਰਿਜ਼ਰਵ) ਸੀਟਾਂ ਵਿਚ ਬਦਲ ਦਿੱਤਾ ਗਿਆ, ਪਰ ਇਸਦੇ ਬਾਵਜੂਦ ਸੈਂਕੜੇ ਸਾਲਾਂ ਬਾਅਦ ਮਿਲੇ ਇਨ੍ਹਾਂ ਚੋਣ ਅਧਿਕਾਰਾਂ ਨੇ ਭਾਰਤ ਦੇ ਅਛੂਤਾਂ ਨੂੰ ਇੱਕ ਵੱਖਰੀ ਰਾਜਨੀਤਕ ਪਛਾਣ ਦਿੱਤੀ। ਇਸ ਮੌਕੇ ਤੇ ਡਾ. ਜੀ ਸੀ ਕੌਲ ਨੇ ਕਿਹਾ ਕਿ ਪੂਨਾ ਪੈਕਟ ਨੇ ਦਲਿਤਾਂ ਵਿਚ ਵਿਦਿਅਕ ਕ੍ਰਾਂਤੀ ਦਾ ਆਗਾਜ਼ ਕੀਤਾ, ਜਿਸ ਦੇ ਸਿੱਟੇ ਵਜੋਂ ਸਦੀਆਂ ਤਕ ਵਿਦਿਅਕ ਅਦਾਰਿਆਂ ਤੋਂ ਦੂਰ ਰੱਖੇ ਗਏ ਅਛੂਤ ਉੱਚ-ਵਿਦਿਆ ਪ੍ਰਾਪਤ ਕਰਕੇ, ਬਾਬਾ ਸਾਹਿਬ ਦੇ ਅਣਥੱਕ ਸੰਘਰਸ਼ਾਂ ਸਦਕਾ ਵਕੀਲ, ਇੰਜੀਨੀਅਰ, ਡਾਕਟਰ, ਪ੍ਰੋਫੈਸਰ, ਹਾਈ ਕੋਰਟਾਂ ਦੇ ਜੱਜ, ਪ੍ਰਸ਼ਾਸਨਿਕ ਅਧਿਕਾਰੀ ਬਣਕੇ ਰਾਜਾਂ ਦੇ ਮੁਖ ਸਕੱਤਰ, ਡੀ.ਜੀ.ਪੀ., ਹਾਈ ਕਮਿਸ਼ਨਰ, ਅੰਬੇਸੇਡਰ, , ਮੰਤਰੀ, ਮੁਖ ਮੰਤਰੀ, ਗਵਰਨਰ, ਸੁਪਰੀਮ ਕੋਰਟ ਦੇ ਮੁੱਖ ਨਿਆਏਧੀਸ਼, ਅਤੇ ਰਾਸ਼ਟਰਪਤੀ ਵਰਗੇ ਸਰਬ ਉੱਚ ਅਹੁਦਿਆਂ ਤਕ ਵੀ ਪਹੁੰਚੇ। ਉਨ੍ਹਾਂ ਦੇਸ਼ ਦੀ ਵਰਤਮਾਨ ਸਥਿਤੀ ਦਾ ਵਿਸ਼ਲੇਸ਼ਣ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਵੱਲੋਂ ਨਿਰੰਤਰ ਸੰਘਰਸ਼ ਦੁਆਰਾ ਭਾਰਤੀ ਸੰਵਿਧਾਨ ਵਿਚ ਦਲਿਤਾਂ ਦੇ ਵਿਕਾਸ ਲਈ ਕੀਤੇ ਪ੍ਰਾਵਧਾਨ ਖਤਮ ਕੀਤੇ ਜਾ ਰਹੇ ਹਨ। ਸਾਨੂੰ ਸਾਰਿਆਂ ਨੂੰ ਇਸ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਸੈਮੀਨਾਰ ਦੌਰਾਨ ਵਿਦਵਾਨ ਸ਼ਰੋਤਿਆਂ ਦੇ ਪ੍ਰਸ਼ਨਾਂ ਦੇ ਜੁਆਬ ਵੀ ਦਿੱਤੇ ਗਏ। ਸਮਾਗਮ ਦੌਰਾਨ ਅੰਬੇਡਕਰਵਾਦੀ ਜਥੇਬੰਦੀਆਂ ਦੇ ਆਗੂਆਂ ਨੇ ਮੁੱਖ ਬੁਲਾਰਿਆਂ ਨੂੰ ਲੋਈ ਅਤੇ ਬੁੱਕੇ ਦੇ ਕੇ ਸਨਮਾਨਿਤ ਕੀਤਾ। ਸੈਮੀਨਾਰ ਦੀ ਸ਼ੁਰੂਆਤ ਵਿਚ ਮੁੱਖ ਬੁਲਾਰਿਆਂ ਅਤੇ ਸ੍ਰੋਤਿਆਂ ਦਾ ਸਵਾਗਤ ਕਰਦਿਆਂ ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਚੇਅਰਮੈਨ ਪ੍ਰੋ. ਸੋਹਨ ਲਾਲ, ਸੇਵਾਮੁਕਤ ਡੀ.ਪੀ.ਆਈ. (ਕਾਲਜਾਂ) ਨੇ ਬਾਬਾ ਸਾਹਿਬ ਦੀਆਂ ਸਾਰੀਆਂ ਲਿਖਤਾਂ ਨੂੰ ਪੁਸਤਕਾਂ ਦੇ ਰੂਪ ਵਿਚ ਪ੍ਰਕਾਸ਼ਿਤ ਕਰਨ ਲਈ ਦਲ ਵੱਲੋਂ ਮਹਾਰਾਸ਼ਟਰ ਵਿਚ ਕੀਤੇ ਗਏ ਤਿੱਖੇ ਸੰਘਰਸ਼ਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ । ਸੈਮੀਨਾਰ ਦੇ ਆਖਿਰ ਵਿਚ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦੇ ਸੂਬਾ ਪ੍ਰਧਾਨ ਸ਼੍ਰੀ ਜਸਵਿੰਦਰ ਵਰਿਆਣਾ ਨੇ ਸ਼ਾਮਲ ਸ੍ਰੋਤਿਆਂ ਅਤੇ ਮੁੱਖ ਬੁਲਾਰਿਆਂ ਦਾ ਧੰਨਵਾਦ ਕੀਤਾ । ਸਟੇਜ ਦਾ ਬਾਖੂਬੀ ਸੰਚਾਲਨ ਕਰਦਿਆਂ ਦਲ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਦਲ ਦੇ ਸੰਗਠਨ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮਤਾ ਸੈਨਿਕ ਦਲ ਦਾ ਗਠਨ ਬਾਬਾ ਸਾਹਿਬ ਨੇ ਖੁਦ 13 ਮਾਰਚ 1927 ਨੂੰ ਕੀਤਾ ਸੀ।



ਦਲ ਦਾ ਹੈਡ ਆਫ਼ਿਸ ਨਾਗਪੁਰ ਵਿਖੇ ਹੈ ਅਤੇ ਇਸ ਦਾ ਆਪਣਾ ਟ੍ਰੇਨਿੰਗ ਸੈਂਟਰ ਹੈ ਜਿਥੇ ਨੌਜਵਾਨਾਂ ( ਲੜਕੇ ਅਤੇ ਲੜਕੀਆਂ) ਨੂੰ ਮਾਨਸਿਕ, ਸ਼ਰੀਰਕ ਅਤੇ ਨੈਤਿਕ ਸਿਖਲਾਈ ਦਿੱਤੀ ਜਾਂਦੀ ਹੈ। ਇਸ ਮੌਕੇ ਹਰਭਜਨ ਨਿਮਤਾ, ਐਡਵੋਕੇਟ ਕੁਲਦੀਪ ਭੱਟੀ, ਚਰਨ ਦਾਸ ਸੰਧੂ, ਹਰਮੇਸ਼ ਜੱਸਲ, ਐਡਵੋਕੇਟ ਪਰਮਿੰਦਰ ਸਿੰਘ ਖੁੱਤਣ, ਪ੍ਰੋ. ਬਲਬੀਰ, ਡਾ: ਮਹਿੰਦਰ ਸੰਧੂ, ਬਲਵਿੰਦਰ ਕੁਮਾਰ ਲੀਰ, ਡਾ: ਬਾਘਾ, ਸਤਨਾਮ ਹੀਰ, ਰਵੀਕਾਂਤ, ਪਿਸ਼ੋਰੀ ਲਾਲ ਸੰਧੂ, ਮਦਨ ਲਾਲ, ਜੋਤੀ ਪ੍ਰਕਾਸ਼, ਕ੍ਰਿਸ਼ਨ ਮਹਿਮੀ, ਸਤਵਿੰਦਰ ਮਦਾਰਾ, ਬਲਵਿੰਦਰ ਪੁਆਰ, ਹਰੀ ਰਾਮ ਓ.ਐਸ.ਡੀ., ਮੇਹਰ ਮਲਿਕ, ਡੀ.ਪੀ. ਭਗਤ, ਹਰੀ ਸਿੰਘ ਥਿੰਦ, ਮਾਸਟਰ ਜੀਤ ਕੁਮਾਰ, ਸੇਵਾ ਸਿੰਘ, ਰਾਮ ਲਾਲ ਦਾਸ ਆਦਿ ਹਾਜ਼ਰ ਸਨ। ਇਹ ਜਾਣਕਾਰੀ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਇਕਾਈ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈੱਸ ਬਿਆਨ ਰਾਹੀਂ ਦਿੱਤੀ।

# ਪੂਨਾ ਪੈਕੇਟ ਨਾ ਹੁੰਦਾ ਤਾਂ ਬਹੁਜਨ ਸਮਾਜ ਹੁਕਮਰਾਨ ਬਣ ਜਾਣਾ ਸੀ - ਅਜੀਤ ਗੌਤਮ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਬਹੁਜਨ ਸਮਾਜ ਪਾਰਟੀ ਕੇਂਦਰੀ ਸੀਨੀਅਰ ਆਗੂ ਅਜੀਤ ਗੌਤਮ ਨੇ ਡਾਕਟਰ ਅੰਬੇਡਕਰ ਪਾਰਕ ਨਵਾਂਸ਼ਹਿਰ ਵਿਖੇ ਮਨਾਏ ਗਏ ਪੂਨਾ ਪੈਕੇਟ ਧਿਰਕਾਰ ਦਿਵਸ ਮੌਕੇ ਬੋਲਦਿਆ ਕਿਹਾ ਕਿ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੇ ਅਣਥੱਕ ਯਤਨਾ ਸਦਕੇ ਭਾਰਤ ਦੀ ਲਗਭਗ ਇਕ ਚੌਥਾਈ ਅਬਾਦੀ ਨੂੰ ਅੰਗਰੇਜ ਹਕੂਮਤ ਵਲੋਂ ਮਾਨਵਤਾ ਦੇ ਅਧਿਕਾਰ ਮਿਲੇ ਸਨ। ਉਹਨਾ ਅੱਗੇ ਕਿਹਾ ਕਿ ਬਾਬਾ ਸਾਹਿਬ ਨੇ ਅਬਾਦੀ ਦੇ ਅਨੁਪਾਤ ਮੁਤਾਬਿਕ ਸੱਤਾ ਵਿੱਚ ਬਰਾਬਰੀ ਦੀ ਵਕਾਲਤ ਕੀਤੀ ਸੀ। ਜਿਸ ਦੇ ਸਿੱਟੇ ਵਜੋਂ ਅੰਗਰੇਜ ਸਰਕਾਰ ਨੇ 1928 ਵਿੱਚ ਸਾਈਮਨ ਕਮਿਸ਼ਨ ਨੂੰ ਨਿਯੁਕਤ ਕੀਤਾ ਸੀ। ਸਾਈਮਨ ਕਮਿਸ਼ਨ ਦੀ ਰਿਪੋਰਟ ਦੇ ਅਧਾਰ ਤੇ ਗੋਲਮੇਜ ਕਾਨਫਰੰਸ ਬੁਲਾਈ ਗਈ। ਕਾਨਫੰਰਸ ਬੇਨਤੀਜਾ ਰਹਿਣ ਕਰਕੇ ਸਭ ਅਧਿਕਾਰ ਅੰਗਰੇਜ ਸਰਕਾਰ ਨੂੰ ਦੇ ਦਿੱਤੇ ਗਏ। 17 ਸਤੰਬਰ 1932 ਨੂੰ ਅੰਗਰੇਜ ਪ੍ਰਧਾਨ ਮੰਤਰੀ ਰੈਮਜੇ ਮੋਕਡੋਨਲ ਨੇ "ਕਮਿਊਨਲ ਐਵਾਰਡ" ਦਾ ਐਲਾਨ ਕਰ ਦਿੱਤਾ, ਜਿਸ ਵਿੱਚ ਦਲਿਤ ਵਰਗ ਨੂੰ ਦੋਹਰੀ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ। ਜਿਸ ਦਾ ਮਹਾਤਮਾ ਗਾਂਧੀ ਜਿਸ ਨੇ ਫੈਸਲੇ ਦੀ ਸਹਿਮਤੀ ਲਈ ਆਪਣੇ ਦਸਤਖ਼ਤ ਕਰਕੇ ਹੁਕਮਰਾਨ ਧਿਰ ਨੂੰ ਪਹਿਲਾਂ ਹੀ ਆਪਣੀ ਸਹਿਮਤੀ ਪ੍ਰਗਟ ਕਰ ਦਿੱਤੀ ਸੀ। ਗਾਂਧੀ ਪਹਿਲਾਂ ਹੀ ਜੇਲ੍ਹ ਵਿੱਚ ਬੰਦ ਸੀ ਉਥੇ ਹੀ ਉਸ ਨੇ ਵਿਰੋਧ ਕਰ ਦਿੱਤਾ ਅਤੇ ਦਲਿਤ ਸਮਾਜ ਨੂੰ ਮਿਲੇ ਮਾਨਵੀ ਅਧਿਕਾਰਾਂ ਦੇ ਖਿਲਾਫ ਮਰਨ ਵਰਤ ਰੱਖ ਲਿਆ ਤਾਂ ਬਾਬਾ ਸਾਹਿਬ ਡਾਕਟਰ ਅੰਬੇਡਕਰ ਤੇ ਅੰਗਰੇਜਾਂ ਵਲੋਂ ਦਲਿਤ ਸਮਾਜ ਨੂੰ ਦਿੱਤੇ ਅਧਿਕਾਰਾਂ ਨੂੰ ਛੱਡਣ ਦਬਾਅ ਬਣਾ ਸਕੇ। 24 ਸਤੰਬਰ 1932 ਨੂੰ ਬਾਬਾ ਸਾਹਿਬ ਡਾਕਟਰ ਅੰਬੇਡਕਰ ਨੂੰ ਮਜਬੂਰ ਹੋ ਕੇ ਮਹਾਤਮਾ ਗਾਂਧੀ ਨਾਲ ਸਮਝੌਤਾ ਕਰਨਾ ਪਿਆ, ਜਿਸ ਵਿੱਚ ਅਛੂਤ ਸਮਾਜ ਨੂੰ ਮਿਲੇ ਬਹੁਤੇ ਅਧਿਕਾਰਾਂ ਤੋਂ ਦਲਿਤ ਸਮਾਜ ਨੂੰ ਹੱਥ ਧੋਣੇ ਪਏ। ਇਸ ਮੌਕੇ ਤੇ ਬਹੁਜਨ ਸਮਾਜ ਪਾਰਟੀ ਦੇ ਉਪ ਪ੍ਰਧਾਨ ਅਤੇ ਨੈਸ਼ਨਲ ਕੋਆਰਡੀਨੇਟਰ ਡਾਕਟਰ ਜੈ ਪ੍ਰਕਾਸ਼ ਸਿੰਘ ਨੇ ਸੰਬੋਧਨ ਕਰਦਿਆ ਕਿਹਾ ਕਿ ਜਦੋਂ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਇਸ ਦੁਨੀਆਂ ਤੋਂ ਗਏ ਤਾਂ ਉਹਨਾ ਦੀ ਚਿਖਾ ਤੇ ਨਿਗਰਾਨੀ ਦੀ ਜਿੰਮੇਵਾਰੀ ਮਿਲੀ ਤਾਂ ਸਾਹਿਬ ਕਾਂਸ਼ੀ ਰਾਮ ਜੀ ਦੇ ਬਹੁਤ ਸਾਰੇ ਅਨੁਆਈਆਂ ਨੇ ਮੇਰੇ ਕੋਲੋਂ ਚਿਖਾ ਦੀ ਰਾਖ ਮੰਗੀ। ਮੈਨੂੰ ਉਸ ਵਖਤ ਅਹਿਸਾਸ ਹੋਇਆ ਕਿ ਕੋਈ ਵਿਅਕਤੀ ਆਪਣੀ ਜਿੰਦਗੀ ਵਿੱਚ ਇੰਨਾ ਮਹਾਨ ਕੰਮ ਕਰ ਜਾਂਦਾ ਹੈ ਕਿ ਉਹਨਾਂ ਦੀ ਅੰਤਿਮ ਨਿਸ਼ਾਨੀ ਉਹਨਾਂ ਦੀ ਚਿਖਾ ਦੀ ਰਾਖ ਹੁੰਦੀ ਹੈ, ਜਿਸ ਨੂੰ ਪ੍ਰਾਪਤ ਕਰਨ ਲਈ ਵੀ ਲੋਕ ਤਰਸ ਜਾਂਦੇ ਹਨ। ਸਾਨੂੰ ਸ਼੍ਰੀ ਕਾਸ਼ੀ ਰਾਮ ਜੀ ਦੇ ਜੀਵਨ, ਤਿਆਗ ਤੇ ਮਿਸ਼ਨ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ। ਮੱਖਣ ਲਾਲ ਚੌਹਾਨ ਵਲੋਂ ਸਟੇਜ ਦਾ ਸੰਚਾਲਨ ਕੀਤਾ ਗਿਆ। ਮਿਸ਼ਨਰੀ ਗਾਇਕ ਐਸ ਐਸ ਅਜਾਦ ਨੇ ਲੋਕਾਂ ਨੂੰ ਮਿਸ਼ਨਰੀ ਗੀਤ ਗਾ ਕੇ ਮਿਸ਼ਨਰੀ ਧਾਰਾ ਨਾਲ ਜੋੜਨ ਦਾ ਕੰਮ ਬਾਖੂਬੀ ਕੀਤਾ। ਦੁਨੀਆਂ ਭਰ ਵਿੱਚ ਵੱਸਦੇ ਦਲਿਤ ਵਰਗ ਦੇ ਲੋਕਾਂ ਤੱਕ ਨਿਰਮਲ ਗੁੜੇ ਵਲੋਂ ਸਾਰਾ ਪ੍ਰੋਗਰਾਮ ਕਾਂਸ਼ੀ ਟੀ ਵੀ ਤੇ ਲਾਈਵ ਵਿਖਾਇਆ ਗਿਆ। ਭਾਰਤ ਗੌਤਮ ਗਾਜੀਆਬਾਦ ਤੋਂ ਇਲਾਵਾ ਵਿਸ਼ਵ ਬੋਧ ਸੰਘ ਦੇ ਪ੍ਰਧਾਨ ਅਸ਼ਵਨੀ ਕੁਮਾਰ, ਰਮੇਸ਼ ਕੌਲ, ਐਡਵੋਕੇਟ ਵਿਜੈ ਕੁਮਾਰ ਬੱਧਣ, ਡਾਕਟਰ ਸੋਮ ਨਾਥ ਸਿੰਘ, ਸੁਰਿੰਦਰ ਸੁੰਡਾ, ਨਿੱਕੇ ਰਾਮ, ਕੁਲਦੀਪ ਰਾਜ ਨਵਾਂਸ਼ਹਿਰ, ਗੁਰਵਿੰਦਰ ਸਿੰਘ ਜਾਡਲਾ, ਰਕੇਸ਼ ਕੁਮਾਰ ਹੁਸੈਨਪੁਰ, ਸੰਦੀਪ ਸਿੰਘ ਗੜ੍ਹੀ, ਜਸਵਿੰਦਰ ਮਹਿਮੀ, ਹਰਮੇਲ ਮਹਿਮੀ, ਰਾਜ ਕੁਮਾਰ, ਵਿਜੈ ਕੁਮਾਰ, ਨਰੇਸ਼ ਉੜਾਪੜ, ਸੁਰਜੀਤ ਕਰੀਮਪੁਰੀ, ਜਗਨਨਾਥ, ਸੁਰਜੀਤ ਸਿੰਘ ਉੜਾਪੜ, ਦਲਵੀਰ ਮਾਹੀ, ਜਸਵੀਰ ਚਾਹਲ, ਵਿਜੈ ਕੁਮਾਰ ਸੋਢੀਆਂ, ਜੈ ਸਿੰਘ ਹਕੀਮਪੁਰ, ਸਿਮਰਨ ਸਿੰਮੀ ਸਹਿਜਲ, ਮੰਗਾ, ਮੇਜਰ ਬੀਸਲਾ, ਰੇਸ਼ਮ ਸਿੰਘ ਖੁਰਦ, ਅਵਤਾਰ ਸਿੰਘ ਆਲੋਵਾਲ, ਸੱਤਪਾਲ ਚੌਹਾਨ, ਸੁੱਖ ਰਾਮ ਮੂਸਾਪੁਰ, ਚਮਨ ਲਾਲ ਚੌਹਾਨ ਜੇਠੂਮਜਾਰਾ, ਡਾਕਟਰ ਅਵਤਾਰ ਬਾਲੀ, ਰੌਸ਼ਨ ਲਾਲ ਛੋਕਰਾਂ, ਦੇਸ ਰਾਜ ਰਾਜੂ, ਪਰਮਜੀਤ ਘੱਕੇਵਾਲ ਤੇ ਮੱਖਣ ਸਿੰਘ ਛੋਕਰਾਂ ਆਦਿ ਹਾਜ਼ਰ ਸਨ।



# ਪਠਾਨਕੋਟ ਵਿੱਚ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਖੇਡਾਂ ਵਤਨ ਪੰਜਾਬ ਦੀਆਂ 2023 ਜ਼ਿਲ੍ਹਾ ਪੱਧਰੀ ਖੇਡਾਂ ਦਾ ਕੀਤਾ ਸੁਭਅਰੰਭ

## ਜ਼ਿਲ੍ਹਾ ਪੱਧਰੀ ਖੇਡਾਂ ਅਧੀਨ ਅੱਜ ਮਲਟੀਪਰਪਜ਼ ਸਟੇਡੀਅਮ, ਲਮੀਨੀ, ਪਠਾਨਕੋਟ ਵਿਖੇ ਕਰਵਾਏ ਗਏ ਵੱਖ ਵੱਖ ਖੇਡ ਮੁਕਾਬਲੇ ਜ਼ਿਲ੍ਹਾ ਵਿੱਚ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਰਹੇ ਮੁੱਖ ਮਹਿਮਾਨ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਪੰਜਾਬ ਸਰਕਾਰ ਵੱਲੋਂ ਪੂਰੇ ਪੰਜਾਬ ਅੰਦਰ ਖੇਡਾਂ ਵਤਨ ਪੰਜਾਬ ਦੀਆਂ-2023 ਅਧੀਨ 26 ਸਤੰਬਰ 2023 ਤੋਂ ਜ਼ਿਲ੍ਹਾ ਪੱਧਰੀ ਖੇਡਾਂ ਕਰਵਾਈਆਂ ਜਾ ਰਹੀਆਂ ਹਨ ਅਤੇ ਜਿਸ ਅਧੀਨ ਅੱਜ ਮਲਟੀਪਰਪਜ਼ ਸਟੇਡੀਅਮ, ਲਮੀਨੀ, ਪਠਾਨਕੋਟ ਵਿਖੇ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਦਾ ਸੁਭਅਰੰਭ ਕੀਤਾ ਗਿਆ ਹੈ। ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ, ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਖੇਡਾਂ ਵਤਨ ਪੰਜਾਬ ਦੀਆਂ-2023 ਦਾ ਸੁਭਅਰੰਭ ਕਰਨ ਮਗਰੋਂ ਬੱਚਿਆਂ ਨਾਲ ਗੱਲਬਾਤ ਕਰਕੇ ਉਹਨਾਂ ਦਾ ਹੌਸਲਾਂ ਵਧਾਇਆ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਕਾਲਾ ਰਾਮ ਕਾਂਸਲ ਐਸ. ਡੀ. ਐਮ. ਪਠਾਨਕੋਟ, ਰਾਜੇਸ ਕੁਮਾਰ ਜਿਲ੍ਹਾ ਸਿੱਖਿਆ ਅਫਸਰ ਪਠਾਨਕੋਟ, ਯੁਧਬੀਰ ਸਿੰਘ ਡੀ.ਡੀ.ਪੀ.ਓ. ਪਠਾਨਕੋਟ, ਅਰੁਣ ਸਰਮਾ ਜਿਲ੍ਹਾ ਸਪੋਰਟਸ ਕੋਆਰਡੀਨੇਟਰ , ਜਗਜੀਵਨ ਸਿੰਘ ਜਿਲ੍ਹਾ ਖੇਡ ਅਫਸਰ ਪਠਾਨਕੋਟ, ਪ੍ਰਿੰਸੀਪਲ ਕੁਸਮ, ਪ੍ਰਿੰਸੀਪਲ ਨੀਰੂ ਕਟੋਚ, ਸੁਭਾਸ ਭੱਟ, ਅਜੀਤ ਸਿੰਘ,




ਕੁਲਵਿੰਦਰ ਸਿੰਘ, ਅਸਵਨੀ ਕੁਮਾਰ, ਹਰੀਸ ਕੁਮਾਰ, ਅਮਰਜੀਤ ਸਿੰਘ, ਰਜਨੀ ਸੈਣੀ, ਪਰਵੀਨ ਬਾਲਾ, ਮਨਜੀਤ ਸਿੰਘ, ਰਾਣੋ ਦੇਵੀ, ਸੰਜੀਵ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਇਸ ਤਰ੍ਹਾਂ ਖੇਡਾਂ ਵਤਨ ਪੰਜਾਬ ਦੀਆਂ ਅਧੀਨ ਅੱਜ ਪਹਿਲੇ ਦਿਨ ਵੱਖ ਵੱਖ ਖੇਡਾਂ ਦੇ ਮੁਕਾਬਲੇ ਕਰਵਾਏ ਗਏ। ਸ੍ਰੀ ਲਾਲ ਚੰਦ ਕਟਾਰੂਚੱਕ ਨੇ 100 ਮੀਟਰ ਰੇਸ ਵਿੱਚ ਜਿੱਤੇ ਹੋਏ ਖਿਡਾਰੀਆਂ ਨੂੰ ਆਪਣੇ ਹੱਥਾਂ ਨਾਲ ਮੈਡਲ ਦਿੱਤੇ ਅਤੇ ਅੱਗੇ ਵੱਧਣ ਅਤੇ ਆਪਣੇ ਸਕੂਲ, ਜਿਲ੍ਹੇ ਅਤੇ ਸੂਬੇ ਦਾ ਨਾਮ ਰੋਸ਼ਨ ਕਰਨ ਨੂੰ ਕਿਹਾ ਜਿਸ ਨਾਲ ਉਹਨਾਂ ਦੇ ਮਾਪਿਆਂ ਨੂੰ ਵੀ ਉਹਨਾਂ ਤੇ ਗਰਵ ਅਤੇ ਮਾਨ ਹੋਵੇ। ਜਿਕਰਯੋਗ ਹੈ ਕਿ ਸ੍ਰੀ ਲਾਲ ਚੰਦ ਕਟਾਰੂਚੱਕ ਅਤੇ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਸਾਰੇ ਖਿਡਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਵੱਲੋਂ ਸਾਰੇ ਸਟਾਫ ਨੂੰ ਵੀ ਖੇਡਾਂ ਵਤਨ ਪੰਜਾਬ ਦੀਆਂ ਕਰਵਾਉਂਣ ਲਈ ਸੁਭਕਾਮਨਾਵਾਂ ਦਿੱਤੀਆਂ। ਇਸ ਮੋਕੇ ਤੇ ਉਨ੍ਹਾਂ ਵੱਲੋਂ ਖੇਡਾਂ ਸੁਰੂ ਕਰਨ ਦੀ ਪ੍ਰਵਾਨਗੀ ਵੀ ਦਿੱਤੀ ਗਈ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆ-2023 ਅਧੀਨ ਪਹਿਲੇ ਬਲਾਕ ਪੱਧਰੀ ਮੁਕਾਬਲੇ ਕਰਵਾਏ ਜਾ ਚੁੱਕੇ ਹਨ ਅਤੇ ਹੁਣ ਜਿਲ੍ਹਾ ਪੱਧਰੀ ਅਤੇ ਪੰਜਾਬ ਪੱਧਰੀ ਖੇਡਾਂ ਜਿਲ੍ਹੇ ਅੰਦਰ ਕਰਵਾਈਆਂ ਜਾਣੀਆਂ ਹਨ। ਉਨ੍ਹਾਂ ਖਿਡਾਰੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਅਹਿਮ ਅੰਗ ਹਨ ਇਸ ਨਾਲ ਸਾਨੂੰ ਅੱਗੇ ਵੱਧਣ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਅਸੀਂ ਸਰੀਰਿਕ ਤੋਰ ਤੇ ਵੀ ਤੰਦਰੁਸਤ ਰਹਿੰਦੇ ਹਾਂ। ਉਨ੍ਹਾਂ ਕਿਹਾ ਕਿ ਉਹ ਉਮੀਦ ਕਰਦੇ ਹਨ ਕਿ ਸਾਰੇ ਖਿਡਾਰੀ ਅਨੁਸਾਸਨ ਦੀ ਪਾਲਣਾ ਕਰਦੇ ਹੋਏ ਇਨ੍ਹਾਂ ਖੇਡਾਂ ਵਿੱਚ ਭਾਗ ਲੈਣਗੇ। ਅੰਤ ਵਿੱਚ ਖੇਡ ਵਿਭਾਗ ਅਤੇ ਸਿੱਖਿਆ ਵਿਭਾਗ ਵੱਲੋਂ ਇੱਕ ਯਾਦਗਾਰ ਚਿੰਨ੍ਹ ਭੇਂਟ ਕਰਕੇ ਮੁੱਖ ਮਹਿਮਾਨ ਸ੍ਰੀ ਲਾਲ ਚੰਦ ਕਟਾਰੂਚੱਕ ਅਤੇ ਡਿਪਟੀ ਕਮਿਸਨਰ ਪਠਾਨਕੋਟ ਨੂੰ ਸਨਮਾਨਤ ਕੀਤਾ ਗਿਆ।

# ਪੁੰਗਰਦੇ ਹਰਫ (ਵਿਸ਼ਵ ਸਾਹਿਤਕ ਮੰਚ) ਵੱਲੋਂ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਸਹਿਯੋਗ ਨਾਲ ਮਹਿਫ਼ਿਲ-ਏ-ਸੰਗੀਤ-ਜ਼ੂਮ ਰਾਹੀ

ਮਾਂ ਬੋਲੀ ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਆਪਣੀ ਸੁਹਿਰਦਤਾ ਦਾ ਸਬੂਤ ਦਿੰਦਿਆਂ, ਪੁੰਗਰਦੇ ਹਰਫ (ਵਿਸ਼ਵ ਸਾਹਿਤਕ ਮੰਚ) ਦੇ ਪੰਬੰਧਕਾਂ ਬਲਿਹਾਰ ਸਿੰਘ ਲੇਹਲ ਚੇਅਰਮੈਨ, ਰਮਨਦੀਪ ਕੌਰ ਰੰਮੀ ਸੰਸਥਾਪਿਕਾ ਅਤੇ ਅਮਨਬੀਰ




ਸਿੰਘ ਧਾਮੀ ਪ੍ਰਧਾਨ ਵੱਲੋਂ ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਦੇ ਸਹਿਯੋਗ ਨਾਲ ਇਕ ਮਹਿਫ਼ਲ-ਏ-ਸੰਗੀਤ ਪ੍ਰੋਗਰਾਮ ਨੂੰ ਇਸ ਮਹੀਨੇ ਜ਼ੂਮ ਰਾਹੀ ਅੰਜ਼ਾਮ ਦਿੱਤਾ ਗਿਆ। ਲਹਿੰਦੇ ਪੰਜਾਬ (ਪਾਕਿਸਤਾਨ) ਅਤੇ ਚੜ੍ਹਦੇ ਪੰਜਾਬ (ਭਾਰਤ), ਸਾਊਥ ਕੋਰੀਆ, ਅਮਰੀਕਾ, ਇਟਲੀ ਅਤੇ ਇੰਗਲੈਂਡ ਵੱਸਦੇ ਸਾਹਿਤਕਾਰਾਂ ਨੇ, ਸੁਰਾਂ ਨੂੰ ਵੱਖ ਵੱਖ ਰੰਗਾਂ *ਚ ਰੰਗ ਕੇ ਪੰਜਾਬੀ ਗਾਇਕੀ ਦੇ ਰੰਗ ਬਿਖੇਰੇ।ਗਰੁੱਪ ਦੀ ਸੰਸਥਾਪਿਕਾ ਰਮਨਦੀਪ ਕੌਰ ਰੰਮੀ ਨੇ ਆਏ ਹੋਏ ਮਹਿਮਾਨਾਂ ਨੂੰ 'ਜੀ ਆਇਆਂ' ਕਿਹਾ ਅਤੇ ਸਾਊਥ ਕੋਰੀਆ ਵੱਸਦੇ ਇਸ ਗਰੁੱਪ ਦੇ ਪ੍ਰਧਾਨ ਅਮਨਬੀਰ ਸਿੰਘ ਧਾਮੀ ਨੇ ਸਪਤ-ਸੁਰਾਂ ਵਰਗੇ ਸ਼ਬਦਾਂ ਨਾਲ, ਪ੍ਰੋਗਰਾਮ ਦਾ ਆਗਾਜ਼ ਕੀਤਾ।ਅੱਜ ਦੇ ਸਮਾਗਮ ਦੇ ਮੁੱਖ ਮਹਿਮਾਨ ਕਈ ਭਾਸ਼ਾਵਾਂ ਦੇ ਵਿਦਵਾਨ ਅਤੇ ਲੇਖਕ ਡਾ. ਹਰਜੀਤ ਸਿੰਘ ਸੱਧਰ ਨੇ ਆਪਣੀ ਗ਼ਜ਼ਲ 'ਆ ਉਏ ਵੈਰੀ ਵਰਗਿਆ ਮਿੱਤਰਾ,ਐਵੇਂ ਨਾ ਹੁਣ ਸਮਾਂ ਗਵਾਈਏ। ਉਹ ਜਿੱਥੇ ਫੱਟ ਲਾਉਂਦੇ ਨੇ ਆਪਾਂ ਉਥੇ ਮੱਲ੍ਹਮ ਲਾਈਏ,' ਅਤੇ ਆਪਣੀ ਇਕ ਹੋਰ ਚਰਚਿਤ ਗ਼ਜ਼ਲ-'ਭਾਵੇਂ ਖਾਸ ਹਾਂ, ਭਾਵੇਂ ਆਮ ਹਾਂ, ਆਪਣੇ ਸੁਭਾਅ ਦਾ ਮੈਂ ਗੁਲਾਮ ਹਾਂ, ਦੁੱਖ ਸੁੱਖ ਭੋਗਦਾ ਮੈਂ ਆਵਾਮ ਹਾਂ।' ਨੂੰ ਤਰੰਨਮ 'ਚ ਗਾ ਕੇ ਅੱਜ ਦੀ ਮਹਿਫ਼ਿਲ ਦੀ ਸਾਰਥਿਕਤਾ ਸਿੱਧ ਕਰ ਦਿੱਤੀ। ਹਾਜ਼ਰ ਵਿਸ਼ੇਸ਼ ਮਹਿਮਾਨਾਂ ਅਤੇ ਅਹੁਦੇਦਾਰਾਂ-ਪ੍ਰਸਿੱਧ ਕੰਮਪੋਜ਼ਰ ਗਾਇਕ ਮੁਬਾਰਕ, ਲਹਿੰਦੇ ਪੰਜਾਬ ਤੋਂ ਇਸ ਮਹਿਫਲ ਦੀ ਸ਼ਾਨ ਬਣੀ ਨੌਸ਼ੀਨ ਨੌਸ਼ੀ (ਬਾਬਾ ਬੁੱਲ੍ਹੇ ਸ਼ਾਹ ਦਾ ਕਲਾਮ), ਮਿਊਜ਼ਿਕ ਨੂੰ ਸਮਰਪਿਤ ਡਾ. ਅਮਨਪ੍ਰੀਤ ਕੌਰ ਕੰਗ, ਸੁਰੀਲੀ ਆਵਾਜ਼ ਦੀ ਮਾਲਕ ਸਤਿੰਦਰਜੀਤ ਕੌਰ, ਮਿਠਾਸ ਭਰੀ ਆਵਾਜ਼ ਅਤੇ ਨਵੀਆਂ ਰਾਹਾਂ ਦੇ ਨਕਸ਼ ਉਲੀਕਣ ਵਾਲੀ ਕਲਮ-ਕਵਿੱਤਰੀ ਹਰਮੀਤ ਕੌਰ ਮੀਤ, ਕਵੀਸ਼ਰੀ ਦੀਆਂ ਸੁਰਾਂ ਦੇ ਸੰਗ ਵਿਚਰਣ ਵਾਲਾ ਗਾਇਕ ਕਸ਼ਮੀਰ ਸਿੰਘ ਸਰਾਵਾਂ (ਮੁੱਖ ਮਹਿਮਾਨ), ਕੰਵਲਜੀਤ ਕੌਰ, ਜਸ ਇਮਰਾਨ, ਮੰਚ ਦੀ ਸਕੱਤਰ ਮਨਦੀਪ ਕੌਰ ਭਦੌੜ (ਤਰੰਨਮ ਵਿੱਚ ਗ਼ਜ਼ਲ), ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਪ੍ਰੈਸ ਸਕੱਤਰ ਵਿਅੰਗਕਾਰ ਮੰਗਤ ਕੁਲਜਿੰਦ (ਕਾਵਿ-ਹਾਸ ਤੇ ਸੱਭਿਆਚਾਰਕ ਗੀਤ), ਸਫਲ ਪ੍ਰਬੰਧਕ ਦੇ ਤੌਰ ਤੇ ਜਾਣੀ ਜਾਂਦੀ ਕਵਿੱਤਰੀ ਰਮਨਦੀਪ ਕੌਰ ਰੰਮੀ (ਗੀਤ) ਆਦਿ ਨੇ ਗੀਤ ਪੇਸ਼ ਕਰਦਿਆਂ ਸੰਗੀਤ ਅਤੇ ਤਰੰਨਮ ਨਾਲ ਸਮਾਂ ਬੰਨ੍ਹੀ ਰੱਖਿਆ। ਅੱਜ ਦੇ ਪ੍ਰੋਗਰਾਮ ਦਾ ਸੰਚਾਲਨ ਕਰ ਰਹੇ ਅਮਨਬੀਰ ਧਾਮੀ ਨੇ ਆਪਣੇ ਇਸ ਗੀਤ -ਇਹ ਖੇਡ ਸਾਰੀ ਤਕਦੀਰ ਦੀ ਏ, ਕਦੇ ਜਿੱਤ ਜਾਵੇ ਕਦੇ ਹਾਰ ਜਾਵੇ। ਡੁੱਬ ਜਾਂਦੀ ਕਦੇ ਕਿਨਾਰੇ ਤੇ, ਕਦੇ ਸੱਤ ਸਮੁੰਦਰੋਂ ਪਾਰ ਜਾਵੇ।' ਨਾਲ ਜ਼ਿੰਦਗੀ ਦੇ ਸੱਚ ਦੀ ਤਸਵੀਰਕਸ਼ੀ ਕੀਤੀ। ਮੰਚ ਉਪਰ, ਆਪਣੀਆਂ ਸ਼ੁਭ ਇਛਾਵਾਂ ਦਾ ਸਿਰ ਤੇ ਹੱਥ ਰੱਖੀ ਰੱਖਣ ਵਾਲੇ ਇਟਲੀ ਵੱਸਦੇ ਸ਼ਬਦ-ਭੰਡਾਰੀ ਵਿਦਵਾਨ ਦਲਜਿੰਦਰ ਰੀਹਲ ਨੇ ਸਾਹਿਤਕ ਸੰਸਥਾਵਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਸਦਾ ਹੀ 'ਵੱਡੇ ਸੰਨੇਹੇ' ਸਮਾਜ ਨੂੰ ਦਿੰਦੀਆਂ ਹਨ ਅਤੇ ਅੱਜ ਵੀ ਆਪਣੀ ਕਲਾ ਨਾਲ ਬਹੁਤ ਵੱਡਾ ਸੰਨੇਹਾ ਦਿੱਤਾ ਗਿਆ ਹੈ।ਸਾਹਿਤਕਾਰਾਂ ਦੀ, 'ਭੂਆ ਦੇ ਰਿਸ਼ਤੇ' ਨਾਲ ਨਿਵਾਜ਼ੀ, ਯੂਕੇ *ਚ ਵੱਸਦੀ, ਬੀਬਾ ਕੁਲਵੰਤ ਕੌਰ ਢਿਲੋਂ ਦਾ ਬੋਲਿਆ ਇਕ ਇਕ ਸ਼ਬਦ ਸਭ ਦਾ ਹੌਸਲਾਂ ਵਧਾ ਰਿਹਾ ਸੀ, ਉਥੇ ਉਸਤਾਦ ਸਾਦਿਕ ਫ਼ਿਜ਼ਾਂ ਸਾਹਿਬ ਦਾ ਸ਼ਾਬਦਿਕ-ਅਸ਼ੀਰਵਾਦ ਫ਼ਿਜ਼ਾ ਨੂੰ ਤਾਕਤ ਬਖ਼ਸ਼ ਰਿਹਾ ਸੀ। ਇਸ ਪ੍ਰੋਗਰਾਮ ਦਾ ਫੇਸਬੁੱਕ ਪੇਜ ਉੱਤੇ ਅਤੇ ਯੂ-ਟਿਊਬ ਉਤੇ ਸਿੱਧਾ ਪ੍ਰਸਾਰਣ ਵੀ ਚੱਲਿਆ ਜੋ ਕਿ ਹੁਣ ਵੀ ਵੇਖਿਆ ਜਾ ਸਕਦਾ ਹੈ।

**ਅਮਨਬੀਰ ਸਿੰਘ ਧਾਮੀ ਪ੍ਰਧਾਨ, ਪੁੰਗਰਦੇ ਹਰਫ (ਵਿਸ਼ਵ ਸਾਹਿਤਕ ਮੰਚ)**
**ਮੰਗਤ ਕੁਲਜਿੰਦ ਪ੍ਰੈਸ ਸਕੱਤਰ (ਪੰ.ਲਿ.ਸ. ਸਿਆਟਲ),**
**ਮੋ.ਤੇ ਵੱਟਸ. +1 425 286 0163**

# ਖ਼ਾਲਸਾ ਕਾਲਜ 'ਚ ਭਾਈ ਘਨੱਈਆ ਜੀ ਮੱਲ੍ਹਮ ਪੱਟੀ ਦਿਵਸ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਕਾਲਜ ਦੇ ਰੈੱਡ ਰੀਬਨ ਕਲੱਬ ਵਲੋਂ ਐੱਨ.ਐੱਸ.ਐੱਸ. ਯੂਨਿਟ ਦੇ ਸਹਿਯੋਗ ਨਾਲ ਭਾਈ ਘਨੱਈਆ ਜੀ ਮੱਲ੍ਹਮ ਪੱਟੀ ਦਿਵਸ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ ਗਿਆ। ਬੀ.ਡੀ.ਸੀ. ਬਲੱਡ ਸੈਂਟਰ ਨਵਾਂਸ਼ਹਿਰ ਦੇ ਤਕਨੀਕੀ ਸਹਿਯੋਗ ਨਾਲ ਲਗਾਏ ਗਏ ਕੈਂਪ ਵਿਚ ਕਾਲਜ ਵਿਦਿਆਰਥੀਆਂ ਵਲੋਂ 35 ਯੂਨਿਟ ਖ਼ੂਨ ਦਾਨ ਕੀਤਾ ਗਿਆ। ਖ਼ੂਨਦਾਨ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਸਾਬਕਾ



ਵਿਧਾਇਕ ਵਲੋਂ ਕੀਤਾ ਗਿਆ। ਇਸ ਮੌਕੇ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਖ਼ੂਨਦਾਨੀ ਵਿਦਿਆਰਥੀਆਂ ਦੀ ਹੌਂਸਲਾ ਅਫ਼ਜਾਈ ਅਤੇ ਕੈਂਪ ਦੇ ਉਪਰਾਲੇ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਖ਼ੂਨਦਾਨ ਇਕ ਮਹਾਂਦਾਨ ਹੈ ਤੇ ਕਾਲਜ ਵਿਦਿਆਰਥੀਆਂ ਵਲੋਂ ਇਸ ਮਾਨਵਤਾ ਦੇ ਕਾਰਜ ਵਿਚ ਹਿੱਸਾ ਲੈਣਾ ਇਕ ਚੰਗੀ ਪਿਰਤ ਹੈ, ਜਿਸਨੂੰ ਹਮੇਸ਼ਾਂ ਜਾਰੀ ਰੱਖਣਾ ਚਾਹੀਦਾ ਹੈ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਲਖਵਿੰਦਰਜੀਤ ਕੌਰ ਨੇ ਮੁੱਖ ਮਹਿਮਾਨ ਤੇ ਖ਼ੂਨਦਾਨੀਆਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ। ਉਨ੍ਹਾਂ ਵਿਦਿਆਰਥੀਆਂ ਨੂੰ ਹੌਂਸਲਾ ਅਫ਼ਜਾਈ ਕਰਦਿਆਂ ਕਿਹਾ ਕਿ ਖ਼ੂਨਦਾਨ ਕੈਂਪ ਦੇ ਕਾਰਜ ਨੂੰ ਆਉਂਦੇ ਸਾਲਾਂ ਵਿਚ ਵੀ ਜਾਰੀ ਰੱਖਿਆ ਜਾਵੇਗਾ। ਕਾਲਜ ਵਿਖੇ ਖ਼ੂਨਦਾਨ ਸਬੰਧੀ ਕਰਵਾਏ ਗਏ ਜਾਗਰੂਕਤਾ ਲੈਕਚਰ ਵਿਚ ਡਾ. ਅਜੇ ਬੱਗਾ ਨੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਕੇ ਸਮਾਜ ਸੇਵਾ ਦੇ ਕਾਰਜ ਵਿਚ ਹਿੱਸਾ ਪਾਉਣ ਅਤੇ ਤੰਦਰੁਸਤ ਜੀਵਨ ਜਿਉਣ ਲਈ ਪ੍ਰੇਰਿਤ ਕੀਤਾ। ਖ਼ੂਨਦਾਨ ਕੈਂਪ ਦੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਕਾਲਜ ਦੇ ਰੈੱਡ ਰੀਬਨ ਕਲੱਬ ਦੇ ਪ੍ਰੋ. ਅਰਵਿੰਦਰ ਕੌਰ ਅਤੇ ਐੱਨ.ਐੱਸ.ਐੱਸ. ਯੂਨਿਟ ਦੇ ਇੰਚਾਰਜ ਡਾ. ਅਰਵਿੰਦਰ ਸਿੰਘ ਅਰੋੜਾ ਵਲੋਂ ਨਿਭਾਈ ਗਈ, ਕਾਲਜ ਵਿਦਿਆਰਥੀ ਯੂਨਿਟ ਦੇ ਪ੍ਰਧਾਨ ਰਮਨਪ੍ਰੀਤ ਸਿੰਘ ਢਿੱਲੋਂ ਨੇ ਵਿਦਿਆਰਥੀਆਂ ਨੂੰ ਖ਼ੂਨਦਾਨ ਕਰਨ ਲਈ ਪ੍ਰੇਰਿਤ ਕੀਤਾ। ਖ਼ੂਨਦਾਨ ਕੈਂਪ ਵਿਚ ਪ੍ਰੀਤ ਕੋਹਲੀ ਸਹਾਇਕ ਡਾਇਰੈਕਟਰ ਰੈੱਡ ਰੀਬਨ ਕਲੱਬ ਹੁਸ਼ਿਆਰਪੁਰ, ਐੱਸ.ਐੱਚ.ਓ. ਇੰਸਪੈਕਟਰ ਜੈ ਪਾਲ, ਡਾ. ਬਿੱਕਰ ਸਿੰਘ ਪ੍ਰਧਾਨ ਦੋਆਬਾ ਸਾਹਿਤ ਸਭਾ, ਅਕਾਲੀ ਆਗੂ ਜਿੰਦਰ ਸਿੰਘ ਗਿੱਲ, ਸੁਖਦੇਵ ਸਿੰਘ ਰੁੜਕੀਖਾਸ, ਪਰਮਿੰਦਰ ਸਿੰਘ ਸੁਪਰਡੈਂਟ, ਸੁੱਚਾ ਸਿੰਘ ਬਿਲੜੋਂ, ਸੁਰਿੰਦਰ ਸਿੰਘ ਦਾਰਾਪੁਰੀ, ਮੋਟੀਵੇਟਰ ਭੁਪਿੰਦਰ ਸਿੰਘ ਰਾਣਾ, ਡਾ. ਕ੍ਰਿਸ਼ਨ ਬੱਧਣ, ਡਾ. ਲਖਵਿੰਦਰ ਬਿਲੜੋਂ ਤੋਂ ਇਲਾਵਾ ਬੀ.ਡੀ.ਸੀ. ਬਲੱਡ ਸੈਂਟਰ ਵਲੋਂ ਡਾ. ਅਜੇ ਬੱਗਾ, ਰਾਜੀਵ ਕੁਮਾਰ, ਮਲਕੀਤ ਸਿੰਘ ਤੇ ਟੀਮ ਮੈਂਬਰ, ਕਾਲਜ ਸਟਾਫ਼ ਤੇ ਵਿਦਿਆਰਥੀ ਹਾਜ਼ਰ ਹੋਏ।

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਨਿੱਝਰ ਹੱਤਿਆ ਮਾਮਲੇ ’ਤੇ ਜੈਸ਼ੰਕਰ ਨੇ ਕਿਹਾ, ‘ਵਿਦੇਸ਼ਾਂ ’ਚ ਅਜਿਹਾ ਕਰਨਾ ਭਾਰਤ ਸਰਕਾਰ ਦੀ ਨੀਤੀ ਨਹੀਂ’

**ਨਵੀਂ ਦਿੱਲੀ–** ਪਹਿਲੀ ਵਾਰ ਭਾਰਤ-ਕੈਨੇਡਾ ਵਵਿਾਦ ‘ਤੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਕਿ ਭਾਰਤ ਨੇ ਖਾਲਿਸਤਾਨੀ ਅਤਵਿਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਬਾਰੇ ਕੈਨੇਡਾ ਦੱਸਿਆ ਸੀ ਕਿ ਅਜਿਹਾ ਕਰਨਾ ਭਾਰਤ ਸਰਕਾਰ ਦੀ ਨੀਤੀ ਨਹੀਂ ਹੈ, ਜੇ ਤੁਹਾਡੇ ਕੋਲ ਇਸ ਸਬੰਧੀ ਕੁਝ ਖਾਸ ਤੇ ਭਰੋਸੇਯੋਗ ਹੈ ਤਾਂ ਸਾਨੂੰ ਦੱਸੋ। ਅਸੀਂ ਇਸ ਦੀ ਘੋਖ ਕਰਾਂਗੇ। ਮੰਤਰੀ ਦੀ ਇਹ ਟਿੱਪਣੀ ਅਮਰੀਕਾ ਅਤੇ ਕੈਨੇਡਾ ਵੱਲੋਂ ਨਿੱਝਰ ਦੇ ਕਤਲ ਦੀ ਚੱਲ ਰਹੀ ਜਾਂਚ ਵਿੱਚ ਸਹਿਯੋਗ ਕਰਨ ਲਈ ਭਾਰਤ ਨੂੰ ਵਾਰ-ਵਾਰ ਕਹਿਣ ਦੇ ਮੱਦੇਨਜ਼ਰ ਹੈ।



**ਭਾਰਤੀ ਕੂਟਨੀਤਕ ਮਿਸ਼ਨਾਂ ਦੇ ਬਾਹਰ ਰੋਸ ਪ੍ਰਦਰਸ਼ਨ**

ਖਾਲਿਸਤਾਨ ਹਮਾਇਤੀਆਂ ਨੇ ਕੈਨੇਡਾ ਦੇ ਵੈਨਕੂਵਰ, ਓਟਵਾ ਤੇ ਟੋਰਾਂਟੋ ਵਿਚਲੇ ਭਾਰਤੀ ਕੂਟਨੀਤਕ ਮਿਸ਼ਨਾਂ ਦੇ ਬਾਹਰ ਇਕੱਠੇ ਹੋ ਕੇ ਰੋਸ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਭਾਰਤ ਨਿੱਝਰ ਹੱਤਿਆ ਮਾਮਲੇ ਦੀ ਜਾਂਚ ਵਿਚ ਕੈਨੇਡਾ ਸਰਕਾਰ ਨੂੰ ਸਹਿਯੋਗ ਦੇਵੇ। ਡਾਊਨਟਾਊਨ ਵੈਨਕੂਵਰ ਵਿਚ ਭਾਰਤੀ ਕੌਂਸੁਲ ਜਨਰਲ ਦੇ ਦਫਤਰ ਬਾਹਰ 75 ਦੇ ਕਰੀਬ ਲੋਕ ਇਕੱਤਰ ਹੋਏ ਤੇ ਉਨ੍ਹਾਂ ਖਾਲਿਸਤਾਨ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ। ਵੈਨਕੂਵਰ ਪੁਲਿਸ ਨੇ ਸਿੱਖਸ ਫਾਰ ਜਸਟਿਸ (ਐਸਐਫਜੇ) ਦੇ ਸੱਦੇ ’ਤੇ ਦਿੱਤੇ ਜਾਣ ਵਾਲੇ ਇਸ ਤਜਵੀਜ਼ਤ ਧਰਨੇ ਦੇ ਮੱਦੇਨਜ਼ਰ ਵੱਖ ਵੱਖ ਥਾਈਂ ਰੋਕਾਂ ਲਾਈਆਂ ਸਨ। ਭਾਰਤੀ ਮਿਸ਼ਨਾਂ ਦੇ ਬਾਹਰ ਸਖ਼ਤ ਸੁਰੱਖਿਆ ਦੇ ਪ੍ਰਬੰਧ ਕੀਤੇ ਗਏ ਸਨ। ਇਸੇ ਤਰ੍ਹਾਂ ਟੋਰਾਂਟੋ ਤੇ ਓਟਵਾ ਵਿਚ ਵੀ ਭਾਰਤੀ ਹਾਈ ਕਮਿਸ਼ਨ ਦੇ ਸਾਹਮਣੇ 70 ਦੇ ਕਰੀਬ ਲੋਕਾਂ ਨੇ ਨਾਅਰੇਬਾਜ਼ੀ ਕਰਦਿਆਂ ਮੰਗ ਕੀਤੀ ਕਿ ਭਾਰਤ ਨਿੱਝਰ ਹੱਤਿਆ ਮਾਮਲੇ ਵਿੱਚ ਕੈਨੇਡੀਅਨ ਸਰਕਾਰ ਨੂੰ ਸਹਿਯੋਗ ਦੇਵੇ।

## ਅਫਗਾਨਿਸਤਾਨ 'ਚ ਅੱਤਵਾਦੀਆਂ ਦੇ ਟਿਕਾਣਿਆਂ 'ਤੇ ਛਾਪੇਮਾਰੀ ਦੌਰਾਨ ਕਮਾਂਡਰ ਦੀ ਮੌਤ

**ਇਸਲਾਮਾਬਾਦ–** ਪਾਕਿਸਤਾਨੀ ਸੈਨਿਕਾਂ ਨੇ ਅਫਗਾਨਿਸਤਾਨ ਸਰਹੱਦ ਨੇੜੇ ਇਕ ਸ਼ੱਕੀ ਅੱਤਵਾਦੀ ਟਿਕਾਣੇ 'ਤੇ ਛਾਪਾ ਮਾਰਿਆ। ਮੰਗਲਵਾਰ ਨੂੰ ਇਹ ਜਾਣਕਾਰੀ ਦਿੰਦੇ ਹੋਏ ਫੌਜ ਨੇ ਕਿਹਾ ਕਿ ਛਾਪੇਮਾਰੀ ਦੌਰਾਨ ਗੋਲੀਬਾਰੀ ਹੋਈ, ਜਿਸ 'ਚ ਤਿੰਨ ਅੱਤਵਾਦੀ ਮਾਰੇ ਗਏ।

ਫ਼ੌਜ ਦੇ ਇਕ ਬਿਆਨ ਅਨੁਸਾਰ, ਖ਼ੈਬਰ ਪਖ਼ਤੂਨਖ਼ਵਾ ਸੂਬੇ ਦੇ ਖੈਬਰ ਜ਼ਿਲ੍ਹੇ ਵਿਚ ਸੋਮਵਾਰ ਦੇਰ ਰਾਤ ਗੋ.ਲੀਬਾਰੀ ਵਿਚ ਮਾਰੇ ਗਏ ਲੋਕਾਂ ਵਿਚ ਇਕ ਅੱਤਵਾਦੀ ਕਮਾਂਡਰ ਵੀ ਸ਼ਾਮਲ ਹੈ। ਹਾਲਾਂਕਿ ਫ਼ੌਜ ਨੇ ਕੋਈ ਵਾਧੂ ਜਾਣਕਾਰੀ ਨਹੀਂ ਦਿੱਤੀ ਹੈ। ਫ਼ੌਜ ਨੇ ਕਿਹਾ ਕਿ ਨਿਸ਼ਾਨਾ ਬਣਾਏ ਗਏ ਅੱਤਵਾਦੀਆਂ ਨੇ ਪਾਕਿਸਤਾਨੀ ਸੈਨਿਕਾਂ 'ਤੇ ਕਈ ਵਾਰ ਹਮਲਾ ਕੀਤਾ।

ਪਾਕਿਸਤਾਨੀ ਤਾਲਿਬਾਨ ਨੂੰ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਜਾਂ ਟੀਟੀਪੀ ਇਹ ਇੱਕ ਵੱਖਰਾ ਸਮੂਹ ਹੈ, ਪਰ ਇਹ ਅਫਗਾਨ ਤਾਲਿਬਾਨ ਨਾਲ ਜੁੜਿਆ ਹੋਇਆ ਹੈ। ਦੋ ਸਾਲ ਪਹਿਲਾਂ, 20 ਸਾਲਾਂ ਦੀ ਲੜਾਈ ਤੋਂ ਬਾਅਦ ਅਮਰੀਕੀ ਅਤੇ ਨਾਟੋ ਫੌਜਾਂ ਨੇ ਦੇਸ਼ ਤੋਂ ਵਾਪਸੀ ਕੀਤੀ ਸੀ। ਇਸ ਦੌਰਾਨ ਤਾਲਿਬਾਨ ਨੇ ਅਫਗਾਨਿਸਤਾਨ 'ਤੇ ਕਬਜ਼ਾ ਕਰ ਲਿਆ ਸੀ। ਤਾਲਿਬਾਨ ਦੇ ਅਫਗਾਨਿਸਤਾਨ 'ਤੇ ਕਬਜ਼ੇ ਨੇ ਪਾਕਿਸਤਾਨੀ ਤਾਲਿਬਾਨ ਨੂੰ ਹੌਂਸਲਾ ਦਿੱਤਾ ਹੈ ਅਤੇ ਪੁਲਿਸ ਅਤੇ ਸੈਨਿਕਾਂ ਵਿਰੁੱਧ ਹਮਲੇ ਤੇਜ਼ ਕਰ ਦਿੱਤੇ ਹਨ।

## ਪੈਂਟਾਗਨ ਦੇ ਸਾਬਕਾ ਅਧਿਕਾਰੀ ਭਾਰਤ ਤੇ ਕੈਨੇਡਾ ਵਿਵਾਦ ਨੂੰ ਨਹੀਂ ਮੰਨਦੇ ਗੰਭੀਰ

**ਵਾਸ਼ਿੰਗਟਨ ਡੀਸੀ–** ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਖਾਲਿਸਤਾਨੀ ਕੱਟੜਪੰਥੀ ਹਰਜੀਤ ਸਿੰਘ ਨਿੱਝਰ ਦੇ ਕਤਲ ਲਈ ਭਾਰਤ ਨੂੰ ਜ਼ਿੰਮੇਵਾਰ ਠਹਿਰਾਉਣ ਨੂੰ ਲੈ ਕੇ ਦੇਸ਼ ਹੀ ਨਹੀਂ ਸਗੋਂ ਵਿਦੇਸ਼ੀ ਨੇਤਾਵਾਂ ਦੇ ਵੀ ਨਿਸ਼ਾਨੇ 'ਤੇ ਆ ਗਏ ਹਨ। ਹੁਣ ਅਮਰੀਕਾ ਦੇ ਸਾਬਕਾ ਅਧਿਕਾਰੀ ਨੇ ਕਿਹਾ ਕਿ ਟਰੂਡੋ ਨੇ ਵੱਡੀ ਗਲਤੀ ਕੀਤੀ ਹੈ। ਪੈਂਟਾਗਨ ਦੇ ਸਾਬਕਾ ਅਧਿਕਾਰੀ ਮਾਈਕਲ ਰੁਬਿਨ ਨੇ ਕਿਹਾ ਕਿ ਕੈਨੇਡੀਅਨ ਪੀਐਮ ਟਰੂਡੋ ਨੇ ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨਾਲ ਭਾਰਤ ਦੇ ਸਬੰਧ ਹੋਣ ਦਾ ਦੋਸ਼ ਲਗਾ ਕੇ ਵੱਡੀ ਗਲਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਖੁਦ ਆਪਣੇ ਦੋਸ਼ਾਂ ਨੂੰ ਸਾਬਿਤ ਕਰਨ ਤੋਂ ਅਸਮਰੱਥ ਹਨ। ਮਾਈਕਲ ਰੁਬਿਨ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਪੀਐਮ ਟਰੂਡੋ ਨੇ ਵੱਡੀ ਗਲਤੀ ਕੀਤੀ ਹੈ। ਉਹ ਖੁਦ ਆਪਣੇ 'ਤੇ ਲੱਗੇ ਦੋਸ਼ਾਂ ਦਾ ਸਬੂਤ ਨਹੀਂ ਦੇ ਸਕਣਗੇ। ਉਨ੍ਹਾਂ ਕੋਲ ਭਾਰਤ ਸਰਕਾਰ 'ਤੇ ਲੱਗੇ ਦੋਸ਼ਾਂ ਨੂੰ ਸਾਬਿਤ ਕਰਨ ਲਈ ਕੋਈ ਸਬੂਤ ਨਹੀਂ ਹੈ। ਟਰੂਡੋ 'ਤੇ ਨਿਸ਼ਾਨਾ ਸਾਧਦੇ ਹੋਏ ਪੈਂਟਾਗਨ ਦੇ ਸਾਬਕਾ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਦੱਸਣਾ ਹੋਵੇਗਾ ਕਿ ਉਨ੍ਹਾਂ ਦੀ ਸਰਕਾਰ ਇਕ ਵਾਂਟਡ ਨੂੰ ਪਨਾਹ ਕਿਉਂ ਦੇ ਰਹੀ ਹੈ।



ਕੈਨੇਡੀਅਨ ਪ੍ਰਧਾਨ ਮੰਤਰੀ ਵੱਲੋਂ ਭਾਰਤ ਸਰਕਾਰ 'ਤੇ ਲਾਏ ਦੋਸ਼ਾਂ ਬਾਰੇ ਉਨ੍ਹਾਂ ਦੇ ਵਿਚਾਰ ਪੁੱਛੇ ਜਾਣ 'ਤੇ ਉਨ੍ਹਾਂ ਨੇ ਉਪਰੋਕਤ ਗੱਲ ਕਹੀ। ਕੈਨੇਡਾ ਦੇ ਦੋਸ਼ਾਂ 'ਤੇ ਪੈਂਟਾਗਨ ਦੇ ਸਾਬਕਾ ਅਧਿਕਾਰੀ ਤੇ ਅਮੇਰਿਕਨ ਐਂਟਰਪ੍ਰਾਈਜ਼ ਇੰਸਟੀਚਿਊਟ ਦੇ ਸੀਨੀਅਰ ਫੈਲੋ ਮਾਈਕਲ ਰੂਬਿਨ ਦਾ ਕਹਿਣਾ ਹੈ, "...ਮੈਨੂੰ ਲਗਦੈ ਕਿ ਕਿਤੇ ਸੰਯੁਕਤ ਰਾਜ ਅਮਰੀਕਾ ਨੂੰ 2 ਦੋਸਤਾਂ 'ਚੋਂ ਇੱਕ ਦੀ ਚੋਣ ਕਰਨ ਲਈ ਮਜਬੂਰ ਨਾ ਹੋਣਾ ਪਵੇ, ਪਰ ਜੇਕਰ ਸਾਨੂੰ 2 ਦੋਸਤਾਂ ਵਿੱਚੋਂ ਇਕ ਦੀ ਚੋਣ ਕਰਨੀ ਪਵੇਗੀ ਤਾਂ ਅਸੀਂ ਭਾਰਤ ਦੀ ਚੋਣ ਕਰਾਂਗੇ ਕਿਉਂਕਿ ਨਿੱਝਰ ਇੱਕ ਬਦਨਾਮ ਵਿਅਕਤੀ ਸੀ ਤੇ ਭਾਰਤ ਸਾਡੇ ਲਈ ਕਾਫੀ ਅਹਿਮ ਹੈ। ਸਾਡਾ ਰਿਸ਼ਤਾ ਬਹੁਤ ਮਹੱਤਵਪੂਰਨ ਹੈ। ਜਸਟਿਨ ਟਰੂਡੋ ਸ਼ਾਇਦ ਕੈਨੇਡੀਅਨ ਪ੍ਰੀਮੀਅਰਸ਼ਿਪ ਲਈ ਲੰਬੇ ਸਮੇਂ ਤਕ ਨਾ ਰਹਿਣ ਅਤੇ ਫਿਰ ਉਨ੍ਹਾਂ ਦੇ ਚਲੇ ਜਾਣ ਤੋਂ ਬਾਅਦ ਅਸੀਂ ਰਿਸ਼ਤਾ ਦੁਬਾਰਾ ਬਣਾ ਸਕਦੇ ਹਾਂ।"

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com






# ਓਲੰਪੀਅਨ ਸੁਰਿੰਦਰ ਸਿੰਘ ਸੋਢੀ ਦੀ ਪ੍ਰਧਾਨਗੀ ਹੇਠ ਹੋਈ ਸਰਬ ਨੌਜਵਾਨ ਸਭਾ ਦੀ ਮੀਟਿੰਗ

## ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਕਰਵਾਏ ਜਾ ਰਹੇ ਸਮੂਹਿਕ ਵਿਆਹਾਂ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

**ਫਗਵਾੜਾ 25 ਸਤੰਬਰ–** ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਦੀ ਇੱਕ ਵਿਸ਼ੇਸ਼ ਮੀਟਿੰਗ ਸਭਾ ਦੇ ਸਰਪ੍ਰਸਤ ਅਤੇ ਹਾਕੀ ਓਲੰਪੀਅਨ ਸੁਰਿੰਦਰ ਸਿੰਘ ਸੋਢੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਸਭਾ ਵੱਲੋਂ 22 ਅਕਤੂਬਰ ਨੂੰ ਕਰਵਾਏ ਜਾ ਰਹੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਵਿਆਹ ਸਮਾਗਮ ਅਤੇ 28 ਅਕਤੂਬਰ ਨੂੰ ਸ਼ੁਕਰਾਨੇ ਵਜੋਂ ਕਰਵਾਏ ਜਾਣ ਵਾਲੇ ਮਾਂ ਭਗਵਤੀ ਦੇ ਵਿਸ਼ਾਲ ਜਾਗਰਣ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਦੋਵਾਂ ਸਮਾਗਮਾਂ ਦੀਆਂ ਤਿਆਰੀਆਂ ਜ਼ੋਰਾਂ–ਸ਼ੋਰਾਂ ਨਾਲ ਚੱਲ ਰਹੀਆਂ ਹਨ। ਲੋੜਵੰਦ ਪਰਿਵਾਰਾਂ ਦੀ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਪੂਰੀ ਕੀਤੀ ਜਾ ਰਹੀ ਹੈ ਜੋ ਕਿ 2 ਅਕਤੂਬਰ ਤੱਕ ਜਾਰੀ ਰਹੇਗੀ। ਇਸ ਤੋਂ ਇਲਾਵਾ ਵਿਆਹ ਸਮਾਗਮ ਦੀ ਸ਼ਾਨੋ–ਸ਼ੌਕਤ ਅਤੇ ਰੌਣਕ ਵਧਾਉਣ ਲਈ ਪਤਵੰਤਿਆਂ ਨੂੰ ਸੱਦਾ ਪੱਤਰ ਵੰਡਣ ਦਾ ਸਿਲਸਿਲਾ ਵੀ ਜਾਰੀ ਹੈ। ਉਨ੍ਹਾਂ ਦੱਸਿਆ ਕਿ ਸਮੂਹਿਕ ਵਿਆਹ ਸਮਾਗਮ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਫਗਵਾੜਾ ਵਿਖੇ ਹੋਵੇਗਾ ਜਦਕਿ ਨਵ–ਵਿਆਹੇ ਜੋੜਿਆਂ ਨੂੰ ਆਸ਼ੀਰਵਾਦ ਦੇਣ ਲਈ ਮਾਂ ਭਗਵਤੀ ਜਾਗਰਣ ਖੇੜਾ ਹਮੇਸ਼ਾ ਦੀ ਤਰ੍ਹਾਂ ਰੋਡ ਫਗਵਾੜਾ ਵਿਖੇ ਕਰਵਾਇਆ ਜਾਵੇਗਾ। ਇਸ ਦੌਰਾਨ ਓਲੰਪੀਅਨ ਸੁਰਿੰਦਰ ਸਿੰਘ ਸੋਢੀ ਜੋ ਕਿ ਆਮ ਆਦਮੀ ਪਾਰਟੀ ਸਪੋਰਟਸ ਵਿੰਗ ਪੰਜਾਬ ਦੇ ਪ੍ਰਧਾਨ ਅਤੇ ਵਿਧਾਨ ਸਭਾ ਹਲਕਾ ਜਲੰਧਰ ਛਾਉਣੀ ਦੇ ਇੰਚਾਰਜ ਵੀ ਹਨ, ਨੇ ਕਿਹਾ ਕਿ ਉਹ ਆਪਣੇ ਵੱਲੋਂ ਅਤੇ ਪੰਜਾਬ ਸਰਕਾਰ ਵੱਲੋਂ ਵੀ ਹਰ ਸੰਭਵ ਸਹਿਯੋਗ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਭਗਵੰਤ ਮਾਨ ਸਰਕਾਰ ਦੇ ਕੈਬਨਿਟ ਮੰਤਰੀਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਜਲਦ ਹੀ ਸੱਦਾ ਪੱਤਰ ਦੇਣ ਦੀ ਗੱਲ ਵੀ ਕਹੀ। ਮੀਟਿੰਗ ਵਿੱਚ ਹਾਜ਼ਰ ਸਲਾਹਕਾਰ ਕਮੇਟੀ ਮੈਂਬਰਾਂ ਜਤਿੰਦਰ ਸਿੰਘ ਕੁੰਦੀ ਅਤੇ ਸਤਨਾਮ ਸਿੰਘ ਜੱਸੀ ਨੇ ਵੀ ਵਿਆਹ ਸਮਾਗਮ ਦੀ ਸ਼ਾਨ ਨੂੰ ਵਧਾਉਣ ਲਈ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਸਭਾ ਦੇ ਮੀਤ ਪ੍ਰਧਾਨ ਰਵਿੰਦਰ ਸਿੰਘ ਰਾਏ, ਰਿਟਾ. ਹੈੱਡ ਮਾਸਟਰ ਨਰੇਸ਼ ਕੋਹਲੀ, ਰਾਜਕੁਮਾਰ ਰਾਜਾ, ਵਿਕਰਮਜੀਤ ਸਿੰਘ ਵਿੱਕੀ, ਮਨਦੀਪ ਬਾਸੀ, ਸਾਹਿਬਜੀਤ ਸਾਬੀ, ਅਨੂਪ ਦੁੱਗਲ, ਗੁਰਦੀਪ ਸਿੰਘ ਤੁਲੀ, ਸਤਪ੍ਰਕਾਸ਼ ਸਿੰਘ ਸੱਗੂ, ਜਸ਼ਨ ਮਹਿਰਾ, ਆਪ ਪਾਰਟੀ ਦੀ ਸੀਨੀਅਰ ਮਹਿਲਾ ਆਗੂ ਪ੍ਰਿਤਪਾਲ ਕੌਰ ਤੁਲੀ, ਮੈਡਮ ਤਨੂ, ਮੈਡਮ ਪੂਜਾ ਸੈਣੀ, ਮੈਡਮ ਡਾ. ਰਮਨਦੀਪ ਕੌਰ, ਜਗਜੀਤ ਸੇਠ ਮੈਨੇਜਰ, ਮੈਡਮ ਸਪਨਾ ਸ਼ਾਰਦਾ ਆਦਿ ਹਾਜ਼ਰ ਸਨ।



# 'ਚਿੱਟਾ ਦੇ ਗਿਆ ਚਿੱਟੀਆਂ ਚੁੰਨੀਆਂ ਸਿਰ ਮੁਟਿਆਰਾਂ ਦੇ' ਗੀਤ ਪੰਜਾਬੀ ਲਿਖਾਰੀ ਸਭਾ(ਰਜਿ.) ਸਿਆਟਲ ਦੇ ਸਾਹਿਤਕ ਪ੍ਰੋਗਰਾਮ ਵਿੱਚ ਪੇਸ਼

ਮਾਂ ਬੋਲੀ ਪੰਜਾਬੀ ਦੇ ਸਰਵਪੱਖੀ ਵਿਕਾਸ ਲਈ ਆਪਣੀ ਪਿਰਤ ਨੂੰ ਕਾਇਮ ਰੱਖਦਿਆਂ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਵੱਲੋਂ ਕੈਂਟ ਸਿਆਟਲ ਵਿਖੇ ਗੀਤਾਂ ਕਵਿਤਾਵਾਂ ਅਤੇ ਸ਼ੁਭ ਵਿਚਾਰਾਂ ਦਾ ਇਕ ਸਾਹਿਤਕ ਪ੍ਰੋਗਰਾਮ ਜੋ ਪੰਜਾਬੀਅਤ ਨੂੰ ਸਮਰਪਿਤ ਸੀ, ਕਰਵਾਇਆ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਸਰੀ ਰਹਿੰਦੇ, ਅਮਰੀਕਾ ਕੈਨੇਡਾ ਦੀ ਧਰਤੀ ਤੇ ਪੰਜਾਬੀ ਨਾਟਕ ਨੂੰ ਪ੍ਰਫੁਲਤ ਕਰਨ ਅਤੇ ਲੋਕ ਪੱਖੀ ਸੰਘਰਸ਼ਾਂ ਦੀ ਅਗਵਾਈ ਕਰਨ ਵਾਲੇ ਭੈਣ ਪਰਮਿੰਦਰ ਕੌਰ ਸਵੈਚ ਜੀ ਅਤੇ ਉਹਨਾਂ ਦੇ ਜੀਵਨ ਸਾਥੀ ਮਲਕੀਤ ਸਿੰਘ ਸਵੈਚ ਜੀ ਸਨ। ਉਹਨਾਂ ਦੇ ਨਾਲ ਵਿਸ਼ੇਸ਼ ਤੌਰ ਤੇ ਕਰਨੈਲ ਸਿੰਘ ਸਿਧੂ,ਕਮਲਜੀਤ ਕੌਰ ਸਿੱਧੂ,ਅਮਰਜੀਤ ਕੌਰ ਅਤੇ ਜੈਸਮੀਨ ਆਏ ਹੋਏ ਸਨ।

'ਆਪਣੇ ਕੰਮਾਂ ਨਾਲ ਮਿਲੀ ਪਹਿਚਾਣ ਚਿਰ ਸਥਾਈ ਹੁੰਦੀ ਹੈ' ਦੇ ਸਮਰਥਕ ਸਭਾ ਦੇ ਸਕੱਤਰ ਪ੍ਰਿਤਪਾਲ ਸਿੰਘ ਟਿਵਾਣਾ ਨੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਸੱਜਣਾਂ ਦੇ ਆਗਮਨ ਤੇਅਦਬੀ/ ਸਤਿਕਾਰ ਕਰਦਿਆਂ ਪ੍ਰੋਗਰਾਮ ਦੀ ਸ਼ੁਰੂਆਤ ਗੀਤਾਂ ਵਰਗੇ ਸ਼ਬਦਾਂ ਨਾਲ ਕੀਤੀ। ਸਭਾ ਦੇ ਪ੍ਰਧਾਨ ਬਲਿਹਾਰ ਲੇਹਲ ਨੇ ਆਏ ਹੋਏ ਮਹਿਮਾਨਾਂ ਨੂੰ 'ਜੀ ਆਇਆਂ' ਕਿਹਾ ਅਤੇ ਵਿਰਾਸਤ 'ਚ ਮਿਲੀ ਜੁਝਾਰੂ ਅਤੇ ਸਾਹਿਤਕ ਸੋਚ ਦੀ ਮਾਲਕ ਤੇ ਇਸ ਉਪਰ ਸੁਹਿਰਦਤਾ ਨਾਲ ਪਹਿਰਾ ਦੇਣ ਵਾਲੀ ਕਵਿੱਤਰੀ ਅਤੇ ਨਾਟਕਕਾਰਾ–ਵਿਦਿਆਰਥੀ, ਕਿਸਾਨਾਂ, ਮਜ਼ਦੂਰਾਂ ਅਤੇ ਔਰਤਾਂ ਦੇ ਹੱਕਾਂ ਲਈ ਸੰਘਰਸ਼ਸ਼ੀਲ,ਪਾਖੰਡੀ ਬਾਬਿਆਂ ਦੇ ਅੰਧ ਵਿਸ਼ਵਾਸੀ ਮੱਕੜ ਜਾਲ ਤੋਂ ਲੋਕਾਂ ਨੂੰ ਸੁਚੇਤ ਕਰਨ ਵਾਲੀ ਪਰਮਿੰਦਰ ਕੌਰ ਦੀਆਂ ਛਪੀਆਂ ਪੁਸਤਕਾਂ, ਲਹਿਰਾਂ ਦੀ ਵੇਦਨਾ(ਕਾਵਿ ਸੰਗ੍ਰਹਿ), ਭਲਾ ਮੈਂ ਕੌਣ (ਨਾਟ ਸੰਗ੍ਰਹਿ),ਮੁਖੌਟਿਆਂ ਦੇ ਆਰ ਪਾਰ(ਕਾਵਿ ਸੰਗ੍ਰਹਿ), ਬਲਦੇ ਬਿਰਖ((ਲਘੂ ਨਾਟ ਸੰਗ੍ਰਹਿ), ਤਵਾਰੀਖ਼ ਬੋਲਦੀ ਹੈ ਤੇ ਹੋਰ ਨਾਟਕ(ਨਾਟਕ/ਸੰਗ੍ਰਹਿ) ਦਾ ਜ਼ਿਕਰ ਕਰਦਿਆਂ ਉਹਨਾਂ ਨੂੰ ਸਟੇਜ ਤੇ ਆਉਣ ਦਾ ਸੱਦਾ ਦਿੱਤਾ।ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਸੱਦੇ ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ, ਪਰਮਿੰਦਰ ਕੌਰ ਸਵੈਚ ਜੀ ਨੇ ਆਪਣੇ ਲੋਕ–ਪੱਖੀ ਸੰਘਰਸ਼ਾਂ ਦੀ ਜਾਣਕਾਰੀ ਦਿੱਤੀ।ਉਹਨਾਂ ਦਾ ਮੰਨਣਾ ਹੈ ਕਿ ਲੇਖਕ ਕੋਲ ਤੀਜੀ ਅੱਖ ਹੁੰਦੀ ਹੈ ਜਿਸ ਨਾਲ ਉਹ ਸਮਾਜ ਨੂੰ ਵਿਸ਼ਲੇਸ਼ਣਾਤਮਕ ਲਹਿਜ਼ੇ ਨਾਲ ਵੇਖਦਾ ਹੈ। ਕੈਨੇਡਾ ਦੇ ਸਮਾਜ ਵਿੱਚ ਵੱਧ ਰਹੇ ਨਸ਼ਿਆਂ ਦੇ ਰੁਝਾਣ, ਗੈਂਗ ਵਾਰਾਂ ਦਾ ਬੋਲਬਾਲਾ, ਪਨਪ ਰਹੇ ਨਵੇਂ ਵਰਤਾਰੇ (ਗੇਆਂ) ਆਦਿ ਬਾਰੇ ਉਹਨਾਂ ਆਪਣਾ ਨਜ਼ਰੀਆਂ ਪੇਸ਼ ਕੀਤਾ, ਆਪਣੀਆਂ ਦੋ ਜੁਝਾਰਵਾਦੀ ਨਜ਼ਮਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।

ਅੱਜ ਕਵੀ ਦਰਬਾਰ ਦਾ ਆਗਾਜ਼ ਪਰਿਵਾਰਕ ਗੀਤਾਂ ਦੇ ਰਚੇਤਾ, ਸਭਾ ਦੇ ਸਰਪ੍ਰਸਤ ਸ਼ਿੰਗਾਰ ਸਿੰਘ ਸਿੱਧੂ ਦੇ ਗੀਤ , 'ਮਾਪੇ ਜੱਗ ਤੇ ਜਿਉਣ ਸਦਾ, ਧੀਆਂ ਦੀ ਅਰਜ਼ੋਈ' ਨਾਲ ਹੋਇਆ।ਸਭਾ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਆਦਮ ਪੁਰੀ ਨੇ ਕਵਿਤਾ (ਸ਼ਕਲੋਂ ਜੋ ਇਨਸਾਨ ਹੈ ਦਿਸਦਾ,ਅਕਲੋਂ ਕਿਵੇਂ ਹੈਵਾਨ ਹੋਇਆ ਹੈ), ਸਭਾ ਦੇ ਸਤਿਕਾਰਿਤ ਅਹੁਦੇਦਾਰ ਹਰਦਿਆਲ ਸਿੰਘ ਚੀਮਾ ਜੀ ਨੇ ਕਵਿਤਾ(ਜੱਗ ਉਤੇ ਸ਼ਾਤੀ ਦਾ ਮਾਹੌਲ ਜੇ ਹੋਵੇ ਤਾਂ ਦੁਨੀਆਂ ਸਵਰਗ ਸਰੂਪ ਬਣ ਜਾਵੇ), ਸ਼ਬਦ ਤ੍ਰਿੰਜਣ ਮੈਗਜ਼ੀਨ ਦੇ ਸੰਪਾਦਕ ਵਿਅੰਗਕਾਰ ਮੰਗਤ ਕੁਲਜਿੰਦ ਨੇ ਸੱਭਿਆਚਾਰਕ ਗੀਤ (ਇੱਲਾਂ ਤੇ ਕਾਵਾਂ ਰਲ ਕੇ ਪੁੱਛੇ ਸਿਰਨਾਵੇਂ ਬਈ ਕਿਧਰ ਗਏ ਬੋਹੜ ਟਾਹਲੀਆਂ ਪਿੱਪਲ ਪਰਛਾਵੇਂ ਬਈ), ਸਭਾ ਦੇ ਮੀਤ ਸਕੱਤਰ ਸਾਧੂ ਸਿੰਘ ਝੱਜ ਨੇ ਕਵਿਤਾ–ਕਿਉਂ ਮੋਇਆ ਨੂੰ ਪੂਜੀ ਜਾਂਦਾ ਏ ਜਿਉਂਦਿਆਂ ਨੂੰ ਪੁੱਛਿਆ ਨਹੀਂ", ਲੇਖਕ ਗਾਇਕ ਬਲਬੀਰ ਲਹਿਰਾ ਨੇ 'ਚਿੱਟਾ ਦੇ ਗਿਆ ਚਿੱਟੀਆਂ ਚੁੰਨੀਆਂ ਸਿਰ ਮੁਟਿਆਰਾਂ ਦੇ', ਗੀਤ ਪੇਸ਼ ਕੀਤੇ। ਪੰਜਾਬ ਪ੍ਰਤੀ ਮਨ 'ਚ ਦਰਦਾਂ ਦੀ ਕਸਕ ਜਗੀਰ ਸਿੰਘ ਦੀ ਕਵਿਤਾ ਵਿੱਚ ਉਜਾਗਰ ਹੋ ਰਹੀ ਸੀ। ਸਟੇਜ ਸਕੱਤਰ ਦੀ ਡਿਊਟੀ ਨੂੰ ਬਾਖ਼ੂਬੀ ਨਿਭਾਉਦਿਆਂ ਸਕੱਤਰ ਪ੍ਰਿਤਪਾਲ ਸਿੰਘ ਟਿਵਾਣਾ ਨੇ ਸਮੇਂ ਸਮੇਂ ਤੇ ਇਨਸਾਨੀਅਤ ਲਈ ਚੰਗੇ ਵਿਚਾਰਾਂ ਤੋਂ ਸਰੋਤਿਆਂ ਨੂੰ ਜਾਣੂੰ ਕਰਵਾਇਆ। ਸਮਾਜ ਅਤੇ ਮਾਨਵ ਦੇ ਸਰਵਪੱਖੀ ਵਿਕਾਸ ਲਈ ਖੋਜੀ ਪ੍ਰਵਿਰਤੀ ਅਪਨਾਉਣ ਤੇ ਨਵੀਨ ਰਾਏ ਨੇ ਜ਼ੋਰ ਦਿੱਤਾ।

ਇਤਿਹਾਸ ਦੀਆਂ ਗੁੱਝੀਆਂ ਗੱਲਾਂ ਨਾਲ ਸਾਂਝ ਪਵਾਉਣ ਦਾ ਕਾਰਜ ਕਰ ਰਹੇ ਜੰਗਪਾਲ ਸਿੰਘ ਨੇ ਮੁਹੰਮਦ ਜਿਨਾਹ ਦੇ ਘਰ ਬਾਰੇ ਕੀਮਤੀ ਜਾਣਕਾਰੀ ਸਾਂਝੀ ਕੀਤੀ।ਹਰਜਿੰਦਰ ਸਿੰਘ ਸੰਧਾਵਾਲੀਆ ਨੇ ਆਪਣੀ ਆਉਣ ਵਾਲੀ ਫਿਲਮ 'ਨਾਰੀ ਨਹੀਂ ਵਿਚਾਰੀ' ਬਾਰੇ ਜਾਣਕਾਰੀ ਸਾਂਝੀ ਕੀਤੀ। ਜਸਵੀਰ ਕੌਰ ਜੀ ਨੇ ਕਵਿਤਾ, ਹਰਪਾਲ ਸਿੰਘ ਸਿਧੂ ਨੇ ਕਵਿਤਾ 'ਇਨਸਾਨ ਤੋਂ ਇਨਸਾਨ ਕਿਉ ਦੂਰ ਹੁੰਦਾ ਜਾ ਰਿਹਾ ਹੈ ਨਜ਼ਮ ਅਤੇ ਡਾ. ਜਸਬੀਰ ਕੌਰ ਜੀ ਨੇ ਬੰਦੇ ਨੂੰ ਰੱਬ ਦਾ ਸ਼ੁਕਰ ਮਨਾਉਣ ਦੀ ਨਸੀਹਤ ਆਪਣੀ ਕਵਿਤਾ ਰਾਹੀ ਦਿੱਤੀ। ਬਲਿਹਾਰ ਸਿੰਘ ਲੇਹਲ ਨੇ ਅਤੇ ਪ੍ਰਿਤਪਾਲ ਸਿੰਘ ਟਿਵਾਣਾ ਨੇ ਵੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।ਸਿਆਟਲ ਵੱਸਦੇ ਅਨੇਕਾਂ ਗੀਤਾਂ ਨੂੰ ਆਪਣੀ ਆਵਾਜ਼ 'ਚ ਰਿਕਾਰਡ ਕਰਵਾ ਚੁੱਕੇ ਅਵਤਾਰ ਬਿੱਲਾ ਨੇ ਆਪਣੀ ਕਲਮ ਸਿਰਜਣਾ ਗੀਤ 'ਬੜੀ ਸਾਂਭ ਸਾਂਭ ਕੇ ਰੱਖੀ ਮੇਰੇ ਬਾਪੂ ਦੀ ਨਿਸ਼ਾਨੀ, ਨੂੰ ਆਪਣੀ ਬੁਲੰਦ ਆਵਾਜ਼ ਵਿੱਚ ਗਾ ਕੇ ਰੰਗ ਬੰਨ੍ਹ ਦਿੱਤਾ। ਆਏ ਹੋਏ ਮਹਿਮਾਨਾਂ ਨੂੰ ਸਭਾ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਹਰਦਿਆਲ ਸਿੰਘ ਚੀਮਾ ਜੀ ਦੇ ਨਵੇਂ ਛਪੇ ਕਾਵਿ ਸੰਗ੍ਰਹਿ 'ਕਿਰਤੀ ਸੰਘਰਸ਼ ਜਾਰੀ ਹੈ' ਨੂੰ ਲੋਕ ਅਰਪਣ ਕੀਤਾ ਗਿਆ।





ਲਾਲੀ ਸੰਧੂ, ਜਸਵਿੰਦਰ ਲੇਹਲ, ਰਵਿੰਦਰ ਕੌਰ, ਸ਼ਾਹ ਨਿਵਾਜ਼ ਜੀ, ਜਸਵੀਰ ਸਿੰਘ ਸਹੋਤਾ,ਹਰਪਰੀਤ ਸਿੰਘ, ਨਵਦੀਪ ਸਿੰਘ ਹੇਅਰ,ਅਨਮੋਲ ਸਿੰਘ, ਬਘੇਲ ਸਿੰਘ ਚੀਮਾ, ਭੁਪਿੰਦਰ ਸਿੰਘ ਹੇਅਰ ਅੱਜ ਦੇ ਸਮਾਗਮ ਦੀ ਸ਼ੋਭਾ ਵਧਾ ਰਹੀਆਂ ਸ਼ਖਸ਼ੀਅਤਾਂ ਸਨ।

ਅੰਤ ਵਿੱਚ ਸਭਾ ਦੇ ਖਜ਼ਾਨਚੀ ਹਰਪਾਲ ਸਿੰਘ ਸਿੱਧੂ ਨੇ ਸਮਾਗਮ ਦਾ ਹਿੱਸਾ ਬਣੇ ਸਾਰੇ ਦਰਸ਼ਕਾਂ–ਸਰੋਤਿਆਂ ਅਤੇ ਪ੍ਰੋਗਰਾਮ ਦੀ ਕਾਮਯਾਬੀ ਲਈ ਯਤਨ ਕਰ ਰਹੀਆਂ ਸਾਰੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ।ਸ਼ੁਰੂ ਤੋਂ ਲੈ ਕੇ ਅੰਤ ਤੱਕ, ਚੱਲ ਰਹੇ ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਫੇਸ ਬੁਕ ਉਪਰ ਵੀ ਕੀਤਾ ਗਿਆ।

**ਬਲਿਹਾਰ ਸਿੰਘ ਲ੍ਹੇਲ ਪ੍ਰਧਾਨ +1 206 244 4663**
**ਪ੍ਰਿਤਪਾਲ ਸਿੰਘ ਟਿਵਾਣਾ ਸਕੱਤਰ**
**+1 206 765 9069**
**ਮੰਗਤ ਕੁਲਜਿੰਦ ਪ੍ਰੈ. ਸਕੱਤਰ +1 425 286 0163**

# ਸਰਕਾਰੀ ਕਾਲਜ ਜਾਡਲਾ ਵਿਖੇ ਵਿਦਿਆਰਥੀਆਂ ਲਈ ਕੈਰੀਅਰ ਗਾਈਡੈਂਸ ਸੈਮੀਨਾਰ ਲਗਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ–ਕਮ– ਮਾਡਲ ਕੈਰੀਅਰ ਸੈਂਟਰ ਵੱਲੋਂ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਦੀ ਯੋਗ ਅਗਵਾਈ ਅਤੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਦੀ ਰਹਿਨੁਮਾਈ ਹੇਠ ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ ਵਿਖੇ ਵਿਦਿਆਰਥੀਆਂ ਲਈ ਕੈਰੀਅਰ ਗਾਈਡੈਂਸ ਸੈਮੀਨਾਰ ਆਯੋਜਿਤ ਕੀਤਾ ਗਿਆ। ਇਹ ਜਾਣਕਾਰੀ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸੰਜੀਵ ਕੁਮਾਰ ਨੇ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਨੂੰ ਸੁਆਰਨ ਲਈ ਕੈਰੀਅਰ ਗਾਈਡੈਂਸ ਮੁਹੱਈਆ ਕਰਵਾਈ ਜਾ ਰਹੀ ਹੈ। ਕੈਰੀਅਰ ਗਾਈਡੈਂਸ ਲੈਣ ਵਾਲੇ ਵਿਦਿਆਰਥੀ ਆਪਣੇ ਕਿੱਤੇ ਦੀ ਸਹੀ ਚੋਣ ਕਰਕੇ ਵਧੀਆ ਕੰਪਨੀ ਜਾਂ ਸਰਕਾਰੀ ਅਦਾਰਿਆ ਵਿੱਚ ਨਿਯੁਕਤੀ ਪਾਉਂਦੇ ਹਨ।


ਇਸ ਮੌਕੇ ਬਿਊਰੋ ਦੇ ਪਲੇਸਮੈਂਟ ਅਫ਼ਸਰ ਅਮਿਤ ਕੁਮਾਰ ਵੱਲੋਂ ਵਿਦਿਆਰਥੀਆਂ ਨੂੰ ਗਰੈਜੂਏਸ਼ਨ ਤੋਂ ਬਾਅਦ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ, ਬਿਊਰੋ ਵਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ, ਹੁਨਰ ਵਿਕਾਸ ਦੇ ਕੋਰਸਾਂ ਬਾਰੇ ਜਾਣੂ ਕਰਵਾਇਆ ਗਿਆ। ਯੰਗ ਪ੍ਰੋਫੈਸ਼ਨਲ ਵਿਜੈ ਸਹਿਵਾਗ ਨੇ ਨੈਸ਼ਨਲ ਕੈਰੀਅਰ ਪੋਰਟਲ ਤੇ ਰਜਿਸਟ੍ਰੇਸ਼ਨ, ਪੋਰਟਲ ਰਾਹੀਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਅਤੇ ਕੇਂਦਰ ਸਰਕਾਰ ਦੀਆਂ ਅਸਾਮੀਆਂ ਤੇ ਭਰਤੀ ਸਬੰਧੀ ਜਾਣਕਾਰੀ ਦਿੱਤੀ। ਆਈ. ਸੀ. ਆਈ. ਸੀ. ਆਈ ਬੈਂਕ ਦੇ ਵਿੱਤ ਸਲਾਹਕਾਰ ਸੁਰਿੰਦਰ ਕੁਮਾਰ ਨੇ ਵਿੱਤੀ ਸਾਖਰਤਾ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ , ਜਿਸ ਵਿੱਚ ਵਿਦਿਆਰਥੀਆਂ ਨੂੰ ਬੈਂਕ ਖਾਤੇ ਨੂੰ ਸੰਚਾਲਿਤ ਕਰਨ, ਆਨਲਾਈਨ ਲੈਣ–ਦੇਣ ਸਮੇਂ ਸਾਵਧਾਨੀਆਂ, ਫਰਾਡ ਕਰਨ ਵਾਲਿਆਂ ਤੋਂ ਸਾਵਧਾਨ ਰਹਿਣ ਦੇ ਨੁਕਤੇ ਦੱਸੇ। ਇਸ ਮੌਕੇ 'ਤੇ ਕਾਲਜ ਲੈਕਚਰਾਰ ਸੋਨੀਆ ਬਾਵਾ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਰੋਜ਼ਗਾਰ ਬਿਊਰੋ ਵਲੋਂ ਕਾਲਜ ਵਿੱਚ ਕਰਵਾਏ ਗਏ ਸੈਮੀਨਾਰ ਲਈ ਧੰਨਵਾਦ ਕੀਤਾ।




'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਕੈਲੇਫੋਰਨੀਆ 'ਚ ਐਸ. ਬੀ. 403 ਦੇ ਸਮਰਥਕਾਂ ਦੀ ਹੜਤਾਲ 27ਵੇਂ ਦਿਨ, ਤਸਵੀਰਾਂ ਦੀ ਜ਼ੁਬਾਨੀ





























Pictures credit to
Thenmozhi Sundarajan
"Desh Doaba"

# ਮਹਿਲਾ ਰਿਜ਼ਰਵੇਸ਼ਨ ਬਿੱਲ ਨੂੰ ਲੈ ਕੇ ਕੇਂਦਰ ਖ਼ਿਲਾਫ਼ ਕਾਂਗਰਸ ਨੇ ਖੋਲ੍ਹਿਆ ਮੋਰਚਾ

**ਨਵੀਂ ਦਿੱਲੀ–** ਸੰਸਦ ਦੇ ਵਿਸ਼ੇਸ਼ ਸੈਸ਼ਨ ਦੌਰਾਨ ਲੋਕ ਸਭਾ ਅਤੇ ਰਾਜ ਸਭਾ ਦੋਵਾਂ ਵਿੱਚ ਬਹੁਮਤ ਨਾਲ ਮਹਿਲਾ ਰਾਖਵਾਂਕਰਨ ਬਿੱਲ ਪਾਸ ਹੋ ਗਿਆ ਹੈ। ਇਸ ਬਿੱਲ ਨੂੰ ਲੈ ਕੇ ਕਾਂਗਰਸ ਸਮੇਤ ਕਈ ਵਿਰੋਧੀ ਪਾਰਟੀਆਂ ਮੋਦੀ ਦੇ ਸਮਰਥਨ 'ਚ ਖੜ੍ਹੀਆਂ ਸਨ।

ਹਾਲਾਂਕਿ, ਇਸ ਦੌਰਾਨ, ਮਹਿਲਾ ਰਿਜ਼ਰਵੇਸ਼ਨ ਬਿੱਲ ਨੂੰ ਤੁਰੰਤ ਲਾਗੂ ਕਰਨ ਦੀ ਵਕਾਲਤ ਕਰਦੇ ਹੋਏ, ਕਾਂਗਰਸ ਕੇਂਦਰ ਦੀ ਮੋਦੀ ਸਰਕਾਰ ਦੇ ਵਿਸ਼ਵਾਸਘਾਤ ਦਾ ਪਰਦਾਫਾਸ਼ ਕਰਨ ਲਈ 21 ਸ਼ਹਿਰਾਂ ਵਿੱਚ 21 ਪ੍ਰੈਸ ਕਾਨਫਰੰਸਾਂ ਕਰਨ ਵਾਲੀ ਹੈ।

21 ਔਰਤਾਂ, 21 ਸ਼ਹਿਰਾਂ ਵਿੱਚ ਕਰਨਗੀਆਂ ਪ੍ਰੈਸ ਕਾਨਫਰੰਸ

ਸੋਸ਼ਲ ਮੀਡੀਆ ਪਲੇਟਫਾਰਮ 'ਤੇ ਇੱਕ ਪੋਸਟ ਸਾਂਝਾ ਕਰਨਾ

ਦਰਅਸਲ, ਕਾਂਗਰਸ ਮਹਿਲਾ ਰਿਜ਼ਰਵੇਸ਼ਨ ਬਿੱਲ ਨੂੰ ਬਿਨਾਂ ਕਿਸੇ ਦੇਰੀ ਦੇ ਤੁਰੰਤ ਪ੍ਰਭਾਵ ਨਾਲ ਲਾਗੂ ਕਰਨ ਦੀ ਮੰਗ ਕਰ ਰਹੀ ਹੈ।

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਐਤਵਾਰ ਨੂੰ ਕਿਹਾ ਕਿ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ 33 ਫੀਸਦੀ ਸੀਟਾਂ ਔਰਤਾਂ ਨੂੰ ਅਲਾਟ ਕਰਕੇ ਮਹਿਲਾ ਰਾਖਵਾਂਕਰਨ ਬਿੱਲ ਕੱਲ੍ਹ ਲਾਗੂ ਕੀਤਾ ਜਾ ਸਕਦਾ ਹੈ। "ਔਰਤਾਂ ਦੇ ਰਾਖਵੇਂਕਰਨ ਅਤੇ 10 ਸਾਲ ਦੀ ਮਰਦਮਸ਼ੁਮਾਰੀ ਜਾਂ ਹੱਦਬੰਦੀ ਵਿਚਕਾਰ ਕੋਈ ਸਬੰਧ ਨਹੀਂ ਹੈ," ਉਸਨੇ ਜ਼ੋਰ ਦੇ ਕੇ ਕਿਹਾ।

ਉਸਨੇ ਕਿਹਾ, "ਸਾਨੂੰ ਅਹਿਸਾਸ ਹੈ ਕਿ ਭਾਰਤੀ ਔਰਤਾਂ ਸਿਆਸੀ ਪ੍ਰਣਾਲੀ ਵਿੱਚ ਉਸ ਤਰੀਕੇ ਨਾਲ ਹਿੱਸਾ ਨਹੀਂ ਲੈ ਰਹੀਆਂ ਹਨ ਜਿਸ ਤਰ੍ਹਾਂ ਉਹਨਾਂ ਨੂੰ ਕਰਨਾ ਚਾਹੀਦਾ ਹੈ। ਉਹਨਾਂ ਨੂੰ ਰਾਜਨੀਤੀ ਵਿੱਚ ਹਿੱਸਾ ਲੈਣ ਵਿੱਚ ਮਦਦ ਕਰਨ ਵਿੱਚ ਸਭ ਤੋਂ ਵੱਡਾ ਕੰਮ ਕਾਂਗਰਸ ਪਾਰਟੀ ਦੁਆਰਾ ਕੀਤਾ ਗਿਆ ਸੀ, ਜਿਸ ਵਿੱਚ ਪੰਚਾਇਤੀ ਰਾਜ ਵਿੱਚ ਔਰਤਾਂ ਨੂੰ 33% ਰਾਖਵਾਂਕਰਨ ਦਿੱਤਾ ਗਿਆ ਸੀ।

ਉਨ੍ਹਾਂ ਕਿਹਾ, "ਕਿਰਪਾ ਕਰਕੇ ਇਹ ਵੀ ਸਮਝੋ ਕਿ ਜਦੋਂ ਅਸੀਂ ਪੰਚਾਇਤੀ ਰਾਜ ਵਿੱਚ ਔਰਤਾਂ ਦੇ ਰਾਖਵੇਂਕਰਨ ਨੂੰ ਪਾਸ ਕਰਨ ਦੀ ਕੋਸ਼ਿਸ਼ ਕਰ ਰਹੇ ਸੀ ਅਤੇ ਆਰਐਸਐਸ ਔਰਤਾਂ ਨੂੰ ਆਪਣੇ ਰੈਂਕ ਵਿੱਚ ਸ਼ਾਮਲ ਨਹੀਂ ਕਰਨ ਦਿੰਦਾ ਹੈ। ਇਸ ਨਾਲ ਇਹ ਸਪੱਸ਼ਟ ਹੋ ਗਿਆ ਹੈ ਕਿ ਮਹਿਲਾ ਸਸ਼ਕਤੀਕਰਨ ਵਿੱਚ ਕੌਣ ਦਿਲਚਸਪੀ ਰੱਖਦਾ ਹੈ।"

**ਧਿਆਨ ਭਟਕਾਉਣ ਦੀਆਂ ਚਾਲਾਂ**

22 ਸਤੰਬਰ ਨੂੰ ਇੱਥੇ ਪਾਰਟੀ ਹੈ-ਡਕੁਆਰਟਰ 'ਤੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਹੱਦਬੰਦੀ ਅਤੇ ਜਨਗਣਨਾ ਦਾ ਹਵਾਲਾ ਦਿੰਦੇ ਹੋਏ ਮਹਿਲਾ ਰਿਜ਼ਰਵੇਸ਼ਨ ਬਿੱਲ ਨੂੰ ਲਾਗੂ ਕਰਨ 'ਚ ਹੋ ਰਹੀ ਦੇਰੀ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ।

ਉਨ੍ਹਾਂ ਕਿਹਾ ਕਿ ਇਹ ਇੱਕ ਭਟਕਣ ਵਾਲੀ ਚਾਲ ਹੈ ਅਤੇ ਜਾਤੀ ਜਨਗਣਨਾ ਤੋਂ ਸਾਰਿਆਂ ਦਾ ਧਿਆਨ ਹਟਾਉਣ ਦਾ ਤਰੀਕਾ ਹੈ।

**ਸਰਕਾਰ ਬਿਲ ਨੂੰ ਲਾਗੂ ਨਹੀਂ ਕਰਨਾ ਚਾਹੁੰਦੀ**

ਕੇਰਲ ਦੇ ਵਾਇਨਾਡ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਰਾਹੁਲ ਗਾਂਧੀ ਨੇ ਕਿਹਾ ਸੀ, "ਕੁਝ ਦਿਨ ਪਹਿਲਾਂ ਸੰਸਦ ਦੇ ਵਿਸ਼ੇਸ਼ ਸੈਸ਼ਨ ਦਾ ਐਲਾਨ ਕੀਤਾ ਗਿਆ ਸੀ ਅਤੇ ਬਹੁਤ ਧੂਮਧਾਮ ਨਾਲ ਅਸੀਂ ਪੁਰਾਣੀ ਸੰਸਦ ਤੋਂ ਨਵੀਂ ਸੰਸਦ ਭਵਨ ਵਿੱਚ ਚਲੇ ਗਏ। ਸਾਨੂੰ ਇਸ ਬਾਰੇ ਪਤਾ ਨਹੀਂ ਸੀ।" ਇਹ ਸੈਸ਼ਨ ਦਾ ਮੁੱਖ ਫੋਕਸ ਸੀ।ਮਹਿਲਾ ਰਿਜ਼ਰਵੇਸ਼ਨ ਬਿੱਲ ਬਹੁਤ ਵਧੀਆ ਹੈ, ਪਰ ਸਾਨੂੰ ਦੋ ਫੁਟਨੋਟ ਮਿਲੇ ਹਨ ਕਿ ਇਸ ਤੋਂ ਪਹਿਲਾਂ ਮਰਦਮਸ਼ੁਮਾਰੀ ਅਤੇ ਹੱਦਬੰਦੀ ਦੀ ਲੋੜ ਹੈ। ਇਨ੍ਹਾਂ ਦੋਵਾਂ ਨੂੰ ਕਈ ਸਾਲ ਲੱਗ ਜਾਣਗੇ। ਸੱਚਾਈ ਇਹ ਹੈ ਕਿ ਰਾਖਵਾਂਕਰਨ ਅੱਜ ਲਾਗੂ ਹੋ ਸਕਦਾ ਹੈ, ਇਹ ਕੋਈ ਗੁੰਝਲਦਾਰ ਮਾਮਲਾ ਨਹੀਂ ਹੈ, ਪਰ ਸਰਕਾਰ ਅਜਿਹਾ ਨਹੀਂ ਕਰਨਾ ਚਾਹੁੰਦੀ।"

# ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਗ੍ਰਿਫਤਾਰੀ ਵਾਰੰਟ ਜਾਰੀ



**ਬਠਿੰਡਾ–** ਸ਼ਹਿਰ ਦੇ ਮਾਡਲ ਟਾਊਨ ਖੇਤਰ 'ਚ ਵਪਾਰਕ ਪਲਾਟਾਂ ਨੂੰ ਰਿਹਾਇਸ਼ੀ 'ਚ ਤਬਦੀਲ ਕਰ ਕੇ ਖਰੀਦਣ ਦੇ ਮਾਮਲੇ 'ਚ ਹੁਣ ਅਦਾਲਤ ਨੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ (Manpreet iSngh Badal) ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ ਹਨ। ਜ਼ਿਕਰਯੋਗ ਹੈ ਕਿ ਵਿਜੀਲੈਂਸ ਮਨਪ੍ਰੀਤ ਬਾਦਲ ਸਮੇਤ ਪੀਸੀਐਸ ਅਧਿਕਾਰੀ ਬਿਕਰਮਜੀਤ ਸਿੰਘ ਤੇ ਅਸਟੇਟ ਆਫਿਸਰ ਪੰਕਜ ਕਾਲੀਆ ਦੀ ਭਾਲ ਕਰ ਰਹੀ ਹੈ। ਹੁਣ ਵਿਜੀਲੈਂਸ ਵਿਭਾਗ ਨੇ ਵਧੀਕ ਚੀਫ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ 'ਚ ਅਰਜ਼ੀ ਦਾਇਰ ਕਰ ਕੇ ਮਨਪ੍ਰੀਤ ਬਾਦਲ ਦੇ ਗ੍ਰਿਫ਼ਤਾਰੀ ਵਰੰਟਾਂ ਦੀ ਮੰਗ ਕੀਤੀ ਸੀ। ਅਦਾਲਤ ਨੇ ਮੰਗਲਵਾਰ ਸ਼ਾਮ ਨੂੰ ਮਨਪ੍ਰੀਤ ਬਾਦਲ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ ਹਨ।

# ਪਰਾਲੀ ਸਾੜਨ ਦੀਆਂ ਘਟਨਾਵਾਂ ’ਚ ਇਸ ਸਾਲ 50 ਫ਼ੀਸਦੀ ਦੀ ਕਮੀ ਲਿਆਵੇਗਾ ਪੰਜਾਬ

**ਨਵੀਂ ਦਿੱਲੀ–** ਪਰਾਲੀ ਸਾੜਨ ਦੀਆਂ ਘਟਨਾਵਾਂ ’ਚ ਪੰਜਾਬ ਸਰਕਾਰ ਨੇ ਇਸ ਸਾਲ 50 ਫ਼ੀਸਦੀ ਤੋਂ ਵੱਧ ਦੀ ਕਮੀ ਲਿਆਉਣ ਦਾ ਟੀਚਾ ਰੱਖਿਆ ਹੈ। ਇਹ ਦਾਅਵਾ ਸੂਬਾ ਸਰਕਾਰ ਨੇ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀਏਕਿਊਐੱਮ) ਨੂੰ ਸੌਂਪੇ ਗਏ ਐਕਸ਼ਨ ਪਲਾਨ ’ਚ ਕੀਤਾ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਹਰਿਆਣਾ ਸਮੇਤ ਛੇ ਸੂਬਿਆਂ ’ਚ ਝੋਨੇ ਦੀ ਫ਼ਸਲ ਤੋਂ ਬਾਅਦ ਉਸ ਦੀ ਰਹਿੰਦ ਖੂਹੰਦ ਨੂੰ ਖੇਤਾਂ ’ਚ ਹੀ ਸਾੜਨ ਦਾ ਰੁਝਾਨ ਹੈ। ਖ਼ਾਸ ਤੌਰ ’ਤੇ ਪੰਜਾਬ ਦੇ ਹਰਿਆਣਾ ਦੇ ਖੇਤਾਂ ’ਚ ਵੱਡੇ ਪੱਧਰ ’ਤੇ ਸਾੜੀ ਜਾਣ ਵਾਲੀ ਪਰਾਲੀ ਕਾਰਨ ਸਰਦੀ ਦੇ ਮੌਸਮ ’ਚ ਐੱਨਸੀਆਰ ਸਮੇਤ ਪੂਰੇ ਉੱਤਰ ਭਾਰਤ ਦੀ ਹਵਾ ਦਮਘੋਟੂ ਹੋ ਜਾਂਦੀ ਹੈ। ਇਸ ਲਈ ਪਰਾਲੀ ਸਾੜਨ ਤੋਂ ਰੋਕਣ ਲਈ ਪਹਿਲਾਂ ਤੋਂ ਹੀ ਯਤਨ ਸ਼ੁਰੂ ਕੀਤੇ ਜਾਂਦੇ ਹਨ। ਇਸੇ ਤਹਿਤ ਸੀਏਕਿਊਐੱਮ ਹੁਣ ਤੱਕ ਪੰਜਾਬ ਦੇ ਅਧਿਕਾਰੀਆਂ ਨਾਲ ਚਾਰ ਵਾਰ ਬੈਠਕ ਕਰ ਚੁੱਕਾ ਹੈ। ਬੈਠਕ ’ਚ ਪੰਜਾਬ ਵੱਲੋਂ ਪਰਾਲੀ ਸਾੜਨ ਤੋਂ ਰੋਕਣ ਲਈ ਆਪਣਾ ਐਕਸ਼ਨ ਪਲਾਨ ਦੇ ਦਿੱਤਾ ਗਿਆ ਹੈ। ਇਸ ’ਚ ਕਿਹਾ ਗਿਆ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਪਰਾਲੀ ਸਾੜਨ ਦੀਆਂ ਘਟਨਾਵਾਂ ਪੰਜਾਹ ਫ਼ੀਸਦੀ ਤੋਂ ਵੀ ਹੇਠਾਂ ਲਿਆਂਦੀਆਂ ਜਾਣਗੀਆਂ। ਉੱਥੇ ਹੀ ਹੁਸ਼ਿਆਰਪੁਰ, ਮਾਲੇਰਕੋਟਲਾ, ਪਠਾਨਕੋਟ, ਰੂਪਨਗਰ, ਐੱਸਏਐੱਸ ਨਗਰ (ਮੋਹਾਲੀ), ਐੱਸ ਬੀ ਐੱਸ ਨਗਰ ’ਚ ਪਰਾਲੀ ਸਾੜਨ ਦੇ ਮਾਮਲੇ ਖ਼ਤਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।



**ਪੰਜਾਬ ’ਚ ਨਿਕਲੇਗੀ 33 ਕਰੋੜ ਟਨ ਪਰਾਲੀ**

ਸੀਏਕਿਊਐੱਮ ਮੁਤਾਬਕ ਇਸ ਸੀਜ਼ਨ ’ਚ ਪੰਜਾਬ ’ਚ ਕੁਲ ਦੋ ਕਰੋੜ ਟਨ ਪਰਾਲੀ ਨਿਕਲਣ ਦਾ ਅਨੁਮਾਨ ਹੈ। ਇਸ ’ਚ 33 ਮੀਟ੍ਰਿਕ ਟਨ ਬਾਸਮਤੀ ਦੀ ਪਰਾਲੀ ਵੀ ਸ਼ਾਮਿਲ ਹੈ। ਡੇਢ ਕਰੋੜ ਟਨ ਪਰਾਲੀ ਦੇ ਪ੍ਰਬੰਧਨ ਲਈ ਕਾਰਗਰ ਐਕਸ਼ਨ ਪਲਾਨ ਤਿਆਰ ਕੀਤਾ ਗਿਆ ਹੈ। ਇਸ ’ਚ ਪਰਾਲੀ ਦੇ ਵੱਖ-ਵੱਖ ਇਸਤੇਮਾਲ ਸ਼ਾਮਿਲ ਹਨ। ਪੰਜਾਬ ’ਚ ਫਿਲਹਾਲ ਪਰਾਲੀ ਪ੍ਰਬੰਧਨ ਲਈ ਇਕ ਲੱਖ 17 ਹਜ਼ਾਰ 672 ਸੀਆਰਐੱਮ ਮਸ਼ੀਨਾਂ ਹਨ, ਜਦਕਿ 23 ਹਜ਼ਾਰ ਮਸ਼ੀਨਾਂ ਹੋਰ ਲਿਆਂਦੀਆਂ ਜਾ ਰਹੀਆਂ ਹਨ।

ਪਿਛਲੇ ਸਾਲ ਪੰਜਾਬ ਦੇ ਸਿਰਫ਼ ਪੰਜ ਜ਼ਿਲ੍ਹਿਆਂ ’ਚ ਹੀ 44 ਫ਼ੀਸਦੀ ਪਰਾਲੀ ਸਾੜੀ ਗਈ ਸੀ। ਇਨ੍ਹਾਂ ’ਚ ਸੰਗਰੂਰ, ਬਠਿੰਡਾ, ਫਿਰੋਜ਼ਪੁਰ, ਮੁਕਸਤਰ ਤੇ ਮੋਗਾ ਜ਼ਿਲ੍ਹੇ ਸ਼ਾਮਿਲ ਹਨ। ਇਨ੍ਹਾਂ ਪੰਜ ਜ਼ਿਲ੍ਹਿਆਂ ਦੇ ਨਾਲ ਹੀ ਪੂਰੇ ਪੰਜਾਬ ’ਚ ਹੀ ਪਰਾਲੀ ਨਾ ਸਾੜਨ ਬਾਰੇ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ, ਤਾਂ ਜੋ ਲੋਕਾਂ ਨੂੰ ਇਸ ਦੇ ਨੁਕਸਾਨ ਦੀ ਜਾਣਕਾਰੀ ਦੇ ਕੇ ਪਰਾਲੀ ਸਾੜਨੋਂ ਰੋਕਿਆ ਜਾ ਸਕੇ।






# ਆਸ਼ਾ ਵਰਕਰ ਅਤੇ ਫੈਸੀਲਿਟੇਟਰ ਨਿਰੋਲ ਯੂਨੀਅਨ ਪੰਜਾਬ ਦੀ ਕਾਰਜਕਾਰਣੀ ਦਾ ਹੋਇਆ ਐਲਾਨ

## ਪੁਸ਼ਪਿੰਦਰ ਕੌਰ ਅਠੌਲੀ ਨੂੰ ਮਿਲੀ ਬਲਾਕ ਪਾਂਛਟਾ ਪ੍ਰਧਾਨ ਦੀ ਜਿੰਮੇਵਾਰੀ

**ਫਗਵਾੜਾ 26 ਸਤੰਬਰ–** ਆਸ਼ਾ ਵਰਕਰ ਅਤੇ ਫੈਸੀਲਿਟੇਟਰ ਨਿਰੋਲ ਯੂਨੀਅਨ ਪੰਜਾਬ ਦੀ ਇਕ ਮੀਟਿੰਗ ਸੀ.ਐਚ.ਸੀ. ਪਾਂਛਟਾ ਵਿਖੇ ਹੋਈ। ਜਿਸ ਵਿਚ ਸੂਬਾ ਪ੍ਰਧਾਨ ਕਿਰਨਦੀਪ ਕੌਰ ਪੰਜੋਲਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਦੌਰਾਨ ਆਪਸੀ ਵਿਚਾਰ ਵਟਾਂਦਰੇ ਤੋਂ ਬਾਅਦ ਸਰਬ ਸੰਮਤੀ ਨਾਲ ਬਲਾਕ ਪਾਂਛਟਾ ਤਹਿਸੀਲ ਫਗਵਾੜਾ ਦੀ ਕਾਰਜਕਾਰਣੀ ਦਾ ਐਲਾਨ ਕੀਤਾ ਗਿਆ। ਜਿਹਨਾਂ ਵਿਚ ਬਲਵਿੰਦਰ ਕੌਰ ਨੂੰ ਚੇਅਰਪਰਸਨ, ਪੁਸ਼ਪਿੰਦਰ ਕੌਰ ਅਠੌਲੀ ਨੂੰ ਪ੍ਰਧਾਨ, ਕਮਲਜੀਤ ਕੌਰ ਨੂੰ ਸੀਨੀਅਰ



ਮੀਤ ਪ੍ਰਧਾਨ, ਪੂਜਾ ਨੂੰ ਮੀਤ ਪ੍ਰਧਾਨ, ਮੀਨਾ ਰਾਣੀ ਭੁੱਲਾਰਾਈ ਨੂੰ ਜਨਰਲ ਸਕੱਤਰ, ਊਸ਼ਾ ਰਾਣੀ ਨੂੰ ਕੈਸ਼ੀਅਰ, ਦਵਿੰਦਰ ਕੌਰ ਨੂੰ ਵਿੱਤ ਸਕੱਤਰ, ਸੁਰਿੰਦਰ ਪਾਲ ਕੌਰ ਨੂੰ ਸਟੇਜ ਸਕੱਤਰ, ਗੀਤਾ ਨੂੰ ਇਕੱਠ ਸਕੱਤਰ, ਰਾਜ ਰਾਣੀ ਨੂੰ ਪ੍ਰੈਸ ਸਕੱਤਰ ਐਲਾਨਿਆ ਗਿਆ ਹੈ। ਸੂਬਾ ਪ੍ਰਧਾਨ ਕਿਰਨਦੀਪ ਕੌਰ ਪੰਜੋਲਾ ਨੇ ਨਵੀਂ ਚੁਣੀ ਟੀਮ ਨੂੰ ਸ਼ੁੱਭ ਇੱਛਾਵਾਂ ਦਿੰਦਿਆਂ ਆਪਣੀ ਡਿਊਟੀ ਨੂੰ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਸਮੂਹ ਮੈਂਬਰਾਂ ਨੇ ਨਵੀਂ ਨੂੰ ਫੁੱਲਾਂ ਦੇ ਹਾਰ ਪਾ ਕੇ ਸਨਮਾਨਤ ਕੀਤਾ। ਨਵ ਨਿਯੁਕਤ ਪ੍ਰਧਾਨ ਪੁਸ਼ਪਿੰਦਰ ਕੌਰ ਅਠੌਲੀ ਨੇ ਕਿਹਾ ਕਿ ਜੋ ਜਿੰਮੇਵਾਰੀ ਉਹਨਾਂ ਨੂੰ ਦਿੱਤੀ ਗਈ ਹੈ ਉਸਨੂੰ ਤਨਦੇਹੀ ਨਾਲ ਨਿਭਾਉਣਗੇ। ਉਹਨਾਂ ਕਿਹਾ ਕਿ ਯੂਨੀਅਨ ਦੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਹੱਕੀ ਮੰਗਾਂ ਦੀ ਰਾਖੀ ਕੀਤੀ ਜਾਵੇਗੀ ਅਤੇ ਲੋੜ ਪੈਣ ਤੇ ਸੰਘਰਸ਼ ਦਾ ਰਸਤਾ ਵੀ ਅਖਤਿਆਰ ਕੀਤਾ ਜਾਵੇਗਾ। ਇਸ ਮੌਕੇ ਜਸਪ੍ਰੀਤ ਕੌਰ, ਰਾਜਵੀਰ ਕੌਰ, ਮਹਿੰਦਰ ਕੌਰ, ਸੁਨੀਤਾ ਰਾਣੀ, ਕੁਲਵੰਤ ਕੌਰ, ਰੇਖਾ ਰਾਣੀ, ਰਸ਼ਪਾਲ ਕੌਰ, ਅਨੀਤਾ ਰਾਣੀ, ਰਜਨੀ, ਕਿਰਨਪ੍ਰੀਤ ਕੌਰ, ਵੀਨਾ ਦਰਵੇਸ਼ ਪਿੰਡ, ਸ਼ਾਰਦਾ ਦੇਵੀ, ਰਜਵੰਤ ਕੌਰ, ਜਗਦੀਸ਼ ਕੌਰ, ਸੰਗੀਤਾ, ਪਰਮਜੀਤ ਕੌਰ, ਰੇਖਾ ਰਾਣੀ, ਕੁਲਦੀਪ ਕੌਰ, ਅਮਨਦੀਪ ਕੌਰ, ਮਨਜੀਤ ਕੌਰ, ਕਾਂਤਾ ਰਾਣੀ, ਸਰਬਜੀਤ ਕੌਰ, ਸਤਵਿੰਦਰ ਕੌਰ, ਕਮਲੇਸ਼ ਰਾਣੀ, ਸੁਰਜੀਤ ਕੌਰ, ਜਸਵੀਰ ਕੌਰ, ਊਸ਼ਾ ਰਾਣੀ, ਬਖਸ਼ੋ, ਮਨਦੀਪ ਕੌਰ, ਸਤਿਆ, ਮੀਨਾ ਕੁਮਾਰੀ ਆਦਿ ਹਾਜਰ ਸਨ।

# ਦੋ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ



**ਜਲੰਧਰ–** ਦੇਸ਼ ਭਗਤ ਯਾਦਗਾਰ ਹਾਲ 'ਚ ਪੰਜਾਬ ਭਰ ਤੋਂ ਜੁੜੇ ਸਿਖਿਆਰਥੀਆਂ ਦਾ ਸਾਲਾਨਾ ਚੇਤਨਾ ਕੈਂਪ ਅੱਜ ਬਹੁਤ ਹੀ ਉਤਸ਼ਾਹੀ ਅੰਦਾਜ਼ ਵਿਚ ਸ਼ੁਰੂ ਹੋਇਆ। ਪ੍ਰੋ. ਬਰਕਤ ਉੱਲਾ ਖਾਂ ਸੈਮੀਨਾਰ ਹਾਲ 'ਚ ਸ਼ੁਰੂ ਹੋਏ ਦੋ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ ਦੇ ਪਹਿਲੇ ਦਿਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਜਿਥੇ ਸਮੁੱਚੇ ਆਜ਼ਾਦੀ ਸੰਗਰਾਮੀਆਂ ਦੀਆਂ ਅਥਾਹ ਕੁਰਬਾਨੀਆਂ ਦਾ ਜ਼ਿਕਰ ਕੀਤਾ ਉਥੇ ਵਿਸ਼ੇਸ਼ ਕਰਕੇ ਸਤੰਬਰ ਮਹੀਨੇ ਦੀਆਂ ਆਜ਼ਾਦੀ ਜੱਦੋ ਜਹਿਦ ਦੀਆਂ ਇਤਿਹਾਸਕ ਘਟਨਾਵਾਂ, ਸ਼ਹੀਦਾਂ, ਸੰਗਰਾਮੀਆਂ ਦੀ ਅਮਿੱਟ ਦੇਣ ਦਾ ਜ਼ਿਕਰ ਕੀਤਾ। ਉਹਨਾਂ ਕਿਹਾ ਕਿ ਵੰਗਾਰਮਈ ਸਥਿਤੀ ਵਿੱਚ ਸਾਨੂੰ ਸਭ ਨੂੰ ਗ਼ਦਰੀ ਦੇਸ਼ ਭਗਤਾਂ ਦੇ ਸੁਪਨੇ ਪੂਰੇ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਸਿਖਿਆਰਥੀ ਚੇਤਨਾ ਕੈਂਪ ਦੇ ਮਹੱਤਵ ਉਪਰ ਰੌਸ਼ਨੀ ਪਾਉਂਦਿਆਂ ਸਿਖਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਗ਼ਦਰ ਪਾਰਟੀ ਦੀ ਇਤਿਹਾਸਕ ਵਿਰਾਸਤ ਅਤੇ ਇਸਦੀ ਪ੍ਰਸੰਗਕਤਾ ਨੂੰ ਸਮਝਦੇ ਹੋਏ ਆਪਣੀ ਇਤਿਹਾਸਕ ਭੂਮਿਕਾ ਅਦਾ ਕਰਨ ਲਈ ਅੱਗੇ ਆਉਣ। ਕਮੇਟੀ ਮੈਂਬਰ ਅਤੇ ਇਤਿਹਾਸ ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ ਨੇ 'ਗ਼ਦਰ ਪਾਰਟੀ ਦੇ ਆਜ਼ਾਦੀ, ਬਰਾਬਰੀ ਅਤੇ ਧਰਮ-ਨਿਰਪੱਖਤਾ ਦੇ ਸੰਕਲਪ' ਉਪਰ ਬਹੁਤ ਹੀ ਗੁੰਦਵੇਂ ਅਤੇ ਅਰਥ-ਭਰਪੂਰ ਭਾਸ਼ਣ ਨਾਲ ਗ਼ਦਰ ਪਾਰਟੀ ਦੇ ਇਹਨਾਂ ਤਿੰਨਾਂ ਪੱਖਾਂ ਦੀਆਂ ਮਹੀਣ ਪਰਤਾਂ ਨੂੰ ਖੋਲ੍ਹਿਆ। ਉਹਨਾਂ ਨੇ ਇਤਿਹਾਸਕ ਟੂਕਾਂ ਦੇ ਹਵਾਲਿਆਂ ਨਾਲ ਇਤਿਹਾਸ ਦਾ ਦਰਪਣ, ਸਿਖਿਆਰਥੀਆਂ ਦੇ ਰੂਬਰੂ ਕੀਤਾ। ਹਰਵਿੰਦਰ ਭੰਡਾਲ ਨੇ ਬਹੁਤ ਜਚਵੇਂ ਅੰਦਾਜ਼ 'ਚ ਸਿਖਿਆਰਥੀਆਂ ਨੂੰ ਚੌਕੰਨੇ ਕੀਤਾ ਕਿ ਜਿਵੇਂ ਅੱਜ ਇਹਨਾਂ ਤਿੰਨੇ ਨੁਕਤਿਆਂ ਨਾਲ ਉਲਟੀ ਰਾਜਨੀਤਕ ਖੇਡ ਖੇਡੀ ਜਾ ਰਹੀ ਹੈ। ਇਹ ਸਾਡੀ ਆਜ਼ਾਦੀ ਜੱਦੋ ਜਹਿਦ ਦੀ ਅਮੀਰ ਧਰੋਹਰ ਨਾਲ ਖੇਡਣਾ ਹੈ।

ਕੈਂਪ ਦੇ ਦੂਜੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰੋ. ਕੁਲਦੀਪ ਪੁਰੀ ਨੇ ਸਿੱਖਿਆ ਨੀਤੀ 2020: ਜੁਆਨੀ ਦਾ ਪਰਵਾਸ ਅਤੇ ਪੰਜਾਬ ਦਾ ਭਵਿੱਖ' ਵਿਸ਼ੇ ਉਪਰ ਵਿਸਥਾਰਤ ਚਾਨਣਾ ਪਾਇਆ। ਉਹਨਾਂ ਕਿਹਾ ਕਿ ਇਹ ਸਿੱਖਿਆ ਨੀਤੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਕੇ ਉਹਨਾਂ ਲਈ ਮੁਨਾਫ਼ੇ ਦੀ ਮੰਡੀ ਦੇ ਸਾਰੇ ਦੁਆਰ ਖੋਲ੍ਹਣਾ ਹੈ। ਮਿਹਨਤਕਸ਼ ਵਰਗ ਨੂੰ ਸਿੱਖਿਆ-ਵਿਹੂਣੇ ਰੱਖਣ ਅਤੇ ਜੁਆਨੀ ਨੂੰ ਕਾਰਪੋਰੇਟ ਜਗਤ ਲਈ ਲੋੜੀਂਦੇ ਔਜ਼ਾਰ ਬਣਾ ਧਰਨਾ ਹੈ। ਪ੍ਰੋ. ਕੁਲਦੀਪ ਪੁਰੀ ਨੇ ਕਿਹਾ ਕਿ ਜੁਆਨੀ ਦੇ ਪਰਵਾਸ ਦੇ ਅਨੇਕਾਂ ਕਾਰਨ ਹਨ ਪਰ ਇੱਕ ਕੇਂਦਰੀ ਨੁਕਤਾ ਸਾਂਝਾ ਹੈ; ਉਹ ਹੈ, ਕਿ ਜੁਆਨੀ ਵੱਲੋਂ ਸਾਡੇ ਮੁਲਕ ਦੇ ਅਜੋਕੇ ਮਾਹੌਲ ਤੋਂ ਅਸੰਤੁਸ਼ਟੀ ਦਾ ਸਪੱਸ਼ਟ ਇਜ਼ਹਾਰ। ਉਹਨਾਂ ਕਿਹਾ ਕਿ ਪਰਵਾਸ, ਵੱਖ-ਵੱਖ ਮੁਲਕਾਂ ਦੇ ਹੁਕਮਰਾਨਾਂ ਦੇ ਰਾਜ ਭਾਗ ਨੂੰ ਸਲਾਮਤ ਅਤੇ ਮੁਨਾਫ਼ਾਮੁਖੀ ਰੱਖਣ ਦਾ ਹਥਿਆਰ ਹੈ, ਉਹਨਾਂ ਲਈ ਵੀਜ਼ਾ ਲਾਉਣ, ਵੀਜ਼ਾ ਰੋਕਣ ਦੇ ਐਲਾਨ ਆਪਣੇ ਮੁਫ਼ਾਦਾਂ ਤੋਂ ਪ੍ਰੇਰਤ ਹਨ। ਪ੍ਰੋ. ਕੁਲਦੀਪ ਪੁਰੀ ਦੇ ਭਾਸ਼ਣ ਵਿਸ਼ੇ; ਸਿੱਖਿਆ ਨੀਤੀ 2020: ਜੁਆਨੀ ਦਾ ਪਰਵਾਸ ਅਤੇ ਪੰਜਾਬ ਦਾ ਭਵਿੱਖ' ਵਿਸ਼ੇ ਤੇ ਸੁਆਲ-ਜੁਆਬ ਦੇ ਸੈਸ਼ਨ 'ਚ ਸਿਖਿਆਰਥੀਆਂ ਨੇ ਜੋ ਸੁਆਲ ਕੀਤੇ ਉਹਨਾਂ ਦੇ ਸਾਰਥਕ ਰੂਪ 'ਚ ਪ੍ਰੋ. ਪੁਰੀ ਹੋਰਾਂ ਜਵਾਬ ਦਿੱਤੇ। ਸੁਆਲਾਂ ਨਾਲ ਜੁੜੇ ਵਿਸ਼ਿਆਂ ਦੀ ਪ੍ਰੋ. ਹੋਰਾਂ ਵਿਆਖਿਆ ਕਰਦਿਆਂ ਅਤੇ ਠੋਸ ਉਦਾਹਰਣਾਂ ਨਾਲ ਜੋੜਦਿਆਂ ਬੜੇ ਤਸੱਲੀਬਖ਼ਸ਼ ਜਵਾਬ ਦਿੱਤੇ।

ਪ੍ਰੋ. ਹਰਵਿੰਦਰ ਭੰਡਾਲ ਨੇ ਗ਼ਦਰ ਪਾਰਟੀ ਦੇ ਆਜ਼ਾਦੀ, ਬਰਾਬਰੀ ਅਤੇ ਧਰਮ ਨਿਰਪੱਖਤਾ ਦੇ ਸੰਕਲਪ ਬਾਰੇ ਸਿਖਿਆਰਥੀਆਂ ਵੱਲੋਂ ਪੁੱਛੇ ਸੁਆਲ ਦੇ ਭਾਵਪੂਰਤ ਜਵਾਬ ਦਿੱਤੇ।

ਸਿਖਿਆਰਥੀ ਚੇਤਨਾ ਕੈਂਪ ਦੇ ਤੀਜੇ ਸੈਸ਼ਨ 'ਚ ਪੰਜਾਬ ਦੇ ਕੋਨੇ-ਕੋਨੇ ਤੋਂ ਝਰਨਿਆਂ ਵਾਂਗ ਆ ਕੇ ਸਾਗਰ 'ਚ ਜੁੜੇ ਸਿਖਿਆਰਥੀ, ਜਾਣ-ਪਹਿਚਾਣ ਮੰਚ ਤੇ ਆ ਕੇ ਸਾਂਝੀ ਕਰਦੇ ਸਮੇਂ ਇੱਕ-ਦੂਜੇ ਨਾਲ ਮਿਲਕੇ ਇਕੋ ਰੰਗ 'ਚ ਰੰਗੇ ਗਏ। ਉਹਨਾਂ ਨੇ ਆਪਣੇ ਗੀਤ, ਕਵਿਤਾਵਾਂ ਵੀ ਸਾਂਝੀਆਂ ਕੀਤੀਆ। ਇਸ ਉਪਰੰਤ 'ਪੀਪਲਜ਼ ਵਾਇਸ' ਵੱਲੋਂ ਇਨਕਲਾਬੀ ਗੀਤ ਅਤੇ ਸਤਿਆਜੀਤ ਰੇਅ ਦੀ ਫ਼ਿਲਮ 'ਸਦਗਤੀ' ਦੀ ਸਕਰਿੰਨਿੰਗ ਕੀਤੀ ਗਈ। ਇਸ ਫ਼ਿਲਮ ਵਿਚ ਦਿਖਾਇਆ ਗਿਆ ਹੈ ਕਿ ਸਦੀਆਂ ਤੋਂ ਲਤਾੜਿਆ ਦਲਿਤ ਭਾਈਚਾਰਾ ਕਿਵੇਂ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਦਾ ਹੈ ਅਤੇ ਸਥਾਪਤੀ ਦੇ ਜਾਤ-ਪਾਤੀ ਚਰਿੱਤਰ ਦਾ ਦਾਬਾ ਅਤੇ ਵਿਤਕਰਾ ਮੰਨਣ ਤੋਂ ਨਾਬਰ ਹੁੰਦਾ ਹੈ। ਸਿਖਿਆਰਥੀ ਚੇਤਨਾ ਕੈਂਪ ਦਾ ਮੰਚ ਸੰਚਾਲਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd #
100 Sacramento, CA 95834


# ਕਲੇਰ ਪਰਿਵਾਰ ਨੂੰ ਸਦਮਾ, ਹਰਦੀਪ ਕਲੇਰ ਦਾ ਸਵਰਗਵਾਸ

**ਸੈਕਰਾਮੈਂਟੋ–** ਸ੍ਰੀ ਬਲਬੀਰ ਸਿੰਘ ਕਲੇਰ ਅਤੇ ਉਹਨਾਂ ਦੇ ਪਰਿਵਾਰ ਨੂੰ ਉਸ ਵਕਤ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੇ ਸਪੁੱਤਰ ਸ੍ਰੀ ਹਰਦੀਪ ਕਲੇਰ ਬੀਤੀ 25 ਸਤੰਬਰ ਨੂੰ ਸੰਸਾਰਕ ਯਾਤਰਾ ਪੂਰੀ ਕਰਕੇ ਅਕਾਲ ਚਲਾਣਾ ਕਰ ਗਏ। ਉਹਨਾਂ ਦਾ ਜਨਮ 30 ਜੂਨ 1986 ਨੂੰ ਹੋਇਆ ਸੀ, ਜੋ ਭਰ ਜਵਾਨੀ ਵਿਚ ਪਰਿਵਾਰ ਨੂੰ ਵਿਛੋੜਾ ਦੇ ਗਏ ਹਨ। ਉਹਨਾਂ ਦਾ ਅੰਤਿਮ ਸਸਕਾਰ 2 ਅਕਤੂਬਰ 2023 ਨੂੰ ਸਵੇਰੇ 10 ਤੋਂ 12 ਵਜੇ ਤੱਕ ਨੌਰਥ ਸੈਕਰਾਮੈਂਟੋ ਫਿਊਨਰਲ ਹੋਮ, 725 ਈ ਐਲ. ਕੈਮਿਨੋ ਐਵੇਨਿਊ ਸੈਕਰਾਮੈਂਟੋ (ਕੈਲੇਫੋਰਨੀਆ ਵਿਚ ਹੋਵੇਗਾ।



ਸਸਕਾਰ ਤੋਂ ਬਾਅਦ ਇਸੇ ਦਿਨ ਅੰਤਿਮ ਅਰਦਾਸ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ), 6221, 16ਵੀਂ ਸਟ੍ਰੀਟ, ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਪ੍ਰਗਟ ਕਰਨ ਅਤੇ ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ, ਸ੍ਰੀ ਬਲਬੀਰ ਕਲੇਰ (ਪਿਤਾ) +1 (916) 769-8569 ਹੈ।

ਅਦਾਰਾ 'ਦੇਸ਼ ਦੁਆਬਾ' ਵੱਲੋਂ ਹਰਦੀਪ ਕਲੇਰ ਦੀ ਬੇਵਕਤੀ ਮੌਤ ਤੇ ਦੁੱਖ ਪ੍ਰਗਟ ਕਰਦਿਆਂ ਵਿੱਛੜੀ ਆਤਮਾ ਦੀ ਆਤਮਕ ਸ਼ਾਂਤੀ ਲਈ ਅਰਦਾਸ ਕਰਦਾ ਹੈ।

# ਪੌਸ਼ਟਿਕ ਭੋਜਨ ਹੀ ਮਨੁੱਖੀ ਜੀਵਨ ਦਾ ਆਧਾਰ ਹੈ - ਬ੍ਰਹਮ ਸ਼ੰਕਰ ਜਿੰਪਾ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੌਸ਼ਟਿਕ ਭੋਜਨ ਮਨੁੱਖੀ ਜੀਵਨ ਦਾ ਆਧਾਰ ਹੈ ਪਰ ਅੱਜ ਅਸੀਂ ਭੋਜਨ ਦੇ ਪੌਸ਼ਟਿਕ ਮਹੱਤਵ ਨੂੰ ਭੁੱਲ ਕੇ ਗੈਰ-ਰਵਾਇਤੀ ਭੋਜਨ ਵੱਲ ਆਕਰਸ਼ਿਤ ਹੋ ਰਹੇ ਹਾਂ। ਉਨ੍ਹਾਂ ਕਿਹਾ ਕਿ ਬੱਚੇ ਦੇ ਸਰਬਪੱਖੀ ਵਿਕਾਸ ਲਈ ਮਾਂ ਦਾ ਦੁੱਧ ਅਤੇ ਓਪਰੀ ਖ਼ੁਰਾਕ ਸਹੀ ਸਮੇਂ 'ਤੇ ਦਿੱਤੀ ਜਾਵੇ ਅਤੇ ਬੱਚਿਆਂ ਨੂੰ ਭੋਜਨ ਦਿੰਦੇ ਸਮੇਂ ਪੌਸ਼ਟਿਕ ਗੁਣਾਂ ਵਾਲੇ ਤੱਤ ਸ਼ਾਮਿਲ ਕੀਤੇ ਜਾਣ । ਉਹ ਅੱਜ ਸਵਾਮੀ ਸਰਵਾਨੰਦ ਗਿਰੀ ਖੇਤਰੀ ਕੇਂਦਰ ਪੰਜਾਬ ਯੂਨੀਵਰਸਿਟੀ ਹੁਸ਼ਿਆਰਪੁਰ ਵਿਖੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਪੋਸ਼ਣ ਮਹੀਨਾ 2023 ਤਹਿਤ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਮਾਗਮ ਨੂੰ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਉਨ੍ਹਾਂ ਦੀ ਪਤਨੀ ਵਿਭਾ ਸ਼ਰਮਾ, ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤਾ ਚੌਧਰੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਪੋਸ਼ਣ ਸਬੰਧੀ ਜਾਗਰੂਕਤਾ ਨਾਲ ਹੀ ਬੱਚਿਆਂ ਨੂੰ ਕੁਪੋਸ਼ਣ ਤੋਂ ਬਚਾਇਆ ਜਾ ਸਕਦਾ ਹੈ। ਉਨ੍ਹਾਂ ਗਰਭਵਤੀ ਔਰਤਾਂ ਲਈ ਪੌਸ਼ਟਿਕ ਆਹਾਰ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਤੰਦਰੁਸਤ ਬੱਚਿਆਂ ਨਾਲ ਹੀ ਅਸੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ 'ਰੰਗਲੇ ਪੰਜਾਬ' ਦੇ ਸੁਪਨੇ ਨੂੰ ਸਾਕਾਰ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਕੁਪੋਸ਼ਣ ਦਾ ਸ਼ਿਕਾਰ ਹੋਣ ਵਾਲੇ ਬੱਚਿਆਂ ਦੀ ਸਮੇਂ ਸਿਰ ਸ਼ਨਾਖਤ ਕਰਕੇ ਉਨ੍ਹਾਂ ਦਾ ਵਿਸ਼ੇਸ਼ ਧਿਆਨ ਰੱਖ ਕੇ ਹੀ ਇਸ ਮਿਸ਼ਨ ਨੂੰ ਸਫ਼ਲ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਪੌਸ਼ਟਿਕ ਭੋਜਨ ਖਵਾ ਕੇ ਹੀ ਸਿਹਤਮੰਦ ਸਮਾਜ ਦੀ ਨੀਂਹ ਰੱਖੀ ਜਾ ਸਕਦੀ ਹੈ। ਇਸ ਦੌਰਾਨ ਮੁੱਖ ਮਹਿਮਾਨ ਵੱਲੋਂ 21 ਗਰਭਵਤੀ ਔਰਤਾਂ ਦੀ ਗੋਦ ਭਰਾਈ ਸੰਤੁਲਿਤ ਆਹਾਰ ਦੀਆਂ ਟੋਕਰੀਆਂ ਨਾਲ ਕੀਤੀ ਗਈ। ਇਸ ਦੇ ਨਾਲ ਹੀ 6 ਮਹੀਨੇ ਦੀ ਉਮਰ ਦੇ ਬੱਚਿਆਂ ਨੂੰ ਮਾਂ ਦੇ ਦੁੱਧ ਤੋਂ ਇਲਾਵਾ ਓਪਰੀ ਖ਼ੁਰਾਕ ਦੇ ਕੇ ਅੰਨ-ਪ੍ਰਾਸ਼ਣ ਵੀ ਕਰਵਾਇਆ ਗਿਆ। ਨਿੱਜੀ ਸਾਫ਼-ਸਫਾਈ, ਮਾਹਵਾਰੀ ਸਵੱਛਤਾ ਪ੍ਰਬੰਧਨ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ 21 ਕਿਸ਼ੋਰੀਆਂ ਨੂੰ ਸੈਨੇਟਰੀ ਪੈਡ ਵੀ ਵੰਡੇ ਗਏ। ਪ੍ਰੋਗਰਾਮ ਦੇ ਸੰਚਾਲਨ ਵਿਚ ਸਵਾਮੀ ਸਰਵਾਨੰਦ ਗਿਰੀ ਖੇਤਰੀ ਕੇਂਦਰ ਦੀ ਐਨ.ਐਸ.ਐਸ ਯੂਨਿਟ ਨੇ ਵਿਸ਼ੇਸ਼ ਭੂਮਿਕਾ ਨਿਭਾਈ।

ਇਸ ਤੋਂ ਪਹਿਲਾਂ ਮੁੱਖ ਮਹਿਮਾਨ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਵੱਖ ਵੱਖ ਵਿਸ਼ਿਆਂ ਸੰਬੰਧੀ ਲਗਾਈ ਗਈ ਪ੍ਰਦਰਸ਼ਨੀ ਦਾ ਨਿਰੀਖਣ ਵੀ ਕੀਤਾ, ਜਿਸ ਵਿਚ ਸੰਤੁਲਿਤ ਖੁਰਾਕ, ਘੱਟ ਕੀਮਤ ਵਾਲੀਆਂ ਸਥਾਨਕ ਪੌਸ਼ਟਿਕ ਸਬਜ਼ੀਆਂ ਅਤੇ ਬੱਚਿਆਂ ਦੇ ਪੋਸ਼ਣ ਦੀ ਸਥਿਤੀ ਦੀ ਜਾਂਚ ਕਰਨ ਲਈ ਗਰੋਥ ਮੋਨੀਟਰਿੰਗ (ਲੰਬਾਈ ਅਤੇ ਭਾਰ) ਦੀ ਮਹੱਤਤਾ, ਅਨੀਮੀਆ ਦੀ ਰੋਕਥਾਮ ਸਬੰਧੀ ਜਾਗਰੂਕਤਾ, ਅਨੀਮੀਆ ਦੀ ਜਾਂਚ, ਕ੍ਰਿਸ਼ੀ ਵਿਗਿਆਨ ਕੇਂਦਰ ਬਾਹੋਵਾਲ ਵੱਲੋਂ ਮੋਟੇ ਅਨਾਜ ਦੀ ਵਰਤੋਂ ਸਬੰਧੀ ਜਾਗਰੂਕਤਾ, ਜੰਗਲਾਤ ਵਿਭਾਗ ਅਤੇ ਸਿਹਤ ਵਿਭਾਗ ਵੱਲੋਂ ਖਾਣਯੋਗ ਪੌਦਿਆਂ ਦੀਆਂ ਪ੍ਰਦਰਸ਼ਨੀਆਂ ਅਤੇ ਪੌਸ਼ਟਿਕ ਰੰਗੋਲੀ ਆਦਿ ਸ਼ਾਮਿਲ ਸੀ। ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਸੀਮਾ ਗਰਗ ਨੇ 6 ਸਾਲ ਤੱਕ ਦੇ ਬੱਚਿਆਂ ਅਤੇ ਕਿਸ਼ੋਰੀਆਂ ਨੂੰ ਜੀਵਨ ਦੇ ਮਹੱਤਵਪੂਰਨ ਪੜਾਵਾਂ ਜਿਵੇਂ ਕਿ ਗਰਭ ਅਵਸਥਾ ਅਤੇ ਖ਼ੁਰਾਕ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ।

# ਅਧਿਆਪਨ ਅਤੇ ਸਮਾਜਿਕ ਖੇਤਰ 'ਚ ਵਡਮੁੱਲਾ ਯੋਗਦਾਨ ਪਾਉਣ ਅਧਿਆਪਕਾਂ ਨੂੰ ਡਾ.ਬੀ ਆਰ ਅੰਬੇਡਕਰ ਬੈਸਟ ਟੀਚਰ' ਐਵਾਰਡ ਨਾਲ ਕੀਤਾ ਸਨਮਾਨਿਤ

## ਸ੍ਰੀ ਹਰਬੰਸ ਸਿੰਘ ਘਾਰੂ ਸਮੇਤ 5 ਹੋਰ ਸ਼ਖ਼ਸੀਅਤਾਂ ਨੂੰ ਦਿੱਤਾ ਵਿਸ਼ੇਸ਼ ਸਨਮਾਨ


**ਫਗਵਾੜਾ 24 ਸਤੰਬਰ–** ਗਜ਼ਟਿਡ ਅਤੇ ਨਾਨ ਗਜ਼ਟਿਡ ਐਸ ਸੀ ਬੀ ਸੀ ਇੰਪਲਾਈਜ ਵੈਲਫੇਅਰ ਫੈਡਰੇਸ਼ਨ ਕਪੂਰਥਲਾ ਵਲੋਂ ਜ਼ਿਲ੍ਹਾ ਪ੍ਰਧਾਨ ਅਤੇ ਅਡੀਸ਼ਨਲ ਸਟੇਟ ਪ੍ਰਧਾਨ ਸਤਵੰਤ ਸਿੰਘ ਟੂਰਾ ਦੀ ਅਗਵਾਈ ਵਿੱਚ ਇੱਕ ਦਿਲ ਖਿੱਚਵਾਂ ਸਮਾਗਮ ਕਰਵਾਇਆ ਗਿਆ। ਜਿਸ ਵਿਚ ਕਪੂਰਥਲਾ ਜ਼ਿਲ੍ਹੇ ਵਿੱਚ ਵੱਖ-ਵੱਖ ਸਕੂਲਾਂ ਵਿਚ ਅਧਿਆਪਨ ਸੇਵਾਵਾਂ ਨਿਭਾ ਰਹੇ ਕਰਮਯੋਗੀ ਅਧਿਆਪਕਾਂ ਨੂੰ ਫੈਡਰੇਸ਼ਨ ਵਲੋਂ ਗਠਿਤ ਚੋਣ ਕਮੇਟੀ ਜਿਸ ਵਿੱਚ ਮਨਜੀਤ ਗਾਟ ,ਲਖਵੀਰ ਚੰਦ, ਵਿਨੋਦ ਕੁਮਾਰ, ਬਲਵਿੰਦਰ ਨਿਧੜਕ, ਸਤਨਾਮ ਗਿੱਲ ਅਤੇ ਵੱਖ ਵੱਖ ਅਧਿਆਪਕਾਂ ਵੱਲੋਂ ਦਿੱਤੇ ਸੁਝਾਵਾਂ ਤਹਿਤ ਵਿੱਦਿਅਕ ਸੈਸ਼ਨ 2022-23 ਵਿੱਚ ਅਧਿਆਪਨ ਅਤੇ ਸਮਾਜਿਕ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਉਣ ਲਈ ਅਧਿਆਪਕਾ ਦਿਵਸ ਨੂੰ ਸਮਰਪਿਤ ਸਮਾਗਮ ਦੌਰਾਨ 'ਡਾਕਟਰ ਬੀ ਆਰ ਅੰਬੇਡਕਰ ਬੈਸਟ ਟੀਚਰ ਐਵਾਰਡ ' ਨਾਲ ਸਨਮਾਨਿਤ ਕੀਤਾ ਗਿਆ।



ਸ੍ਰੀ ਸਤਵੰਤ ਟੂਰਾ ਜਿਲਾ ਪ੍ਰਧਾਨ ਦੀ ਅਗਵਾਈ ਵਿੱਚ ਪ੍ਰਾਇਮਰੀ ਸਕੂਲ ਹੁਸ਼ਿਆਰਪੁਰ ਚੌਕ ਫਗਵਾੜਾ ਵਿਖੇ ਆਯੋਜਿਤ ਕੀਤੇ ਸਮਾਗਮ ਦੌਰਾਨ ਸ੍ਰੀ ਸੰਤੋਖ ਸਿੰਘ ਮੱਲ੍ਹੀ ਸੈਂਟਰ ਟੀਚਰ ਸਰਕਾਰੀ ਐਲੀਮੈਂਟਰੀ ਸਕੂਲ ਭਾਣੋ ਲੰਗਾ, ਸ੍ਰੀ ਸੁਖਦੇਵ ਸਿੰਘ ਪੰਜਾਬੀ ਮਾਸਟਰ ਸਰਕਾਰੀ ਮਿਡਲ ਸਕੂਲ ਬੋਹਾਨੀ, ਮੈਡਮ ਸੰਤੋਸ਼ ਕੌਰ ਈਟੀਟੀ ਅਧਿਆਪਕਾ ਸਰਕਾਰੀ ਐਲੀਮੈਂਟਰੀ ਸਕੂਲ ਭਾਣੋ ਲੰਗਾ, ਮੈਡਮ ਕਮਲੇਸ਼ ਕੁਮਾਰੀ ਪੰਜਾਬੀ ਮਿਸਟ੍ਰੈਸ ਸਰਕਾਰੀ ਮਿਡਲ ਸਕੂਲ ਖੇੜਾ, ਗੁਰਦਿਆਲ ਸਿੰਘ ਹੀਰ ਮੈਥ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੰਗਲ ਮੱਝਾ, ਰਜਿੰਦਰ ਸਿੰਘ ਲੈਕਚਰਾਰ ਭੂਗੋਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਫਗਵਾੜਾ, ਮੈਡਮ ਸੋਨੀਆ ਬਨੋਤਰਾ ਈਟੀਟੀ ਅਧਿਆਪਕਾ ਕੋਟਰਾਣੀ, ਪੰਕਜ਼ ਸਿੰਘ ਰਾਵਤ ਕੰਪਿਊਟਰ ਫੈਕਲਟੀ ਸਰਕਾਰੀ ਮਿਡਲ ਸਕੂਲ ਜਮਾਲਪੁਰ ਅਤੇ ਮੈਡਮ ਕਮਲਜੀਤ ਕੌਰ ਐਸ ਐਸ ਮਿਸਟ੍ਰੈਸ ਸਸਸਸ ਅਠੌਲੀ ਨੂੰ ਡਾਕਟਰ ਬੀ ਆਰ ਅੰਬੇਡਕਰ ਬੈਸਟ ਟੀਚਰ ਐਵਾਰਡ 2023 ਨਾਲ ਸਨਮਾਨਿਤ ਕੀਤਾ ਗਿਆ। ਜਦੋਂ ਕਿ ਹਰਬੰਸ ਸਿੰਘ ਘਾਰੂ ਸੀਨੀਅਰ ਸਹਾਇਕ ਕੰਮ ਸੁਪਰਡੈਂਟ (ਰਿਟਾਇਰਡ ) ਦਫਤਰ ਜ਼ਿਲਾ ਸਿੱਖਿਆ ਅਫਸਰ ਐਲੀਮੈਂਟਰੀ ਕਪੂਰਥਲਾ ,ਸ੍ਰੀ ਪਰਵੀਨ ਸਿੰਘ ਭੂਟਾ, ਵੋਕੇਸ਼ਨਲ ਲੈਕਚਰਾਰ ਫਗਵਾੜਾ, ਸ੍ਰੀ ਗਿਆਨ ਸਿੰਘ ਲੈਕਚਰਾਰ ਅੰਗਰੇਜ਼ੀ (ਰਿਟਾਇਰਡ), ਸ੍ਰੀ ਜਗਦੀਸ਼ ਕੁਮਾਰ ਥਿੰਦ ਕਲਰਕ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ ਕਪੂਰਥਲਾ, ਸ੍ਰੀ ਨਵਤੇਜ ਸਿੰਘ ਸੈਂਟਰ ਹੈਡ ਟੀਚਰ ਨਾਨਕ ਨਗਰੀ ਚਹੇੜੂ ਅਤੇ ਸੰਨੀ ਡੈਵਿਟ ਕਲਰਕ ਸਸਸਸ ਰਾਣੀਪੁਰ ਨੂੰ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਧਾਨ ਸਤਵੰਤ ਟੂਰਾ ਤੇ ਮਨਜੀਤ ਗਾਟ ਨੇ ਡਾਕਟਰ ਬੀ ਆਰ ਅੰਬੇਡਕਰ ਬੈਸਟ ਟੀਚਰ ਐਵਾਰਡ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕੀ ਉਹ ਅੱਗੇ ਤੋਂ ਹੋਰ ਵੀ ਜ਼ਿਆਦਾ ਆਪਣੇ ਸਕੂਲਾਂ ਵਿੱਚ ਅਤੇ ਸਮਾਜਿਕ ਖੇਤਰਾਂ ਵਿੱਚ ਵਧੀਆ ਸੇਵਾਵਾਂ ਪ੍ਰਦਾਨ ਕਰਨ, ਕਿਉਂਕਿ ਇੱਕ ਅਧਿਆਪਕ ਹੀ ਵਿਦਿਆਰਥੀਆਂ ਨੂੰ ਅਗਿਆਨਤਾ ਦੇ ਹਨੇਰੇ ਵਿਚੋਂ ਚਾਨਣ ਦਿਖਾ ਸਕਦਾ ਹੈ। ਅਤੇ ਇੱਕ ਵਧੀਆ ਨਾਗਰਿਕ ਬਣਾ ਸਕਦਾ ਹੈ। ਸਤਵੰਤ ਟੂਰਾ ਨੇ ਕਿਹਾ ਕਿ ਫੈਡਰੇਸ਼ਨ ਅੱਗੇ ਤੋਂ ਵੀ ਆਪਣੇ ਸਮਾਜ ਦੇ ਅਧਿਆਪਕਾਂ ਦੇ ਮਾਣ- ਸਨਮਾਨ ਦਾ ਕਾਰਜ ਜਾਰੀ ਰੱਖੇਗੀ।

ਇਸ ਮੌਕੇ ਤੇ ਸ੍ਰੀ ਰਜਿੰਦਰ ਕੁਮਾਰ, ਸ੍ਰੀ ਰੁਪਿੰਦਰ ਮਿਨਹਾਸ, ਸ੍ਰੀ ਜਸਵਿੰਦਰ ਸਿੰਘ ਪ੍ਰਿੰਸੀਪਲ (ਰਿਟਾਇਰਡ), ਸ੍ਰੀ ਜੋਗਿੰਦਰ ਸਿੰਘ ਅਮਾਨੀਪੁਰ, ਸ੍ਰੀਮਤੀ ਅਮਰਜੀਤ ਕੌਰ ਮੱਲ੍ਹੀ,ਸ੍ਰੀ ਗਿਆਨ ਚੰਦ ਵਾਹਦ, ਅਸ਼ੋਕ ਕੁਮਾਰ, ਪ੍ਰਵੀਨ ਕੁਮਾਰ, ਵਿਜੇ ਕੁਮਾਰ, ਗੁਰਸੇਵਕ ਸਿੰਘ,ਪਵਨ ਕੁਮਾਰ, ਰਾਮਪਾਲ ਅਨੁਪਮ ਕੰਵਲ, ਮੈਡਮ ਜੋਤੀ, ਮੈਡਮ ਰੇਨੂੰ ਬਾਲਾ, ਮੈਡਮ ਮਨਿੰਦਰ ਕੌਰ, ਮੈਡਮ ਅਮਰਜੀਤ ਕੌਰ, ਕਮਲੇਸ਼ ਕੌਰ, ਧਰਮਿੰਦਰ ਕੁਮਾਰ,ਵਿਪਨ ਕੁਮਾਰ, ਰਣਜੀਤ ਸਿੰਘ, ਰਮਨ ਕੁਮਾਰ, ਅਤੇ ਹੋਰ ਬਹੁਤ ਸਾਰੇ ਅਧਿਆਪਕ ਸਾਹਿਬਾਨ ਸ਼ਾਮਲ ਸਨ।

# ਡਾ. ਪਰਮਿੰਦਰ ਅਤੇ ਡਾ. ਸੁਖਦੇਵ ਸਿਰਸਾ ਨੇ ਸਿਖਿਆਰਥੀਆਂ ਨਾਲ ਪਾਈ ਵਿਚਾਰਾਂ ਦੀ ਸਾਂਝ







**ਜਲੰਧਰ –** ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਲਗਾਏ ਗਏ ਸਿਖਿਆਰਥੀ ਚੇਤਨਾ ਕੈਂਪ ਦੇ ਦੂਜੇ ਦਿਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਡਾ. ਪਰਮਿੰਦਰ ਅਤੇ ਡਾ. ਸੁਖਦੇਵ ਸਿਰਸਾ ਨੇ ਪੰਜਾਬ ਭਰ ਤੋਂ ਆਏ ਪ੍ਰੋ. ਬਰਕਤ ਉੱਲਾ ਹਾਲ 'ਚ ਜੁੜੇ ਸਿਖਿਆਰਥੀਆਂ ਨੂੰ ਸੰਬੋਧਨ ਕੀਤਾ।

ਪਹਿਲੇ ਸੈਸ਼ਨ 'ਚ ਡਾ. ਪਰਮਿੰਦਰ ਨੇ 'ਫ਼ਿਰਕੂ ਫਾਸ਼ੀ ਹੱਲੇ ਅਤੇ ਅਜੋਕੀ ਹਾਲਤ' ਵਿਸ਼ੇ 'ਤੇ ਬੋਲਦਿਆਂ ਫ਼ਿਰਕੂ ਫਾਸ਼ੀ ਵਰਤਾਰੇ ਦੀ ਜਨਮ-ਭੋਇੰ ਆਰਥਕ, ਰਾਜਨੀਤਕ, ਸਮਾਜਕ ਤਾਣੇ-ਬਾਣੇ ਦੀਆਂ ਮਹੀਣ ਪਰਤਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਦੁਨੀਆਂ ਭਰ ਦੇ ਕੁਦਰਤੀ ਅਨਮੋਲ ਖਜ਼ਾਨਿਆਂ ਉਪਰ ਜੱਫਾ ਮਾਰਨ ਲਈ ਸਰਮਾਏਦਾਰੀ ਦੇ ਫੈਲਦੇ ਪੰਜਿਆਂ ਦੀ ਇਹ ਲੋੜ ਬਣੀ ਕਿ ਉਹ ਵੰਡ-ਪਾਊ, ਕੁੜੱਤਣ ਅਤੇ ਕਤਲੋਗਾਰਦ ਭਰਿਆ ਮਾਹੌਲ ਸਿਰਜਕੇ ਆਪਣੇ ਰਾਹ ਮੋਕਲੇ ਕਰ ਸਕਣ। ਉਹਨਾਂ ਇਤਿਹਾਸ ਦੇ ਝਰੋਖੇ 'ਚੋਂ ਠੋਸ ਹਵਾਲੇ ਦਿੰਦਿਆਂ ਦੱਸਿਆ ਕਿ ਸਾਡੇ ਮੁਲਕ ਅੰਦਰ 1947 ਦੇ ਦੌਰ ਤੋਂ ਹੀ ਹਾਕਮ ਧੜਿਆਂ ਦੇ ਥਾਪੜੇ ਦੀ ਪਾਲ਼ੀ-ਪਲ਼ੋਸੀ ਫ਼ਿਰਕੂ ਦਹਿਸ਼ਤਗਰਦੀ ਦਾ ਹਥਿਆਰ ਲੋਕਾਂ ਉਪਰ ਬੇਕਿਰਕੀ ਨਾਲ ਵਰਤਿਆ ਗਿਆ।

ਉਹਨਾਂ ਕਿਹਾ ਕਿ ਪਹਿਲੇ ਰਾਜ ਕਰਤਾ ਨੇਤਾਵਾਂ ਵੱਲੋਂ ਵੀ ਫ਼ਿਰਕੂ ਪੱਤਾ ਖ਼ੂਬ ਵਰਤਿਆ ਗਿਆ ਅਤੇ ਹੁਣ ਮੋਦੀ ਹਕੂਮਤ ਸਮੇਂ ਇਹ ਸਾਰੀਆਂ ਹੱਦਾਂ ਪਾਰ ਕਰ ਗਿਆ। ਹੁਣ ਹਿਟਲਰ, ਮਸੋਲੀਨੀ ਦੇ ਕਾਲ਼ੇ ਦੌਰ ਵਾਲੇ ਤਜ਼ਰਬੇ ਭਾਰਤ ਅੰਦਰ ਲਾਗੂ ਕਰਨ ਲਈ ਘੁਮੰਤੂ ਕਿਸਮ ਦੇ ਗੈਰ-ਸਮਾਜੀ ਤੱਤਾਂ ਹੱਥ ਹਥਿਆਰ ਅਤੇ ਮਨਾਂ ਅੰਦਰ ਜ਼ਹਿਰ ਭਰਕੇ ਦਹਿਸ਼ਤਗਰਦੀ ਅਤੇ ਮਾਰ-ਧਾੜ ਦਾ ਬਾਜ਼ਾਰ ਗਰਮ ਕੀਤਾ ਜਾ ਰਿਹਾ ਹੈ। ਡਾ. ਪਰਮਿੰਦਰ ਨੇ ਕਿਹਾ ਕਿ ਫ਼ਿਰਕੂ ਫਾਸ਼ੀ ਹੱਲੇ ਨੂੰ ਪਛਾੜਨ ਲਈ ਲੋਕਾਂ ਦੇ ਹਕੀਕੀ ਮੁੱਦਿਆਂ ਉਪਰ ਲਾਮਬੰਦੀ ਕਰਨ ਲਈ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦਿਆਂ, ਲੁੱਟ, ਫ਼ਿਰਕਾਪ੍ਰਸਤੀ, ਜਾਤ-ਪ੍ਰਸਤੀ ਦੇ ਆਧਾਰ 'ਤੇ ਕਾਬਜ ਅਜੋਕੇ ਰਾਜ ਪ੍ਰਬੰਧ ਨੂੰ ਮੂਲੋਂ ਬਦਲ ਕੇ ਗ਼ਦਰੀ ਦੇਸ਼ ਭਗਤਾਂ ਦੀ ਆਜ਼ਾਦੀ, ਬਰਾਬਰੀ, ਧਰਮ ਨਿਰਪੱਖਤਾ ਅਤੇ ਸਾਂਝੀਵਾਲਤਾ 'ਤੇ ਅਧਾਰਤ ਨਿਜ਼ਾਮ ਦੀ ਸਿਰਜਣਾ ਲਈ ਆਪਣਾ ਯੋਗਦਾਨ ਪਾਉਣ ਦੀ ਲੋੜ ਹੈ।

ਦੂਜੇ ਸੈਸ਼ਨ 'ਚ 'ਫਾਸ਼ੀ ਹੱਲੇ ਦਾ ਸਾਹਿਤ/ਸਭਿਆਚਾਰ ਤੇ ਪ੍ਰਭਾਵ' ਵਿਸ਼ੇ 'ਤੇ ਬੋਲਦਿਆਂ ਡਾ. ਸੁਖਦੇਵ ਸਿਰਸਾ ਨੇ ਕਿਹਾ ਕਿ ਵਿਸ਼ਵੀਕਰਣ ਦੇ ਨਾਂਅ ਹੇਠ ਕਾਰਪੋਰੇਟ ਘਰਾਣਿਆਂ ਨੇ ਵਿਸ਼ਾਲ ਲੋਕਾਈ ਦਾ ਜਹਾਨ ਲੁੱਟ ਲਿਆ ਹੈ।

ਉਹਨਾਂ ਨੇ ਨਾਮਵਰ ਕਵੀਆਂ, ਸਾਹਿਤਕਾਰਾਂ ਦੀ ਕਲਮ ਦੁਆਰਾ ਰਚੇ ਹਵਾਲੇ ਦਿੰਦਿਆਂ ਦਰਸਾਇਆ ਕਿ ਜਿਹੜੀ ਹਾਕਮ ਧਿਰ ਆਰਥਕਤਾ ਉਪਰ ਕਾਬਜ਼ ਹੋਏ ਉਹ ਆਪਣੇ ਸਿੰਘਾਸਣ ਨੂੰ ਸਲਾਮਤ ਰੱਖਣ ਲਈ ਆਪਣੇ ਹਿੱਤਾਂ ਦੇ ਰਾਸ ਆਉਂਦਾ ਸਭਿਆਚਾਰ ਪਰੋਸਦੀ ਹੈ।

ਉਹਨਾਂ ਕਿਹਾ ਕਿ ਕਿਸਾਨ ਸੰਘਰਸ਼ ਨੇ ਪੰਜਾਬੀ ਗਾਇਕੀ ਦਾ ਮੁਹਾਂਦਰਾ ਲੋਕ-ਮੁਖੀ ਕਰਨ ਵੱਲ ਮਹੱਤਵਪੂਰਨ ਭੂਮਿਕਾ ਨਿਭਾਈ। ਉਹਨਾਂ ਕਿਹਾ ਕਿ ਫ਼ਿਰਕੂ ਫਾਸ਼ੀ ਅਤੇ ਵਿਸ਼ਵੀਕਰਣ ਦੇ ਨਾਂਅ ਤੇ ਜੋ ਵੀ ਹੱਲੇ ਹੋ ਰਹੇ ਨੇ ਇਹ ਵੀ ਵਿਸ਼ਵਾਸ਼ ਨਾਲ ਕਹਿ ਸਕਦੇ ਹਾਂ ਕਿ ਭਵਿੱਖ ਨਾਬਰੀ, ਪ੍ਰਤੀਰੋਧ ਅਤੇ ਲੋਕ ਸੰਘਰਸ਼ਾਂ ਦੇ ਹਾਣਦੇ ਸਾਹਿਤ ਦਾ ਹੈ। ਜ਼ਬਰ ਦੇ ਦੌਰ ਅੰਦਰ ਭਵਿੱਖ਼ 'ਚ ਰੋਸ ਅਤੇ ਬਦਲਵੇਂ ਲੋਕ-ਪੱਖੀ ਰਾਹਾਂ ਦਾ ਸਾਹਿਤ ਅਤੇ ਸਭਿਆਚਾਰ ਪ੍ਰਫੁੱਲਤ ਹੋਵੇਗਾ।

ਸਮੂਹ ਸਿਖਿਆਰਥੀਆਂ ਨੂੰ ਕਿਤਾਬਾਂ ਅਤੇ ਪ੍ਰਮਾਣ-ਪੱਤਰ ਨਾਲ ਸਨਮਾਨਤ ਕਰਨ ਉਪਰੰਤ ਆਪੋ ਆਪਣੇ ਖੇਤਰਾਂ ਨੂੰ ਇਨਕਲਾਬੀ ਸ਼ੁੱਭ ਇਛਾਵਾਂ ਨਾਲ ਵਿਦਾ ਕੀਤਾ ਗਿਆ। ਕਮੇਟੀ ਦੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਨੇ ਕੈਂਪ 'ਚ ਜੁੜੇ ਸਿਖਿਆਰਥੀਆਂ ਨੂੰ ਗ਼ਦਰ ਇਤਿਹਾਸ ਅਤੇ ਪੁਸਤਕ ਸਭਿਆਚਾਰ ਨਾਲ ਜੁੜਨ ਦਾ ਸੱਦਾ ਦਿੱਤਾ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਦੋ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ ਦੇ ਸਭਨਾਂ ਬੁਲਾਰਿਆਂ ਅਤੇ ਸਿਖਿਆਰਥੀਆਂ ਦਾ ਕਮੇਟੀ ਵੱਲੋਂ ਧੰਨਵਾਦ ਕਰਦਿਆਂ ਕਿਹਾ ਕਿ ਅਜੇਹੇ ਯਤਨ ਤੁਹਾਡੇ ਸਹਿਯੋਗ ਸਦਕਾ ਹੀ ਭਵਿੱਖ ਵਿੱਚ ਵੀ ਜਾਰੀ ਰੱਖੇ ਜਾਣਗੇ। ਉਨ੍ਹਾਂ 30, 31 ਅਕਤੂਬਰ ਅਤੇ 1 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿੱਚ ਲੱਗ ਰਹੇ 32ਵੇਂ ਮੇਲੇ 'ਚ ਹਰ ਪੱਖੋਂ ਸਹਿਯੋਗ ਕਰਨ ਅਤੇ ਕਾਫ਼ਲੇ ਬੰਨ ਕੇ ਸ਼ਾਮਿਲ ਹੋਣ ਦੀ ਅਪੀਲ ਕੀਤੀ। ਸਿਖਿਆਰਥੀ ਚੇਤਨਾ ਕੈਂਪ 'ਚ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸੀਨੀਅਰ ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਵਿਜੈ ਬੰਬੇਲੀ, ਰਣਜੀਤ ਸਿੰਘ ਔਲਖ, ਡਾ. ਸੈਲੇਸ਼, ਹਰਮੇਸ਼ ਮਾਲੜੀ ਵੀ ਹਾਜ਼ਰ ਸਨ। ਸਿਖਿਆਰਥੀ ਚੇਤਨਾ ਕੈਂਪ ਦਾ ਮੰਚ ਸੰਚਾਲਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

# ਡਾਕਟਰ ਅੰਬੇਡਕਰ ਦੀ ਜੀਵਨੀ ਅਤੇ ਸੰਘਰਸ਼ ਨੂੰ ਸਮਰਪਿਤ ਲਿਖਤ ਪ੍ਰੀਖਿਆ ਕਰਵਾਈ: ਪ੍ਰਧਾਨ ਪਰਮਜੀਤ ਸਿੰਘ ਬੈਂਸ



**ਪਠਾਨਕੋਟ, 24 ਸਤੰਬਰ (ਰਾਜਿੰਦਰ ਸਿੰਘ ਰਾਜਨ)** ਡਾਕਟਰ ਬੀ ਆਰ ਅੰਬੇਡਕਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਲੜਕੇ ਅਤੇ ਲੜਕੀਆਂ ਤਾਰਾਗੜ੍ਹ ਤੋਂ ਇਲਾਵਾ ਐਮ ਕੇ ਐਮ ਸਕੂਲ ਪਿੰਡ ਅੰਤੋਰ ਵਿੱਖੇ ਡਾਕਟਰ ਭੀਮ ਰਾਏ ਅੰਬੇਡਕਰ ਵੈਲਫੇਅਰ ਚੇਤਨਾ ਮੰਚ ਤਾਰਾਗੜ੍ਹ ਵੱਲੋਂ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੀ ਜੀਵਨੀ ਅਤੇ ਸੰਘਰਸ਼ ਨੂੰ ਸਮਰਪਿਤ ਜ਼ਿਲ੍ਹਾ ਪੱਧਰੀ ਸ਼ਾਨਦਾਰ ਢੰਗ ਨਾਲ ਲਿਖਤ ਪ੍ਰੀਖਿਆ ਕਰਵਾਈ ਗਈ। ਲਿਖਤ ਪ੍ਰੀਖਿਆ ਵਿੱਚ ਬੱਚਿਆਂ ਨੇ ਵੱਧ ਚੜ ਕੇ ਹਿੱਸਾ ਲਿਆ। ਇਸ ਪ੍ਰੀਖਿਆ ਦਾ ਮੁੱਖ ਮਕਸਦ ਭਾਰਤ ਰਤਨ ਬਾਬਾ ਸਾਹਿਬ ਦੀ ਭਾਰਤ ਵਿੱਚ ਦੇਣ ਅਤੇ ਉਨ੍ਹਾਂ ਦੇ ਜੀਵਨ ਸਬੰਧੀ ਜਾਣਨਾ ਤਾਂ ਕਿ ਕੋਈ ਵੀ ਮਨੁੱਖ ਮਿਹਨਤ ਕਰਕੇ ਆਪਣੇ ਦੇਸ਼ ਦਾ ਨਾਮ ਉੱਚਾ ਕਰ ਸਕਣ ਅਤੇ ਉਸਦੇ ਵਿਕਾਸ ਵਿੱਚ ਯੋਗਦਾਨ ਪਾ ਸਕਣ ਸੀ। ਇਸ ਮੌਕੇ ਮੰਚ ਦੇ ਅਹੁਦੇਦਾਰਾਂ ਨੇ ਪੂਰਨ ਤਰੀਕੇ ਨਾਲ ਪ੍ਰੀਖਿਆ ਦਾ ਸੰਚਾਲਨ ਕੀਤਾ।

ਇਸ ਮੌਕੇ ਸਮਾਜ ਸੇਵਕ ਬਲਵੀਰ ਥਾਪਾ, ਰਕੇਸ਼ ਕੁਮਾਰ ਕੋਟਲੀ, ਸੁਰਿੰਦਰ ਕੁਮਾਰ, ਨਰੇਸ਼ ਕੁਮਾਰ, ਦੇਸ ਰਾਜ, ਕੈਪਟਨ ਤਰਲੋਕ ਸਿੰਘ, ਚਮਨ ਲਾਲ ਬੈਂਸ ਆਦਿ ਹਾਜ਼ਰ ਸਨ। ਇਸ ਮੌਕੇ ਤੇ ਐਸ ਸੀ, ਬੀ ਸੀ ਟੀਚਰ ਯੂਨੀਅਨ ਦੇ ਜਿਲਾ ਪ੍ਰਧਾਨ ਪਰਮਜੀਤ ਸਿੰਘ ਬੈਂਸ ਨੇ ਉੱਕਤ ਜਾਣਕਾਰੀ ਦਿੰਦਿਆ ਪ੍ਰੀਖਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਖੁਰਦ ਵਿਖੇ ਬਾਲ ਲੇਖਕ ਵਰਕਸ਼ਾਪ ਲਗਾਈ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਖੁਰਦ ਵਿਖੇ ਪ੍ਰਿੰਸੀਪਲ ਵਿਜੈ ਕੁਮਾਰ ਭੱਟੀ ਦੀ ਯੋਗ ਅਗਵਾਈ ਹੇਠ ਸਾਹਿਤ ਸਿਰਜਣਾ ਵਰਕਸ਼ਾਪ ਲਗਾਈ ਗਈ। ਹਫਤਾ ਭਰ ਚੱਲਣ ਵਾਲੀ ਇਸ ਕਾਰਜਸ਼ਾਲਾ ਵਿੱਚ ਦੂਰ ਨੇੜੇ ਦੇ ਉਘੇ ਸਾਹਿਤ ਲੇਖਕਾਂ ਨੇ ਬੱਚਿਆਂ ਨੂੰ ਸਾਹਿਤ ਸਿਰਜਣ ਦੇ ਗੁਰ ਦੱਸੇ। ਨੌਜਵਾਨ ਲੇਖਕ ਸੁਖਮਨ ਸਿੰਘ ਨੇ ਆਪਣੇ ਸਿਰਜਣਾ ਅਨੁਭਵਾਂ ਨੂੰ ਵਿਦਿਆਰਥੀਆਂ ਨਾਲ ਸਾਂਝੇ ਕਰਦਿਆਂ ਕਿਹਾ ਕਿ ਸਾਨੂੰ ਕੁੱਝ ਵੀ ਲਿਖਣ ਤੋਂ ਪਹਿਲਾਂ ਬਹੁਤ ਕੁੱਝ ਪੜਨਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਚਿੱਤਰਕਾਰੀ ਕਰਨ ਦੇ ਢੰਗ ਤਰੀਕੇ ਵੀ ਸਮਝਾਏ ਗਏ। ਉਹਨਾਂ ਅੱਗੇ ਕਿਹਾ ਕਿ ਬਾਲ ਸਾਹਿਤ ਵਿੱਚ ਚਿੱਤਰਕਾਰੀ ਦਾ ਵਿਸ਼ੇਸ਼ ਮਹੱਤਵ ਹੈ। ਇਸ ਮੌਕੇ ਉਚੇਚੇ ਤੌਰ ਤੇ ਹਾਜ਼ਰ ਹੋਏ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਕਿਹਾ ਕਿ ਵਿਦਿਆਰਥੀਆਂ ਦੁਆਰਾ ਸਿਰਜੀਆਂ ਰਚਨਾਵਾਂ ਨੂੰ ਕਰੂੰਬਲਾ ਨਿਊਜ ਵਿੱਚ ਪ੍ਰਕਾਸ਼ਿਤ ਕੀਤਾ ਜਾਵੇਗਾ। ਉਹਨਾਂ ਅੱਗੇ ਕਿਹਾ ਕਿ ਕਵਿਤਾ ਲਿਖਣ ਵਾਲੇ ਨੂੰ ਕਵਿਤਾ ਦੀਆਂ ਪੁਸਤਕਾਂ ਅਤੇ ਕਹਾਣੀ ਲਿਖਣ ਵਾਲੇ ਨੂੰ ਕਹਾਣੀ ਦੀਆਂ ਵੱਧ ਤੋਂ ਵੱਧ ਪੁਸਤਕਾਂ ਦਾ ਪਾਠ ਕਰਨਾ ਚਾਹੀਦਾ ਹੈ। ਅਜਿਹਾ ਕਰਨ ਨਾਲ ਉਹਨਾਂ ਨੂੰ ਸਾਹਿਤ ਸਿਰਜਣਾ ਦੇ ਕਈ ਢੰਗ ਤਰੀਕੇ ਸਮਝ ਆ ਜਾਣਗੇ। ਲਿਖਤ ਨੂੰ ਸੰਵਾਰਨ ਤੇ ਸ਼ਿੰਗਾਰਨ ਲਈ ਮੁਹਾਵਰੇਦਾਰ ਬੋਲੀ ਦੀ ਵਰਤੋਂ ਕਰਨੀ ਚਾਹੀਦੀ ਹੈ। ਉਹਨਾਂ ਸਾਰੇ ਭਾਗੀਦਾਰਾਂ ਨੂੰ ਬਾਲ ਰਸਾਲੇ ਨਿੱਕੀਆ ਕਰੂੰਬਲਾਂ ਦੀਆਂ ਕਾਪੀਆ ਭੇਂਟ ਕਰਦਿਆ ਸਾਬਾਸ਼ ਦਿੱਤੀ। ਕਵਿਤਾ ਵਿੱਚ ਵਰਤੇ ਜਾਂਦੇ ਪ੍ਰਤੀਕਾਂ ਵਾਰੇ ਵਿਸਥਾਰ ਸਹਿਤ ਜਾਣਕਾਰੀ ਡਾਕਟਰ ਵਿਜੇ ਕੁਮਾਰ ਭੱਟੀ ਵਲੋਂ ਦਿੱਤੀ ਗਈ। ਕਾਰਜਸ਼ਾਲਾ ਦੇ ਪ੍ਰਬੰਧਾਂ ਨੂੰ ਸ਼ਾਨਦਾਰ ਢੰਗ ਨਾਲ ਸੰਚਾਲਿਤ ਕਰਨ ਵਿੱਚ ਮੈਡਮ ਪਵਿੱਤਰ ਕੌਰ, ਜਗਵੀਰ ਕੌਰ, ਪਰਮਿੰਦਰ ਕੌਰ ਅਤੇ ਜਰਨੈਲ ਸਿੰਘ ਨੇ ਵਿਸੇਸ਼ ਯੋਗਦਾਨ ਪਾਇਆ। ਇਸ



ਕਾਰਜਸ਼ਾਲਾ ਦੌਰਾਨ ਪ੍ਰਤਿੱਗਿਆ, ਅਨੰਨਿਆ, ਰਜਨੀ, ਮੁਸਕਾਨ, ਪ੍ਰਿਯੰਕਾ, ਅਵਨੀਤ, ਕਾਰਨ, ਜਸ਼ਨ, ਕਲਿਆਣ, ਜਸ਼ਨ ਰੱਤੂ, ਕੰਚਨ, ਸਾਗਰ, ਵਰਨ ਆਦਿ ਨੇ ਸ਼ਾਨਦਾਰ ਲਿਖਤਾਂ ਲਿਖ ਕੇ ਇਨਾਮ ਪ੍ਰਾਪਤ ਕੀਤੇ। ਕਾਰਜਸ਼ਾਲਾ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੇ ਆਪਣੀਆ ਰਚਨਾਵਾਂ ਪੇਸ਼ ਕਰਕੇ ਸਭ ਦਾ ਮੰਨ ਮੋਹ ਲਿਆ। ਇਸ ਕਾਰਜਸ਼ਾਲਾ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਦੇ ਸਹਿਯੋਗ ਦੀ ਮਿਸਾਲ ਪੇਸ਼ ਕੀਤੀ ਗਈ। ਸਕੂਲ ਮੈਨੇਜਿੰਗ ਕਮੇਟੀ ਵਲੋਂ ਇਸ ਉਪਰਾਲੇ ਦੀ ਵਿਸੇਸ਼ ਸ਼ਲਾਘਾ ਕੀਤੀ ਗਈ। ਅਖੀਰ ਵਿੱਚ ਪ੍ਰਿੰਸੀਪਲ ਵਿਜੈ ਕੁਮਾਰ ਭੱਟੀ ਨੇ ਨਿੱਕੀਆ ਕਰੂੰਬਲਾ ਪ੍ਰਕਾਸ਼ਨ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਹਨਾਂ ਅੱਗੇ ਕਿਹਾ ਕਿ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਸਮੇਂ-ਸਮੇਂ ਤੇ ਖਾਸ ਸਖਸ਼ੀਅਤਾਂ ਨੂੰ ਵਿਦਿਆਰਥੀਆਂ ਦੇ ਰੂਬਰੂ ਕੀਤਾ ਜਾਂਦਾ ਰਹੇਗਾ।

# ਗਾਇਕਾਂ ਪ੍ਰੇਮ ਲਤਾ ਦੀ ਅਵਾਜ਼ ਵਿੱਚ ਗਾਇਆ ਸਿੰਗਲ ਟ੍ਰੈਕ "ਸ਼ੌਕਣ" ਦਾ ਪੋਸਟਰ ਰਿਲੀਜ਼




**ਫਗਵਾੜਾ 26 ਸਤੰਬਰ (ਬੀ.ਕੇ.ਰੱਤੂ)** ਪੰਜਾਬ ਦੇ ਪ੍ਰਸਿੱਧ ਗੀਤਕਾਰ ਬਹਾਦਰ ਗਰਚਾ ਜਰਮਨੀ ਦਾ ਲਿਖਿਆ ਹੋਇਆ ਬਹੁਤ ਹੀ ਖੂਬਸੂਰਤ ਗੀਤ ਅਤੇ ਗਾਇਕਾਂ ਪ੍ਰੇਮ ਲਤਾ ਦੀ ਸੁਰੀਲੀ ਅਵਾਜ਼ ਵਿੱਚ ਗਾਇਆਂ ਸਿੰਗਲ ਟ੍ਰੈਕ ਸ਼ੌਕਣ ਦਾ ਪੋਸਟਰ ਰਿਲੀਜ਼ ਕੀਤਾ ਗਿਆ। ਪੰਜਾਬ ਦੀ ਨਾਮਵਰ ਕੰਪਨੀ ਗਰਚਾ ਬੀਟ ਪਾਵਰ ਗੀਤ ਨੂੰ ਰਿਲੀਜ਼ ਕੀਤਾ ਹੈ ਤੇ ਉਕਤ ਸਿੰਗਲ ਟ੍ਰੈਕ ਨੂੰ ਦੇਸ਼ਾਂ ਵਿਦੇਸਾਂ ਵਿੱਚੋਂ ਭਰਮਾ ਹੁੰਗਾਰਾ ਮਿਲ ਰਿਹਾ ਹੈ। ਇਸ ਸ਼ੌਕਣ ਗੀਤ ਦਾ ਵੀਡੀਓ ਡਾਇਰੈਕਟਰ ਬਾਬਾ ਕਮਲ ਨੇ ਬਹੁਤ ਹੀ ਸੁੰਦਰ ਲੋਕੇਸ਼ਨ 'ਚ ਤਿਆਰ ਕੀਤਾ ਹੈ। ਸਿੰਗਲ ਟ੍ਰੈਕ ਦਾ ਪੋਸਟਰ ਰਿਲੀਜ਼ ਕਰਨ ਸਮੇਂ ਪੰਜਾਬ ਦੇ ਲੋਕ ਗਾਇਕ ਰੂਪ ਲਾਲ ਧੀਰ, ਗਾਇਕ ਰਾਜ ਦਦਰਾਲ, ਅਮਰੀਕ ਸਿੰਘ ਪੁਰੇਵਾਲ, ਬਹਾਦੁਰ ਸਿੰਘ ਥਿਆੜਾ, ਅਵਤਾਰ ਸਿੰਘ ਦਿਓਲ, ਭੁਪਿੰਦਰ ਸਿੰਘ ਗਿੱਲ, ਮੇਜਰ ਸਿੰਘ ਥਿਆੜਾ, ਡਾਇਰੈਕਟਰ ਬਾਬਾ ਕਮਲ, ਬਲਕਾਰ ਸਿੰਘ ਅਣਦੇਹ, ਗਿਆਨ ਸਿੰਘ, ਜਸਪਾਲ ਧੀਰ ਆਦਿ ਹਾਜਰ ਸਨ । ਇਸ ਮੌਕੇ ਗੀਤ ਦੇ ਗੀਤਕਾਰ ਬਹਾਦਰ ਗਰਚਾ ਜਰਮਨੀ, ਗਾਇਕਾਂ ਪ੍ਰੇਮ ਲਤਾ, ਹਰਜਿੰਦਰ ਸਿੰਘ ਬਾਠ, ਗੁਰਦੇਵ ਸਿੰਘ ਢੰਡਵਾੜ, ਬਲਵੀਰ ਸਿੰਘ ਦਦਰਾਲ, ਗਾਇਕਾਂ ਰਾਣੀ ਅਰਮਾਨ, ਜਸਵੀਰ ਸਿੰਘ ਭੋਪਾਲ, ਜਸਵੀਰ ਸਿੰਘ ਥਿਆੜਾ ਆਦਿ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਨਗਰ ਜਿਲ੍ਹੇ 'ਚ ਲੱਗੇ ਦੋ ਹੋਰ ਸੈਂਟਰ ਹੈਡਟੀਚਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਕੂਲ ਸਿੱਖਿਆ ਵਿਭਾਗ ਪੰਜਾਬ ਵਲੋਂ ਅੱਜ ਵੱਖ-ਵੱਖ ਕੇਂਦਰਾਂ ਤੇ ਤਰੱਕੀ ਕੀਤੀਆ ਗਈਆ। ਸ਼ਹੀਦ ਭਗਤ ਸਿੰਘ ਨਗਰ ਜਿਲ੍ਹੇ ਵਿੱਚ ਪ੍ਰਾਇਮਰੀ ਕੇਡਰ ਵਿੱਚ ਕਾਲੀ ਦੋ ਅਸਾਮੀਆ ਤੇ ਦੋ ਨਵੇਂ ਸੈਂਟਰ ਹੈਡ



ਟੀਚਰ ਲਗਾਏ ਗਏ। ਉਕਤ ਨੂੰ ਹੈਡ ਟੀਚਰ ਤੋਂ ਤਰੱਕੀ ਦੇ ਕੇ ਸੈਂਟਰ ਹੈਡਟੀਚਰ ਨਿਯੁਕਤ ਕੀਤਾ ਗਿਆ। ਜਿਲ੍ਹਾ ਸਿੱਖਿਆ ਅਫਸਰ ਅਸ਼ੀਸ਼ ਸ਼ਰਮਾ ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਅਤੇ ਵਰਿੰਦਰ ਸਿੰਘ ਉਪ ਜਿਲ੍ਹਾ ਸਿੱਖਿਆ ਅਫਸਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆ ਹਦਾਇਤਾ ਅਨੁਸਾਰ ਤਿਲਕ ਰਾਜ ਤਕਦੀਰ ਸਰਕਾਰੀ ਹੈਡ ਟੀਚਰ ਭੂਰੀਵਾਲੇ ਮਾਲੇਵਾਲ ਤੋਂ ਪਦਉਨਤ ਕਰਕੇ ਸਰਕਾਰੀ ਸੈਂਟਰ ਸਕੂਲ ਬੜਵਾ ਲਗਾਇਆ ਗਿਆ ਤੇ ਰਾਮ ਤੀਰਥ ਸਿੰਘ ਖੇਲਾ ਨੂੰ ਸਰਕਾਰੀ ਪ੍ਰਾਇਮਰੀ ਸਕੂਲ ਕਰਾਵਰ ਤੋਂ ਪਦਉਨਤ ਕਰਕੇ ਸਰਕਾਰੀ ਪ੍ਰਾਇਮਰੀ ਸਕੂਲ ਜਾਡਲਾ ਵਿਖੇ ਲਗਾਇਆ ਗਿਆ। ਜਿਸ ਨਾਲ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦਫਤਰ ਨਵਾਂਸ਼ਹਿਰ ਵਿਖੇ ਲੱਗਭਗ ਸਾਰੀਆਂ ਸੈਂਟਰ ਹੈਡਟੀਚਰਾਂ ਦੀਆ ਅਸਾਮੀਆਂ ਇਸ ਜਨਰਲ ਕੋਟੇ ਦੀਆ ਹੋ ਗਈਆ ਹਨ। ਇਕ ਵੱਖਰੇ ਬਿਆਨ ਵਿੱਚ ਬਲਵੰਤ ਰਾਏ ਹੈਂਡਟੀਚਰ ਸਾਧੜਾ, ਅਜੀਤ ਸਿੰਘ ਗੁੱਲਪੁਰ, ਬਲਕਾਰ ਸਿੰਘ ਸੈਂਟਰ ਹੈਡਟੀਚਰ ਪੰਨੂਮਜਾਰਾ, ਯਸ਼ਪਾਲ ਭੂੰਬਲਾ, ਅਮਿਤ ਯੋਗਤਾ, ਦਫਤਰੀ ਅਮਲੇ ਵਿੱਚ ਰਣਵੀਰ ਸਿੰਘ ਪੋਸਵਾਲ ਮੁੱਖ ਕਲਰਕ ਬੀ ਪੀ ਓ ਦਫਤਰ ਸੜੋਆ, ਬਲਵਿੰਦਰ ਸਿੰਘ ਟੋਰੋਵਾਲ ਸੜੋਆ ਆਦਿ ਨੇ ਬਤੌਰ ਹੈਡਟੀਚਰ ਤਰੱਕੀ ਕਰਨ ਵਾਲੇ ਤਿਲਕ ਰਾਜ ਸੀ ਐਚ ਟੀ ਤੇ ਰਾਮ ਤੀਰਥ ਸੀ ਐਚ ਟੀ ਧੂੰਏ ਵਿਦਾਇਗੀ ਦੀਆ ਮੁਬਾਰਕਾਂ ਵੀ ਦਿੱਤੀਆ। ਜਿਲ੍ਹੇ ਵਿੱਚ ਦੋ ਪਦਉਨਤ ਹੋਏ ਇਹਨਾਂ ਸੈਂਟਰ ਹੈਡਟੀਚਰਾਂ ਨੇ ਆਪਣਾ ਆਪਣਾ ਅਹੁਦਾ ਵੀ ਸੰਭਾਲ ਲਿਆ ਹੈ। ਸੈਂਟਰ ਸਕੂਲ ਬੜਵਾ ਵਿਖੇ ਮਾਸਟਰ ਤਿਲਕ ਰਾਜ ਦਾ ਸਵਾਗਤ ਗੁਰਦਿਆਲ ਮਾਨ ਕਾਰਜਕਾਰੀ ਸੈਂਟਰ ਹੈਡਟੀਚਰ, ਬਲਜਿੰਦਰ ਸਿੰਘ, ਸੱਤਪਾਲ ਜੀਤਪੁਰ, ਰਣਵੀਰ ਸਿੰਘ ਭੂੰਬਲਾ ਮਾਲੇਵਾਲ, ਮੈਡਮ ਕਮਲਜੀਤ ਕੌਰ, ਮੈਡਮ ਜਸਵਿੰਦਰ ਕੌਰ, ਮੈਡਮ ਨੀਤੂ, ਮੈਡਮ ਜਤਿੰਦਰ ਕੌਰ ਵਲੋਂ ਕੀਤਾ ਗਿਆ।

ਵਿਭਾਗ ਵਲੋਂ ਰਣਵੀਰ ਸਿੰਘ ਤੇ ਪਰਮਾਨੰਦ ਬ੍ਰਹਮਪੁਰੀ ਸਟੇਟ ਐਵਾਰਡੀ ਟੀਚਰ ਨੇ ਇਹਨਾਂ ਦੇ ਅਹੁਦੇ ਸੰਭਾਲਣ ਮੌਕੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਨਵਨਿਯੁਕਤ ਹੈਡਟੀਚਰ ਤਿਲਕ ਰਾਜ ਤਕਦੀਰ ਤੇ ਰਾਮ ਤੀਰਥ ਸਿੰਘ ਖੇਲਾ ਨੇ ਦੱਸਿਆ ਕਿ ਉਹ ਵਿਭਾਗ ਵਿੱਚ ਪਿਛਲੇ 28 ਸਾਲਾਂ ਸੇਵਾਵਾ ਦੇ ਰਹੇ ਹਨ। ਵਿਭਾਗ ਨੇ ਸਾਨੂੰ ਇਹ ਮਾਣ ਦੇ ਕੇ ਸਾਡੀ ਮਿਹਨਤ ਦਾ ਮੁੱਲ ਪਾਇਆ ਹੈ। ਹੁਣ ਉਹ ਮਿਲੀ ਇਸ ਜਿੰਮੇਵਾਰੀ ਨੂੰ ਵੀ ਪੂਰੀ ਤਨਦੇਹੀ ਵਾਲ ਨਿਭਾਉਣਗੇ। ਮੁੱਖ ਬੁਲਾਰੇ ਗੁਰਦਿਆਲ ਮਾਨ ਵਲੋਂ ਇਸ ਮੌਕੇ ਤੇ ਸਵਾਗਤੀ ਸ਼ਬਦ ਵੀ ਆਖੇ।

# ਪਠਾਨਕੋਟ ਪੁਲਿਸ ਨੇ ਭੜਕਾਊ ਅਨਸਰਾਂ ਤੇ ਕੀਤੀ ਸਖ਼ਤ ਕਾਰਵਾਈ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਗੁੰਡਾਗਰਦੀ ਕਰਨ ਵਾਲੇ ਅਨਸਰਾਂ ਤੇ ਨਕੇਲ ਕੱਸਦਿਆਂ ਪਠਾਨਕੋਟ ਪੁਲਿਸ ਨੇ ਸਮਾਜ ਅੰਦਰ ਸ਼ਾਂਤੀ ਨੂੰ ਭੰਗ ਕਰਨ ਅਤੇ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣ ਵਾਲੇ ਦੋ ਵਿਅਕਤੀਆਂ ਨੂੰ ਤੇਜ਼ੀ ਨਾਲ ਕਾਬੂ ਕੀਤਾ ਹੈ। ਫੜੇ ਗਏ ਵਿਅਕਤੀਆਂ ਦੀ ਪਛਾਣ ਸੰਜੀਵ ਕੁਮਾਰ ਉਰਫ ਗੋਪੀ ਪੁੱਤਰ ਕਰਨ ਚੰਦ ਵਾਸੀ ਅੰਤਰ ਥਾਣਾ ਨਰੋਟ ਜੈਮਲ ਸਿੰਘ ਅਤੇ ਭਰਤ ਕੁਮਾਰ ਪੁੱਤਰ ਜਗਦੀਸ਼ ਰਾਜ ਵਾਸੀ ਸ਼ਾਹਪੁਰਕੰਡੀ ਨੇੜੇ ਤਵੀ ਕਾਲਜ ਪਠਾਨਕੋਟ ਵਜੋਂ ਹੋਈ ਹੈ।

ਘਟਨਾ ਸਬੰਧੀ ਵਿਸਤਾਰਪੂਰਵਕ ਜਾਣਕਾਰੀ ਦਿੰਦਿਆਂ ਸੀਨੀਅਰ ਕਪਤਾਨ ਪੁਲਿਸ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਪੁਲਿਸ ਥਾਣਾ ਸ਼ਾਹਪੁਰਕੰਡੀ ਅਤੇ ਨਰੋਟ ਜੈਮਲ ਸਿੰਘ ਵਿਖੇ ਧੱਕੇਸ਼ਾਹੀ ਅਤੇ ਕੁੱਟਮਾਰ ਦੀਆਂ ਕੋਸ਼ਿਸ਼ਾਂ ਦੀਆਂ ਰਿਪੋਰਟਾਂ ਦਰਜ ਕਰਵਾਈਆਂ ਗਈਆਂ ਸਨ । ਸਬੰਧਤ ਸਟੇਸ਼ਨ ਹਾਊਸ ਅਫਸਰਾਂ ਨੇ ਤੁਰੰਤ ਜਾਂਚ ਸ਼ੁਰੂ ਕਰ ਦਿੱਤੀ ਸੀ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਦੋਸ਼ੀਆਂ ਨੂੰ ਫੜਿਆ ਗਿਆ ਜੋ ਸ਼ਾਂਤੀ ਨੂੰ ਭੰਗ ਕਰਨ ਅਤੇ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਲੈਣ ਦੀ ਕੋਸ਼ਿਸ਼ ਕਰ ਰਹੇ ਸਨ।

ਪਹਿਲੀ ਘਟਨਾ ਵਿੱਚ ਫੌਜ ਦਾ ਜਵਾਨ ਯੋਗ ਰਾਜ ਪਿੰਡ ਅਵਾਨ ਵਿੱਚ ਆਪਣੀ ਰਿਹਾਇਸ਼ ਦੇ ਬਾਹਰ ਖੜਾ ਸੀ। ਉਸਨੇ ਅਵਾਰਾ ਪਸ਼ੂਆਂ ਨੂੰ ਉਸਦੀ ਜ਼ਮੀਨ ਅਤੇ ਪੋਲਟਰੀ ਫਾਰਮ ਨੂੰ ਨੁਕਸਾਨ ਪਹੁੰਚਾਉਂਦੇ ਦੇਖਿਆ। ਨੇੜੇ ਆ ਰਹੇ ਵਾਹਨ ਨੂੰ ਰੁਕਣ ਦਾ ਇਸ਼ਾਰਾ ਕਰਨ ਦੀ ਕੋਸ਼ਿਸ਼ ਵਿਚ ਡਰਾਈਵਰ ਨੇ ਵਾਹਨ ਜਾਣਬੁੱਝ ਕੇ ਉਸ ਵੱਲ ਮੋੜ ਦਿੱਤਾ, ਜਿਸ ਕਾਰਨ ਉਸ ਦੇ ਅੰਗ ਅਤੇ ਧੜ ਨੂੰ ਗੰਭੀਰ ਨੁਕਸਾਨ ਪਹੁੰਚਿਆ ਗਿਆ। ਮੁਲਜ਼ਮਾਂ ਖ਼ਿਲਾਫ਼ ਥਾਣਾ ਸ਼ਾਹਪੁਰਕੰਡੀ ਵਿਖੇ ਸਬੰਧਤ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਇੱਕ ਵੱਖਰੀ ਘਟਨਾ ਵਿੱਚ ਅੰਤਰ ਦੀ ਰਹਿਣ ਵਾਲੀ ਪੂਨਮ ਕੌਰ ਸੰਜੀਵ ਕੁਮਾਰ ਦੇ ਗੁੱਸੇ ਦਾ ਸ਼ਿਕਾਰ ਹੋ ਗਈ, ਜਿਸ ਨੇ ਇੱਕ ਤਰਫ਼ਾਂ ਪ੍ਰੇਮ ਸਬੰਧਾਂ ਦੇ ਚੱਲਦਿਆਂ ਉਸ ਤੇ ਚਾਕੂ ਨਾਲ ਹਮਲਾ ਕਰ ਦਿੱਤਾ ਸੀ। ਸੰਜੀਵ ਕੁਮਾਰ ਨੇ ਗੰਭੀਰ ਨੁਕਸਾਨ ਪਹੁੰਚਾਉਣ ਦੇ ਸਪੱਸ਼ਟ ਇਰਾਦੇ ਨੂੰ ਪ੍ਰਦਰਸ਼ਿਤ ਕਰਦੇ ਹੋਏ, ਉਸ ਨੂੰ ਬੇਰਹਿਮੀ ਨਾਲ ਕਈ ਜ਼ਖਮ ਦਿੱਤੇ। ਪੂਨਮ ਕੌਰ ਨੂੰ ਗੰਭੀਰ ਸੱਟਾਂ ਲੱਗੀਆਂ ਪਰ ਉਸ ਨੂੰ ਤੁਰੰਤ ਡਾਕਟਰੀ ਸਹਾਇਤਾ ਦਿੱਤੀ ਗਈ। ਇਸ ਸਬੰਧੀ ਥਾਣਾ ਨਰੋਟ ਜੈਮਲ ਸਿੰਘ ਵਿਖੇ ਸੰਜੀਵ ਕੁਮਾਰ ਖਿਲਾਫ ਬਣਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਫੜੇ ਗਏ ਮੁਲਜ਼ਮਾਂ ਨੂੰ ਸਥਾਨਕ ਅਦਾਲਤ ਵਿੱਚ ਪੇਸ਼ ਕਰਕੇ ਉਨ੍ਹਾਂ ਦਾ ਰਿਮਾਂਡ ਹਾਸਲ ਕਰਕੇ ਮਾਮਲੇ ਦੀ ਹੋਰ ਪੁੱਛਗਿੱਛ ਕੀਤੀ ਜਾਵੇਗੀ।

ਐਸਐਸਪੀ ਖੱਖ ਨੇ ਜ਼ੋਰ ਦੇ ਕੇ ਕਿਹਾ ਕਿ ਪਠਾਨਕੋਟ ਪੁਲਿਸ ਆਪਣੇ ਨਿਵਾਸੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਕਮਿਊਨਿਟੀ ਵਿੱਚ ਸ਼ਾਂਤੀ ਭੰਗ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਜਾਰੀ ਰਹੇਗੀ।

# ਸਿੱਖਿਆ ਮੰਤਰੀ ਹਰਜੋਤ ਬੈਂਸ ਵੱਲੋਂ ਬੇਰੁਜ਼ਗਾਰ ਲੈਕਚਰਾਰ ਉਮੀਦਵਾਰਾਂ ਨੂੰ ਗੱਲਬਾਤ ਲਈ ਸੱਦਾ

**ਸੰਗਰੂਰ, (ਦਲਜੀਤ ਕੌਰ)** ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ 343 ਲੈਕਚਰਾਰ ਯੂਨੀਅਨ ਵਿਚਕਾਰ ਅਹਿਮ ਮੀਟਿੰਗ 27 ਸਤੰਬਰ ਨੂੰ ਪੰਜਾਬ ਭਵਨ, ਚੰਡੀਗੜ੍ਹ ਵਿਖੇ ਹੋਵੇਗੀ। ਇਸ ਸੰਬੰਧੀ ਜ਼ਿਲਾ ਸੰਗਰੂਰ ਪ੍ਰਸ਼ਾਸਨ ਵੱਲੋਂ ਜੱਥੇਬੰਦੀ ਨੂੰ ਮੀਟਿੰਗ ਦਾ ਲਿਖਤੀ ਪੱਤਰ ਸੌਂਪ ਦਿੱਤਾ ਗਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਕੁਲਵੰਤ ਜਟਾਨਾ ਨੇ ਦੱਸਿਆ ਕਿ ਉਮੀਦਵਾਰ ਲੰਮੇ ਸਮੇਂ ਤੋਂ ਸੋਧ ਪੱਤਰ ਦਾ ਇੰਤਜ਼ਾਰ ਕਰ ਰਹੇ ਹਨ ਅਤੇ ਆਪਣੀਆਂ ਜਾਇਜ਼ ਮੰਗਾਂ ਮਨਵਾਉਣ ਲਈ ਸੰਘਰਸ਼ ਕਰ ਰਹੇ ਹਨ। ਇਸ ਤੋਂ ਪਹਿਲਾਂ ਵੀ 2 ਸਾਲ ਦਾ ਸਮਾਂ ਹੋ ਗਿਆ ਮੀਟਿੰਗਾਂ ਕਰਦੇ ਹੋਏ, ਇਸ ਦੌਰਾਨ ਸਿੱਖਿਆ ਮੰਤਰੀ ਬੈਂਸ ਨੇ ਲੈਕਚਰਾਰ ਉਮੀਦਵਾਰਾਂ ਨੂੰ ਹਰ ਵਾਰ ਵਿਸ਼ਵਾਸ ਦਿਵਾਇਆ ਸੀ ਕਿ ਵਿਭਾਗ ਵੱਲੋਂ ਭਰਤੀ ਦੀਆਂ ਸ਼ਰਤਾਂ 'ਚ ਲੋੜੀਂਦੀ ਤਬਦੀਲੀ ਕਰਕੇ ਜਲਦ ਪ੍ਰੀਖਿਆ ਦੀਆਂ ਮਿਤੀਆਂ ਦਾ ਐਲਾਨ ਕਰ ਦਿੱਤਾ ਜਾਵੇਗਾ। ਬਹੁਤ ਜਲਦੀ ਸੋਧ ਪੱਤਰ ਜਾਰੀ ਕੀਤਾ ਜਾਵੇਗਾ।



ਮੀਤ ਪ੍ਰਧਾਨ ਗਗਨਦੀਪ ਕੌਰ ਭਵਾਨੀਗੜ੍ਹ ਨੇ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ 343 ਲੈਕਚਰਾਰਾਂ ਅਤੇ 55 ਬੈਕਲਾਗ ਲੈਕਚਰਾਰ ਦੀਆਂ ਵੱਖ ਵੱਖ ਅਸਾਮੀਆਂ ਦੀ ਭਰਤੀ ਦੌਰਾਨ ਇਤਿਹਾਸ, ਅਰਥ ਸ਼ਾਸ਼ਤਰ ਅਤੇ ਰਾਜਨੀਤੀ ਸ਼ਾਸਤਰ ਲਈ ਬੀ.ਐੱਡ 'ਚੋਂ ਟੀਚਿੰਗ ਆਫ਼ ਸੋਸ਼ਲ ਸਟੱਡੀਜ/ਸਮਾਜਿਕ ਸਿੱਖਿਆ ਨੂੰ ਯੋਗ ਨਾ ਮੰਨਣ ਕਾਰਨ ਬੇਰੁਜ਼ਗਾਰ ਅਧਿਆਪਕਾਂ ਵਿੱਚ ਬੇਚੈਨੀ ਪਾਈ ਜਾ ਰਹੀ ਹੈ, ਜਦੋਂਕਿ ਪਿਛਲੇ ਸਮੇਂ ਦੌਰਾਨ ਟੀਚਿੰਗ ਆਫ਼ ਸੋਸ਼ਲ ਸਟੱਡੀਜ਼ ਨੂੰ ਲੈਕਚਰਾਰ ਭਰਤੀ ਲਈ ਯੋਗ ਮੰਨਿਆ ਜਾਂਦਾ ਰਿਹਾ ਹੈ। ਦਰਅਸਲ ਬੀਐੱਡ ਦੌਰਾਨ ਜ਼ਿਆਦਾਤਰ ਵਿਦਿਆਰਥੀ ਇਸੇ ਵਿਸ਼ੇ ਵਿੱਚ ਸਿੱਖਿਆ ਪ੍ਰਾਪਤ ਹਨ। ਵਿਭਾਗ ਵੱਲੋਂ ਲੈਕਚਰਾਰ ਭਰਤੀ ਲਈ 8 ਜਨਵਰੀ 2022 ਨੂੰ ਜਾਰੀ ਇਸ਼ਤਿਹਾਰ ਅਨੁਸਾਰ ਇਤਿਹਾਸ, ਰਾਜਨੀਤੀ ਸ਼ਾਸਤਰ ਤੇ ਅਰਥ ਸ਼ਾਸਤਰ ਦੇ ਲੈਕਚਰਾਰਾਂ ਲਈ ਯੋਗਤਾ ਸਬੰਧਤ ਵਿਸ਼ੇ ਨਾਲ ਐਮ.ਏ 55 ਪ੍ਰਤੀਸ਼ਤ, ਬੀਐੱਡ ਵਿਚ ਟੀਚਿੰਗ ਵਿਸ਼ੇ ਵਿੱਚ ਸਬੰਧਤ ਵਿਸ਼ੇ ਨੂੰ ਹੀ ਯੋਗ ਸਮਝਿਆ ਜਾਵੇਗਾ, ਪਰ 2017 ਤੋਂ ਪਹਿਲਾਂ ਬੀਐੱਡ ਵਿੱਚ ਟੀਚਿੰਗ ਵਿਸ਼ਾ ਸੋਸ਼ਲ ਸਟੱਡੀਜ਼ ਵੀ ਹੁੰਦਾ ਸੀ।

ਆਗੂਆਂ ਨੇ ਇਸ ਮੌਕੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਸ ਮੀਟਿੰਗ 'ਚ ਕੋਈ ਸਿੱਟਾ ਨਾ ਨਿਕਲਿਆ, ਤਾਂ ਤਿੱਖੇ ਸੰਘਰਸ਼ ਦਾ ਐਲਾਨ ਕਰ ਦਿੱਤਾ ਜਾਵੇਗਾ, ਜਿਸ ਵਿੱਚ ਦਰਜ਼ਨਾਂ ਅਧਿਆਪਕ ਜਥੇਬੰਦੀਆਂ ਵੀ ਸ਼ਮੂਲੀਅਤ ਕਰਨਗੀਆਂ।ਯੂਨੀਅਨ ਦੇ ਆਗੂਆ ਨੇ ਕਿਹਾ ਜੇਕਰ ਇਸ ਮੀਟਿੰਗ ਵਿੱਚ ਹੱਲ ਨਹੀਂ ਕੀਤਾ ਜਾਂਦਾ ਤਾਂ ਸਿੱਖਿਆ ਮੰਤਰੀ ਵੀ ਵਿਰੋਧ ਸਹਿਣ ਲਈ ਤਿਆਰ ਰਹਿਣ।

## ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਵਿਚਾਰ ਗੋਸ਼ਟੀ ਕਰਵਾਉਣ ਦਾ ਫੈਸਲਾ

**ਸੰਗਰੂਰ, (ਦਲਜੀਤ ਕੌਰ)** ਲੋਕਾਂ ਦਾ ਦ੍ਰਿਸ਼ਟੀਕੋਣ ਵਿਗਿਆਨਕ ਤੇ ਉਨ੍ਹਾਂ ਨੂੰ ਨੈਤਿਕ ਕਦਰਾਂ ਕੀਮਤਾਂ ਦਾ ਮਾਲਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਕਾਰਜਕਾਰਨੀ ਦੀ ਮੀਟਿੰਗ ਇਕਾਈ ਦੇ ਜਥੇਬੰਦਕ ਮੁਖੀ ਸੁਰਿੰਦਰ ਪਾਲ ਦੀ ਪ੍ਰਧਾਨਗੀ ਵਿੱਚ ਸੰਗਰੂਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ



ਪ੍ਰੈੱਸ ਨਾਲ ਸਾਂਝੀ ਕਰਦਿਆਂ ਜ਼ੋਨ ਮੁਖੀ ਮਾਸਟਰ ਪਰਮ ਵੇਦ ਤੇ ਮੀਡੀਆ ਮੁਖੀ ਚਰਨ ਕਮਲ ਸਿੰਘ ਨੇ ਦੱਸਿਆ ਮੀਟਿੰਗ ਵਿੱਚ ਸ਼ਹੀਦ ਭਗਤ ਸਿੰਘ ਦੇ ਜਨਮਦਿਨ ਨੂੰ ਸਮਰਪਿਤ ਪਹਿਲੀ ਅਕਤੂਬਰ ਨੂੰ ਅਫ਼ਸਰ ਕਲੋਨੀ ਸੰਗਰੂਰ ਵਿਖੇ ਵਿਚਾਰ ਗੋਸ਼ਟੀ ਕਰਵਾਉਣ ਦਾ ਫੈਸਲਾ ਕੀਤਾ ਗਿਆ। ਇਸ ਦੇ ਮੁੱਖ ਬੁਲਾਰੇ ਟਰੇਡ ਯੂਨੀਅਨਿਸਟ ਜਮਹੂਰੀ ਅਧਿਕਾਰ ਸਭਾ ਪੰਜਾਬ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਸਵਰਨਜੀਤ ਸਿੰਘ ਹੋਣਗੇ। ਮੀਟਿੰਗ ਵਿੱਚ ਮਾਨਸਿਕ ਰੋਗ ਮਸ਼ਵਰਾ ਵਿਭਾਗ ਦੇ ਮੁਖੀ ਗੁਰਦੀਪ ਸਿੰਘ ਨੇ ਸੁਸਾਇਟੀ ਕੋਲ ਆਏ ਮਾਨਸਿਕ ਰੋਗੀਆਂ ਦੇ ਕੇਸਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਤਰਕਸ਼ੀਲ ਮੈਗਜ਼ੀਨ ਦੇ ਨਵੇਂ ਅੰਕ ਦੀ ਵੰਡ ਵੀ ਕੀਤੀ ਗਈ ਤੇ ਤਰਕਸ਼ੀਲ ਸੁਸਾਇਟੀ ਦੇ ਬੁਲਾਰ ਇਸ ਮੈਗਜ਼ੀਨ ਦੇ ਪਾਠਕਾਂ ਵਿੱਚ ਵਾਧਾ ਕਰਨ ਦਾ ਫੈਸਲਾ ਵੀ ਕੀਤਾ ਗਿਆ। ਤਰਕਸ਼ੀਲਾਂ ਨੇ ਲੋਕਾਂ ਨੂੰ ਹੱਕ਼-ਸੱਚ, ਇਨਸਾਫ਼ ਤੇ ਬਰਾਬਰਤਾ ਵਾਲੇ ਸਮਾਜ ਲਈ ਆਪਣਾ ਸੋਚਣਢੰਗ ਵਿਗਿਆਨਕ ਬਣਾਉਣ ਦਾ ਸੱਦਾ ਦਿੱਤਾ। ਇਸ ਮੌਕੇ ਮੀਟਿੰਗ ਵਿੱਚ ਸੁਰਿੰਦਰ ਪਾਲ, ਗੁਰਦੀਪ ਸਿੰਘ ਲਹਿਰਾ, ਲੈਕਚਰਾਰ ਕ੍ਰਿਸ਼ਨ ਸਿੰਘ, ਚਰਨ ਕਮਲ ਸਿੰਘ, ਪਰਮਿੰਦਰ ਸਿੰਘ ਤੇ ਮਾਸਟਰ ਪਰਮਵੇਦ ਨੇ ਨੇ ਸ਼ਮੂਲੀਅਤ ਕੀਤੀ।

## ਮਜ਼ਦੂਰਾਂ ਦੀ ਦਿਹਾੜੀ ਅੱਠ ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਦੇ ਫੈਸਲੇ ਖ਼ਿਲਾਫ਼ ਰੋਸ ਪ੍ਰਦਰਸ਼ਨ

**ਸੁਨਾਮ ਊਧਮ ਸਿੰਘ ਵਾਲਾ, (ਦਲਜੀਤ ਕੌਰ)–** ਭਗਵੰਤ ਮਾਨ ਸਰਕਾਰ ਵੱਲੋਂ ਮਜ਼ਦੂਰਾਂ ਦੀ ਦਿਹਾੜੀ ਅੱਠ ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਦੇ ਮਿਹਨਤ ਲੋਕਾਈ ਵਿਰੋਧੀ ਫੈਸਲੇ ਖਿਲਾਫ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਨੇ ਪਿੰਡ ਨਮੋਲ ਵਿਖੇ ਰੈਲੀ ਕੀਤੀ। ਰੈਲੀ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਬਲਜੀਤ ਸਿੰਘ ਨੇ ਕਿਹਾ ਕਿ ਅੱਠ ਘੰਟੇ ਦੀ ਦਿਹਾੜੀ ਅਤੇ ਹੋਰ ਮਜ਼ਦੂਰ ਮੰਗਾਂ ਦੀ ਪ੍ਰਾਪਤੀ ਲਈ ਸ਼ਿਕਾਗੋ (ਅਮਰੀਕਾ) ਦੀ ਧਰਤੀ 'ਤੇ ਲਾਮਿਸਾਲ ਘੋਲ ਲੜਿਆ ਗਿਆ ਸੀ, ਮਿਹਨਤਕਸ਼ ਲੋਕਾਈ 'ਤੇ ਦਹਿਸ਼ਤ ਪਾਉਣ ਲਈ ਅਗਵਾਈ ਕਰਨ ਵਾਲੇ ਮਜ਼ਦੂਰ ਆਗੂਆਂ ਨੂੰ ਸਮੇਂ ਦੀ ਹਕੂਮਤ ਨੇ ਫਾਂਸੀ ਦੇ ਦਿੱਤੀ ਸੀ, ਪਰ ਸ਼ਹਾਦਤਾਂ ਨੇ ਜਨਤਾ ਅੰਦਰ ਰੋਸ ਨੂੰ ਜਰਬਾ ਦਿੱਤੀਆਂ ਜਿਸ ਦੇ ਚੱਲਦਿਆਂ ਇਸ ਘੋਲ ਨੇ ਦੁਨੀਆਂ ਭਰ ਵਿੱਚ ਸਾਮਰਾਜੀਆਂ ਦੇ ਮਨਸੂਬਿਆਂ ਨੂੰ ਫੇਲ ਕਰ ਦਿੱਤਾ, ਅੱਠ ਘੰਟੇ ਦੀ ਦਿਹਾੜੀ ਅਤੇ ਹੋਰ ਜੋ ਵੀ ਮੰਗਾਂ ਸਨ, ਮਨਵਾਉਣ ਵਿੱਚ ਕਾਮਯਾਬੀ ਹਾਸਲ ਕੀਤੀ ਸੀ। ਇਸ ਲਾਮਿਸਾਲ ਘੋਲ ਸਦਕਾ ਪੂਰੀ ਦੁਨੀਆਂ ਵਿੱਚ ਇੱਕ ਮਈ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਲੰਬੇ ਸਮੇਂ ਤੋਂ ਭਾਰਤੀ ਉੱਪ-ਮਹਾਦੀਪ ਵਿੱਚ ਹਿੰਦੂਤਵੀ ਫਾਸ਼ੀਵਾਦੀ ਮੋਦੀ ਹਕੂਮਤ ਨੇ ਕਿਰਤ ਕਾਨੂੰਨ 'ਚ ਸੋਧਾਂ ਕਰਕੇ (ਮਜ਼ਦੂਰਾਂ ਦੇ ਹੱਕਾਂ 'ਤੇ ਸਮੇਤ ਦਿਹਾੜੀ 12 ਘੰਟੇ ਕਰਨ) ਡਾਕਾ ਮਾਰਨ ਦੀਆਂ ਚਿਰਾਂ ਤੋਂ ਹੀ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਵੱਖੋ-ਵੱਖ ਸੂਬਿਆਂ ਨੂੰ ਇਸ ਨੂੰ ਲਾਗੂ ਕਰਨ ਲਈ ਜ਼ੋਰ ਵੀ ਪਾਇਆ ਜਾ ਰਿਹਾ ਸੀ। ਆਗੂਆਂ ਨੇ ਅੱਗੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਆਮ ਆਦਮੀ ਪਾਰਟੀ ਨੂੰ ਆਮ ਲੋਕਾਂ ਦੀ ਪਾਰਟੀ ਕਿਹਾ ਸੀ ਅਤੇ ਵੋਟਾਂ ਲੈਣ ਮੌਕੇ ਅਨੇਕਾਂ ਵਾਅਦੇ ਉਹ ਵੀ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਨੂੰ ਬੁਲੰਦ ਕਰਕੇ ਕੀਤੇ ਸੀ ਕਿ ਕਿਸੇ ਵੀ ਤਬਕੇ ਨੂੰ ਧਰਨੇ /ਰੈਲੀਆਂ/ਚੱਕੇ ਜਾਮ ਕਰਨ ਦੀ ਲੋੜ ਨਹੀਂ ਪਵੇਗੀ, ਕਿਉਂਕਿ ਸਾਡੀ ਸਰਕਾਰ ਸਾਰਿਆਂ ਦੀ ਮੰਗਾਂ ਪੂਰੀਆਂ ਕਰ ਦੇਵੇਗੀ, ਪਰ ਇਸ ਭਗਵੰਤ ਮਾਨ ਸਰਕਾਰ ਨੇ ਗੱਦੀ ਤੇ ਬਿਰਾਜਮਾਨ ਹੁੰਦਿਆਂ ਸਾਰ ਹੀ ਕੀਤੇ ਵਾਅਦਿਆਂ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਕੇ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਨਾਅਰੇ ਅਤੇ ਲੋਕਾਂ ਨਾਲ ਦਗਾ ਕਮਾਇਆ। ਇਸ ਨੇ ਮੋਦੀ ਹਕੂਮਤ ਦੇ ਅਜੰਡੇ ਨੂੰ ਲਾਗੂ ਕਰਕੇ ਆਰ.ਐੱਸ.ਐੱਸ ਦੀ ਬੀ ਟੀਮ ਹੋਣ ਦਾ ਕੋਈ ਭੁਲੇਖਾ ਬਾਕੀ ਨਹੀਂ ਰਹਿਣ ਦਿੱਤਾ। ਇਤਿਹਾਸ ਵੀ ਇਸ ਗੱਲ ਦਾ ਗਵਾਹ ਹੈ ਕਿ ਕਿਵੇਂ ਮਜ਼ਦੂਰਾਂ ਨੇ ਚਾਹੇ ਉਹ ਅੱਠ ਘੰਟੇ ਦੀ ਦਿਹਾੜੀ ਦਾ ਮਾਮਲਾ ਹੋਵੇ, ਚਾਹੇ ਉਹ ਰੂਸ 'ਚ ਮਜ਼ਦੂਰਾਂ ਦੇ ਰਾਜ ਦਾ ਮਾਮਲਾ ਹੋਵੇ ਕਿ ਕਿਵੇਂ ਮਜ਼ਦੂਰਾਂ ਨੇ ਕਹਿੰਦੇ-ਕਹਾਉਂਦੇ ਦੁਨੀਆਂ ਨੂੰ ਜਿੱਤਣ ਦਾ ਸੁਪਨਾ ਪਾਲਣ ਵਾਲੇ ਜਰਮਨ ਦੇ ਫਾਸ਼ੀਵਾਦੀ ਹਿਟਲਰ ਨੂੰ ਕੇਵਲ ਹਰਾਇਆ ਹੀ ਨਹੀਂ ਸੀ, ਸਗੋਂ ਖੁਦਕੁਸ਼ੀ ਕਰਨ ਲਈ ਵੀ ਮਜਬੂਰ ਕਰ ਦਿੱਤਾ ਸੀ।



ਆਗੂਆਂ ਨੇ ਅਖੀਰ ਤੇ ਕਿਹਾ ਕਿ ਜੇਕਰ ਸਰਕਾਰ ਨੇ ਇਹ ਲੋਕ ਵਿਰੋਧੀ ਫੈਸਲੇ ਵਾਪਸ ਨਾ ਲਿਆ ਤਾਂ ਮਿਹਨਤਕਸ਼ ਲੋਕਾਈ ਆਪਣੇ ਲਾਮਿਸਾਲ ਇਤਿਹਾਸਕ ਵਿਰਸੇ ਦੇ ਰਾਹਾਂ ਤੇ ਚੱਲ ਕੇ ਸੰਘਰਸ਼ਾਂ ਦੇ ਪਿੜ ਉਸਾਰੇਗੀ।ਅੱਜ ਦੀ ਰੈਲੀ ਚ ਗੁਰਧਿਆਨ ਕੋਰ, ਗੁਰਮੀਤ ਕੋਰ, ਬਲਵੀਰ ਕੋਰ, ਬਾਬੂ ਸਿੰਘ ਆਦਿ ਸਾਮਿਲ ਸਨ।




9 ਅਕਤੂਬਰ 2023,
**ਚਲੋ ਹੁਸ਼ਿਆਰਪੁਰ**

ਸੰਵਿਧਾਨ ਬਚਾਓ ਮਹਾਂਪੰਚਾਇਤ

ਸਾਹਿਬ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਦਿਵਸ ਨੂੰ ਸਮਰਪਿਤ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਮਾਨਯੋਗ *ਸ ਜਸਵੀਰ ਸਿੰਘ ਗੜ੍ਹੀ* ਜੀ ਦੇ ਵੱਖ ਵੱਖ ਹਲਕਿਆਂ ਦੇ ਤੁਫਾਨੀ ਦੌਰੇ ਤਹਿਤ ਪ੍ਰੋਗਰਾਮਾ ਦੀ ਲੜੀ ਵਿਚ ਜਲੰਧਰ ਜਿਲ੍ਹੇ ਦੇ ਹਲਕਿਆਂ ਦੇ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਤਹਿ ਹੋਏ ਹਨ;

*22 ਸਤੰਬਰ, 2023, ਦਿਨ ਸ਼ੁੱਕਰਵਾਰ*
ਸਮਾਂ ਦੁਪਹਿਰ 1.00 ਵਜੇ ਹਲਕਾ ਆਦਮਪੁਰ
ਸਮਾਂ ਸ਼ਾਮ 4.00 ਵਜੇ ਹਲਕਾ ਕਰਤਾਰਪੁਰ (ਲਾਂਬੜਾ ਪਾਸਾ)
ਸਮਾਂ ਸ਼ਾਮ 6.00 ਵਜੇ ਜਲੰਧਰ ਸ਼ਹਿਰੀ ਚਾਰੇ ਵਿਧਾਨ ਸਭਾਵਾਂ

ਸਬੰਧਤ ਸਾਰੇ ਆਗੂ ਸਹਿਬਾਨ ਵਿਧਾਨ ਸਭਾ ਦੇ ਸਾਰੇ ਸੈਕਟਰ ਪ੍ਰਧਾਨ/ਸਕੱਤਰ ਤੱਕ ਦੇ ਅਹੁਦੇਦਾਰਾਂ ਨੂੰ ਆਉਣਾ ਯਕੀਨੀ ਬਨਾਉਣ।
ਸਬੰਧਤ ਜਿਲ੍ਹੇ ਦੇ ਸੂਬਾ ਅਤੇ ਜਿਲ੍ਹੇ ਦੀ ਲੀਡਰਸ਼ਿਪ ਆਪਣੇ ਆਪਣੇ ਹਲਕੇ ਦੀ ਮੀਟਿੰਗ ਵਿਚ ਪਹੁੰਚਣਾ ਯਕੀਨੀ ਬਨਾਓ ਜੀ।
ਸੈਕਟਰ ਪਧਰ ਤੱਕ ਦੇ ਆਗੂ ਸਹਿਬਾਨਾਂ ਨੂੰ ਸਨੇਹੇ ਲਗਾ ਕੇ ਮੀਟਿੰਗ ਦੀ ਵੱਡੇ ਪਧਰ ਤੇ ਤਿਆਰੀ ਕੀਤੀ ਜਾਵੇ।

ਜਸਵੰਤ ਰਾਏ, ਸੂਬਾ, ਦਫਤਰ ਸਕੱਤਰ, ਬਹੁਜਨ ਸਮਾਜ ਪਾਰਟੀ, ਪੰਜਾਬ।



**"ਦੇਸ਼ ਦੁਆਬਾ"**
**ਹਫਤਾਵਾਰੀ ਅਖਬਾਰ**

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

**ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ**

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

**www.deshdoaba.com www.ambedkartimes.com**


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਖਟਕੜ ਕਲਾਂ ਵਿਖੇ 28 ਸਤੰਬਰ ਨੂੰ ਰੋਸ ਰੈਲੀ ਕਰਨਗੇ ਕੰਪਿਊਟਰ ਅਧਿਆਪਕ: ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੀ 20 ਸਤੰਬਰ ਨੂੰ ਮੀਟਿੰਗ ਸਕੱਤਰੇਤ, ਚੰਡੀਗੜ੍ਹ ਵਿਖੇ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨਤਾਰਨ ਦੀ ਅਗਵਾਈ ਹੇਠ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨਾਲ ਹੋਈ ਜਿਸ ਦੀ ਜਾਣਕਾਰੀ ਜਿਲ੍ਹਾ ਪਠਾਨਕੋਟ ਦੇ ਪ੍ਰਧਾਨ ਅਮਨਦੀਪ ਸਿੰਘ, ਜਿਲ੍ਹਾ ਮੀਤ ਪ੍ਰਧਾਨ ਅਮਨਜੋਤੀ ਅਤੇ ਜਨਰਲ ਸਕੱਤਰ ਵਿਕਾਸ ਰਾਏ ਨੇ ਸਾਂਝੇ ਤੌਰ ਤੇ ਪ੍ਰੈਸ ਨੂੰ ਦਿੱਤੀ। ਮੀਟਿੰਗ ਦੌਰਾਨ ਸਿੱਖਿਆ ਮੰਤਰੀ ਨੇ ਟਾਲ- ਮਟੋਲ ਦੀ ਨੀਤੀ ਪਹਿਲੀਆ ਹੋਈਆਂ ਮੀਟਿੰਗਾਂ ਦੀ ਤਰ੍ਹਾਂ ਹੀ ਕੰਪਿਊਟਰ ਅਧਿਆਪਕਾਂ ਪ੍ਰਤੀ ਦਿਖਾਈ



ਗਈ ਜਿਸ ਕਾਰਨ ਜੱਥੇਬੰਦੀ ਵਲੋਂ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਹੱਕ- ਸੱਚ ਦੀ ਅਵਾਜ ਬੁਲੰਦ ਕਰਨ ਖਾਤਰ ਅਤੇ ਕੰਪਿਊਟਰ ਅਧਿਆਪਕਾਂ ਨਾਲ ਕੀਤੇ ਵਾਅਦਿਆਂ ਨੂੰ ਚੇਤੇ ਕਰਵਾਉਣ ਲਈ ਖਟਕੜ ਕਲਾਂ, ਨਵਾ ਸ਼ਹਿਰ ਵਿਖੇ ਰੋਸ ਰੈਲੀ ਕਰਨ ਦਾ ਫੈਸਲਾ ਲਿਆ ਗਿਆ। ਬੇਸ਼ੱਕ 15 ਸਤੰਬਰ 2022 ਅਤੇ ਬਾਅਦ ਵਿੱਚ ਅਨੇਕਾਂ ਵਾਰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅਖਬਾਰਾਂ, ਸ਼ੋਸ਼ਲ ਮੀਡੀਆ ਅਤੇ ਆਮ ਆਦਮੀ ਪਾਰਟੀ ਦੇ ਵੱਖ-2 ਮੰਚਾਂ ਤੇ ਕੰਪਿਊਟਰ ਅਧਿਆਪਕਾਂ ਨੂੰ ਦੀਵਾਲੀ ਦੇ ਮੌਕੇ ਤੇ ਬਣਦੇ ਲਾਭ ਦੇਣ ਦਾ ਐਲਾਨ ਕੀਤਾ ਸੀ ਜੋ ਇੱਕ ਸਾਲ ਬੀਤ ਜਾਣ ਉਪਰੰਤ ਵੀ ਪੂਰਾ ਨਹੀਂ ਕੀਤਾ ਗਿਆ।ਜਿਕਰਯੋਗ ਹੈ ਕਿ ਜੁਲਾਈ 2011 ਨੂੰ ਸਿੱਖਿਆ ਵਿਭਾਗ ਅਧੀਨ ਬਣੀ ਪਿਕਟਸ ਸੁਸਾਇਟੀ ਵਿੱਚ ਕੰਪਿਊਟਰ ਅਧਿਆਪਕਾਂ ਨੂੰ ਪੰਜਾਬ ਸਿਵਲ ਸਰਵਿਸ ਸੇਵਾਵਾਂ ਤਹਿਤ ਰੈਗੂਲਰ ਕੀਤਾ ਗਿਆ ਪਰ ਅੱਜ ਤੱਕ ਇਹ ਨੋਟੀਫਿਕੇਸ਼ਨ ਪੂਰਨ ਤੌਰ ਤੇ ਕੰਪਿਊਟਰ ਅਧਿਆਪਕਾਂ ਤੇ ਲਾਗੂ ਨਹੀ ਕੀਤਾ ਗਿਆ ।ਜੱਥੇਬੰਦੀ ਦੇ ਆਗੂਆ ਨੇ ਜਾਣਕਾਰੀ ਦਿੰਦਿਆ ਕਿਹਾ ਕੰਪਿਊਟਰ ਅਧਿਆਪਕਾਂ ਦਾ 6ਵਾਂ ਤਨਖਾਹ ਕਮਿਸ਼ਨ , ਏ.ਸੀ.ਪੀ. ਅਤੇ ਹੋਰ ਵਿੱਤੀ ਲਾਭ ਜਬਰੀ ਰੋਕੇ ਹਨ ਜਿਨਾਂ ਨੂੰ ਤਰੁੰਤ ਲਾਗੂ ਕੀਤਾ ਜਾਵੇ ,90 ਦੇ ਕਰੀਬ ਮ੍ਰਿਤਕ ਕੰਪਿਊਟਰ ਅਧਿਆਪਕਾਂ ਦੇ ਪਰਿਵਾਰ ਜੋ ਸੜਕਾਂ ਤੇ ਰੁੱਲ ਰਹੇ ਹਨ, ਪੰਜਾਬ ਸਰਕਾਰ ਨੇ ਉਹਨਾਂ ਨੂੰ ਨਾ ਹੀ ਨੌਕਰੀ ਦਿੱਤੀ, ਨਾ ਹੀ ਇੱਕ ਧੇਲੇ ਦੀ ਸਹਾਇਤਾ ਕੀਤੀ ਗਈ ਜਿਸ ਕਾਰਨ ਮਿਤੀ 13,14,15 ਅਕਤੂਬਰ ਨੂੰ ਸੰਗਰੂਰ ਵਿਖੇ ਚੇਤਾਵਨੀ ਤਹਿਤ ਤਿੰਨ ਦਿਨਾਂ ਦਾ ਸੰਕੇਤਕ ਧਰਨਾ ਲਗਾਇਆ ਜਾਵੇਗਾ ਜਿਸ ਰਾਹੀ ਸੰਗਰੂਰ ਦੇ ਬਜਾਰਾਂ ਵਿੱਚ ਪੈਂਫਲਿਟ ਰਾਹੀਂ ਆਮ ਜਨਤਾ ਨੂੰ ਕੰਪਿਊਟਰ ਅਧਿਆਪਕਾਂ ਨਾਲ ਕੀਤੇ ਵਾਅਦਿਆਂ ਨੂੰ ਉਜਾਗਰ ਕੀਤਾ ਜਾਵੇਗਾ। ਜੇਕਰ ਫਿਰ ਵੀ ਕੰਪਿਊਟਰ ਅਧਿਆਪਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ ਜਾਂਦਾ ਤਾਂ 22 ਅਕਤੂਬਰ ਨੂੰ ਜਿਲ੍ਹਾ ਪੱਧਰੀ ਦੁਸਹਿਰੇ ਦੇ ਨਜਦੀਕ ਪੰਜਾਬ ਸਰਕਾਰ ਦੀ ਅਰਥੀ ਫੂਕ ਮੁਜਾਹਰੇ ਕੀਤੇ ਜਾਣਗੇ ।ਜੇਕਰ ਪੰਜਾਬ ਸਰਕਾਰ ਇਸ ਸਮੇਂ ਦੌਰਾਨ ਕੰਪਿਊਟਰ ਅਧਿਆਪਕਾਂ ਦੇ ਮਸਲਿਆਂ ਦਾ ਕੋਈ ਹੱਲ ਨਹੀਂ ਲੈ ਆਉਂਦੀ ਤਾਂ 29 ਅਕਤੂਬਰ ਨੂੰ ਸੰਗਰੂਰ ਵਿਖੇ ਹੱਲਾ-ਬੋਲ ਰੈਲੀ ਕੀਤੀ ਜਾਵੇਗੀ ਜਿਸ ਦੀ ਸਮੁੱਚੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

ਮੀਟਿੰਗ ਦੌਰਾਨ ਸੀਨੀਅਰ ਮੀਤ ਪ੍ਰਧਾਨ ਹਰਜੀਤ ਸਿੰਘ ਸੰਧੂ, ਅਨਿਲ ਐਰੀ ਮੀਤ ਪ੍ਰਧਾਨ, ਏਕਮਓਕਾਰ ਸਿੰਘ ਮੀਤ ਪ੍ਰਧਾਨ, ਸਿਕੰਦਰ ਸਿੰਘ ਮੀਤ, ਪਰਮਵੀਰ ਸਿੰਘ ਪੰਮੀ, ਪਰਮਿੰਦਰ ਸਿੰਘ ਘੁਮਾਣ ਅਤੇ ਹਰਪ੍ਰੀਤ ਸਿੰਘ ਜਨਰਲ ਸਕੱਤਰ, ਅਮਰਦੀਪ ਸਿੰਘ ਤੇ ਪ੍ਰਦੀਪ ਮਲੂਕਾ ਕਾਨੂਨੀ ਸਲਾਹਕਾਰ, ਗੁਰਦੀਪ ਸਿੰਘ ਬੈਂਸ ਜੁਇੰਟ ਸਕੱਤਰ , ਗੁਰਪ੍ਰੀਤ ਸਿੰਘ ਟੋਹੜਾ ਪ੍ਰਮੁੱਖ ਸਲਾਹਕਾਰ, ਹਰਜੀਤ ਸਿੰਘ ਵਿੱਤ ਸਕੱਤਰ,ਪਰਮਜੀਤ ਸਿੰਘ ਵਿੱਤ ਸਕੱਤਰ ,ਹਰਮਿੰਦਰ ਸਿੰਘ ਸੰਧੂ ਪ੍ਰੈਸ ਸਕੱਤਰ, ਹਰਜਿੰਦਰ ਮਹਿਸਮਪੁਰ ਪ੍ਰੈਸ ਸਕੱਤਰ, ਹਰਭਗਵਾਨ ਸਿੰਘ ਸਟੇਜ ਸਕੱਤਰ , ਕੁਨਾਲ ਕਪੂਰ,ਜਗਤਾਰ ਸਿੰਘ, ਅਮਰਜੀਤ ਸਿੰਘ, ਅਮਨਜੋਤੀ, ਰਾਜਵਿੰਦਰ ਲਾਖਾ, ਮੈਡਮ ਰਾਖੀ ਮੰਨਨ, ਮੈਡਮ ਰਾਜਵੰਤ ਕੌਰ, ਮੈਡਮ ਸੁਖਜੀਤ ਸਹਣਾ, ਜਿਲਾ ਪ੍ਰਧਾਨ ਸੱਤਪ੍ਰਤਾਪ ਸਿੰਘ ਮਾਨਸਾ, ਜਗਦੀਸ਼ ਸ਼ਰਮਾਂ ਸੰਗਰੂਰ, ਹਨੀ ਗਰਗ ਪਟਿਆਲਾ, ਗੁਰਪਿੰਦਰ ਗੁਰਦਾਸ ਪੁਰ, ਪ੍ਰਦੀਪ ਬੈਰੀ ਮੁਕਤਸਰ, ਅਮਨਦੀਪ ਸਿੰਘ ਪਠਾਨਕੋਟ, ਰਮਨ ਕੁਮਾਰ ਜਲੰਧਰ, ਜਸਵਿੰਦਰ ਸਿੰਘ ਲੁਧਿਆਣਾ, ਨਵਤੇਜ ਸਿੰਘ ਫਤਿਹਗੜ ਸਾਹਿਬ, ਜਗਸੀਰ ਸਿੰਘ ਫਰੀਦਕੋਟ. ਰਾਕੇਸ਼ ਸਿੰਘ ਮੋਗਾ, ਸੀਤਲ ਸਿੰਘ ਤਰਨਤਾਰਨ, ਦਵਿੰਦਰ ਸਿੰਘ ਫਿਰੋਜਪੁਰ ,ਸੱਤਿਆ ਸਰੂਪ ਫਾਜਿਲਕਾਂ, ਗਗਨਦੀਪ ਸਿੰਘ ਅਮ੍ਰਿਤਸਰ, ਰਵਿੰਦਰ ਸਿੰਘ ਹੁਸ਼ਿਆਰਪੁਰ, ਅਮਰਜੀਤ ਸਿੰਘ ਕਪੂਰਥਲਾ, ਰੋਬਿਨ ਮਲੇਰਕੋਟਲਾ ,ਪ੍ਰਦੀਪ ਕੁਮਾਰ ਬਰਨਾਲਾ, ਰਮਨ ਕੁਮਾਰ ਕਪੂਰਥਲਾ, ਹਰਜਿੰਦਰ ਸਿੰਘ ਨਵਾਂ ਸ਼ਹਿਰ, ਈਸ਼ਰ ਸਿੰਘ ਬਠਿੰਡਾ ਆਗੂ ਸਾਮਿਲ ਸਨ।

# ਨਗਰ ਨਿਗਮ ਹੁਸ਼ਿਆਰਪੁਰ ਵਿਖੇ ਸਫਾਈ ਕਰਮਚਾਰੀ ਯੂਨੀਅਨ ਤੇ ਸਮਾਜਿਕ ਜਥੇਬੰਦੀਆਂ ਦੀ ਮੀਟਿੰਗ ਹੋਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਨਗਰ ਨਿਗਮ ਹੁਸ਼ਿਆਰਪੁਰ ਵਿਖੇ ਸਮੂਹ ਸਮਾਜਿਕ ਜਥੇਬੰਦੀਆਂ ਦੀ ਮੀਟਿੰਗ ਬੁਲਾਈ ਗਈ ਜਿਸ ਦੀ ਪ੍ਰਧਾਨਗੀ ਸਫਾਈ ਕਰਮਚਾਰੀ ਯੂਨੀਅਨ ਰਜਿ. ਨਗਰ ਨਿਗਮ ਦੇ ਚੇਅਰਮੈਨ ਰਾਕੇਸ਼ ਸਿੱਧੂ ਵੱਲੋਂ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਚੇਅਰਮੈਨ ਫਾਈਨਾਂਸ ਕਮੇਟੀ ਨਗਰ ਨਿਗਮ ਕੌਂਸਲਰ ਬਲਵਿੰਦਰ (ਬਿੰਦੀ) ਪੰਜਾਬ ਹੈੱਡ ਰਵਿਦਾਸ ਟਾਈਗਰ ਫੋਰਸ ਬਿੰਦਰ ਸਰੋਆ, ਬੇਗਮਪੁਰਾ ਟਾਈਗਰ ਫੋਰਸ ਪੰਜਾਬ ਮੁਖੀ ਵੀਰਪਾਲ ਥਰੌਲੀ, ਹੈਪੀ ਫਤਿਹਗੜ੍ਹ ਜ਼ਿਲਾ ਪ੍ਰਧਾਨ ਅਜੈ ਮੱਲ ਬੇਗਮਪੁਰਾ ਟਾਈਗਰ ਫੋਰਸ, ਦੋਆਬਾ ਪ੍ਰਧਾਨ ਬਲਵੀਰ ਸਿੰਘ ਸ਼੍ਰੀ ਗੁਰੂ ਰਵਿਦਾਸ ਸਭਾ ਹੁਸ਼ਿਆਰਪੁਰ, ਗੁਰਨਾਮ ਸਿੰਘ ਸਿੰਗੜੀਵਾਲਾ



ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਕਰਨੈਲ ਸਿੰਘ ਲਵਲੀ ਸਿੱਖ ਫੈਡਰੇਸ਼ਨ ਪੰਜਾਬ, ਪੰਮਾ ਨਾਰੂ-ਨੰਗਲ, ਜੱਗੂ ਰਸੂਲਪੁਰੀਆ ਸਰਪੰਚ, ਬਿੱਟੂ ਰਵਿਦਾਸ ਟਾਈਗਰ ਫੋਰਸ, ਕੌਂਸਲਰ ਜਸਵੰਤ ਰਾਏ ਵਾਰਡ ਨੰ: 20, ਮੁਖੀ ਰਾਮ ਕੌਂਸਲਰ ਵਾਰਡ ਨੰ: 18 ਕੇ. ਇਸ ਮੌਕੇ ਸੈਣੀ ਜ਼ਿਲ੍ਹਾ ਪ੍ਰਧਾਨ ਯੁਵਾ ਸੈਣੀ ਜਾਗ੍ਰਿਤੀ ਮੰਚ, ਪ੍ਰੇਮ ਸੈਣੀ, ਪ੍ਰਭਜੋਤ ਸੈਣੀ, ਜਗਤਾਰ ਸਿੰਘ ਸੈਣੀ, ਅਵਤਾਰ ਸਿੰਘ ਭੁੱਟੋ, ਨਿੱਕੂ ਅਜਨਾਲਾ ਆਦਿ ਪਹੁੰਚੇ। ਮਿਉਂਸੀਪਲ ਆਰਗੇਨਾਈਜੇਸ਼ਨ ਐਕਸ਼ਨ ਕਮੇਟੀ ਦੇ ਪ੍ਰਧਾਨ ਸਰਦਾਰੀ ਲਾਲ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪ੍ਰਧਾਨ ਕਰਨਜੋਤ ਆਦੀਆ, ਨਗਰ ਨਿਗਮ ਵਿੱਚ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਦੀ ਭਰਤੀ ਨੂੰ ਲੈ ਕੇ ਚੱਲ ਰਹੇ ਬੇਬੁਨਿਆਦ ਵਿਰੋਧ ਬਾਰੇ ਦੱਸਿਆ ਗਿਆ ਕਿ ਯੋਗ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦੇਣ ਵਿੱਚ ਕੁਝ ਸ਼ਰਾਰਤੀ ਅਨਸਰ ਰੁਕਾਵਟ ਪਾ ਰਹੇ ਹਨ ਅਤੇ ਸਮੂਹ ਵਾਲਮੀਕਿ ਸਮਾਜ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ, ਕਿ ਵਾਲਮੀਕਿ ਸਮਾਜ ਵੱਲੋਂ ਸਿਰਫ 15 ਅਰਜ਼ੀਆਂ ਹੀ ਭਰੀਆਂ ਗਈਆਂ ਸਨ। ਜੋ ਕਿ ਬਿਲਕੁਲ ਗਲਤ ਹੈ। ਯੋਗ ਉਮੀਦਵਾਰਾਂ ਦੀ ਸੂਚੀ ਅਨੁਸਾਰ ਵਾਲਮੀਕਿ ਸਮਾਜ ਦੇ ਕਰੀਬ 80 ਉਮੀਦਵਾਰ ਚੁਣੇ ਗਏ ਹਨ ਅਤੇ 15 ਤੋਂ 20 ਉਮੀਦਵਾਰ ਰਵਿਦਾਸੀਆ ਭਾਈਚਾਰੇ ਦੇ ਹਨ। ਕੁੱਲ 100 ਉਮੀਦਵਾਰ ਐਸ.ਸੀ. ਸੁਸਾਇਟੀ ਦੀ ਭਰਤੀ ਕੀਤੀ ਗਈ ਹੈ। ਅਪਾਹਜ, ਸਾਬਕਾ ਸੈਨਿਕ, ਖੇਡ ਕੋਟਾ ਆਦਿ ਸਮੇਤ ਹੋਰ ਸ਼੍ਰੇਣੀਆਂ ਵਿੱਚੋਂ ਯੋਗ ਉਮੀਦਵਾਰਾਂ ਦੀ ਚੋਣ ਕੀਤੀ ਗਈ ਹੈ। ਇਸ ਮੀਟਿੰਗ ਵਿੱਚ ਪਹੁੰਚੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਸਾਰੇ ਵਰਕਰ ਇਸ ਭਰਤੀ ਦਾ ਸਮਰਥਨ ਕਰਦੇ ਹਨ ਕਿਉਂਕਿ ਇਹ ਭਰਤੀ 2021 ਦੇ ਨਿਯਮਾਂ ਅਤੇ ਕਾਨੂੰਨਾਂ ਅਨੁਸਾਰ ਕੀਤੀ ਗਈ ਹੈ, ਜੋ ਕਿ ਸਰਕਾਰ ਦੇ ਰੋਸਟਰ ਅਨੁਸਾਰ ਕੀਤੀ ਗਈ ਹੈ। ਸਫ਼ਾਈ ਕਰਮਚਾਰੀ ਯੂਨੀਅਨ ਹੁਸ਼ਿਆਰਪੁਰ ਉਨ੍ਹਾਂ ਸ਼ਰਾਰਤੀ ਅਨਸਰਾਂ ਦੇ ਇਸ ਸੁਪਨੇ ਨੂੰ ਕਦੇ ਵੀ ਸਾਕਾਰ ਨਹੀਂ ਹੋਣ ਦੇਵੇਗੀ ਜੋ ਸਿਆਸੀ ਪਾਰਟੀਆਂ ਦੇ ਇਸ਼ਾਰੇ 'ਤੇ ਸਮਾਜ ਨੂੰ ਵੰਡਣ ਦੇ ਸੁਪਨੇ ਦੇਖ ਰਹੇ ਹਨ। ਸਾਡਾ ਭਾਈਚਾਰਾ ਹੀ ਸਾਡੀ ਤਾਕਤ ਹੈ। ਇਸ ਮੌਕੇ ਸਫ਼ਾਈ ਕਰਮਚਾਰੀ ਯੂਨੀਅਨ ਦੇ ਸਮੂਹ ਮੈਂਬਰ, ਸੈਨੀਟੇਸ਼ਨ ਵਰਕਰ ਅਤੇ ਸੀਵਰਮੈਨ ਪੁੱਜੇ।

# ਆਸਟ੍ਰੇਲੀਆਈ ਵਿਕਟੋਰੀਆ ਹਾਕੀ ਲੀਗ ਗਰੇਡ 1 ਵਿੱਚ ਜਰਖੜ ਹਾਕੀ ਅਕੈਡਮੀ ਦਾ ਸਟਾਰ ਖਿਡਾਰੀ ਜੋਗਿੰਦਰ ਸਿੰਘ ਧਰੂ ਤਾਰੇ ਵਾਂਗ ਚਮਕਿਆ

ਪੰਜਾਬੀ ਜਿਹੜੇ ਕੰਮ ਦੇ ਪਿੱਛੇ ਪੈ ਜਾਂਦੇ ਹਨ ਉਸ ਵਿੱਚ ਸਿਰਾ ਹੀ ਕਰਵਾ ਦਿੰਦੇ ਹਨ। ਆਸਟਰੇਲੀਆ ਦੇ ਵਿਚ ਪੰਜਾਬੀਆਂ ਨੇ ਜਿੱਥੇ ਬਾਕੀ ਖੇਤਰਾਂ ਵਿੱਚ ਬੱਲੇ-ਬੱਲੇ ਕਰਵਾਈ ਹੈ ,ਉਥੇ ਹੁਣ ਖੇਡਾਂ ਦੇ ਖੇਤਰ ਵਿੱਚ ਵੀ ਹਰ ਰੋਜ਼ ਕੋਈ ਨਾ ਕੋਈ ਨਵਾਂ ਇਤਿਹਾਸ ਸਿਰਜ ਰਹੇ ਹਨ। ਮੈਲਬੌਰਨ ਦੀ ਚਰਚਿਤ ਵਿਕਟੋਰੀਆ ਹਾਕੀ ਲੀਗ ਦੇ ਗਰੇਡ 1 ਵਿੱਚ ਪ੍ਰਵੇਸ਼ ਪਾਉਣਾ ਹੀ ਮੈਲਬੌਰਨ ਸਿੱਖ ਯੂਨਾਈਟਡ ਕਲੱਬ ਦੀ ਵਡਮੁੱਲੀ ਪ੍ਰਾਪਤੀ ਸੀ। ਪਰ ਇਸ ਕਲੱਬ ਵੱਲੋਂ ਲੁਧਿਆਣੇ ਦੇ ਛੋਟੇ ਜਿਹੇ ਪਿੰਡ ਜਰਖੜ ਦੀ ਹਾਕੀ ਅਕੈਡਮੀ ਦੇ ਟਰੇਨੀ ਖਿਡਾਰੀ ਨੇ ਆਪਣੇ ਹਾਕੀ ਹੁਨਰ ਦਾ ਲੋਹਾ ਮਨਾਉਂਦਿਆਂ ਆਸਟ੍ਰੇਲੀਆ ਦੇ ਦਿੱਗਜ਼ ਖਿਡਾਰੀਆਂ ਨੂੰ ਨਾ ਸਿਰਫ਼ ਮਾਤ ਕੀਤਾ ਸਗੋਂ 22 ਗੋਲ ਕਰਕੇ ਲੀਗ ਦਾ ਸਰਵੋਤਮ ਸਕੋਰਰ ਵੀ ਬਣਿਆ। ਵਿਕਟੋਰੀਆ ਲੀਗ ਗ੍ਰੇਡ 1 ਖੇਡਦਿਆਂ ਸਿੱਖ ਯੂਨਾਈਟਡ ਕਲੱਬ ਨੇ ਕੁੱਲ ਖੇਡੇ 18 ਮੈਚਾਂ ਵਿੱਚੋ 14 ਜਿੱਤਾ, 1 ਬਰਾਬਰੀ, 3 ਹਾਰ ਨਾਲ ਕੁੱਲ 22 ਗੋਲ ਕਰਕੇ ਆਪਣੀ ਟੀਮ ਨੂੰ ਸੈਮੀਫਾਈਨਲ ਤੱਕ ਪਹੁੰਚਾਇਆ। ਹਰ ਜਿੱਤ ਵਿੱਚ ਜੋਗਿੰਦਰ ਸਿੰਘ ਦੀ ਅਹਿਮ ਭੂਮਿਕਾ ਰਹੀ।ਪੂਰੇ ਟੂਰਨਾਮੈਂਟ ਵਿੱਚ ਜੋਗਿੰਦਰ ਸਿੰਘ ਨੇ 2 ਹੈਟ੍ਰਿਕ ਵੀ ਜੜੀਆ। ਜਰਖੜ ਹਾਕੀ ਅਕੈਡਮੀ ਦਾ ਟ੍ਰੇਨੀ ਅਤੇ ਰੇਲਵੇ ਵਿਭਾਗ ਵੱਲੋਂ ਖੇਡਦਾ ਜੋਗਿੰਦਰ ਸਿੰਘ ਭਾਰਤੀ ਹਾਕੀ ਟੀਮ ਦੇ ਭਵਿੱਖ ਦਾ ਵਾਰਿਸ ਹੈ। ਮੈਲਬੌਰਨ ਸਿੱਖ ਯੂਨਾਈਟਡ ਕਲੱਬ ਉਸਦੇ ਹੁਨਰ ਦੀ ਪਰਖ ਕਰਦਿਆਂ ਉਸ ਨੂੰ ਵਿਕਟੋਰੀਆ ਹਾਕੀ ਲੀਗ ਵਿੱਚ ਖੇਡਣ ਦਾ ਮੌਕਾ ਦਿੱਤਾ ਅਤੇ ਜੋਗਿੰਦਰ ਸਿੰਘ ਨੇ ਵੀ ਸਿੱਖ ਯੂਨਾਈਟਿਡ ਕਲੱਬ ਦੇ ਦਿੱਤੇ ਮਾਣ ਸਤਿਕਾਰ ਦਾ ਪੂਰਾ ਮੁੱਲ ਮੋੜਿਆ। ਲੀਗ ਦੇ ਵੱਖ ਵੱਖ ਸੈਸ਼ਨ ਦੋਰਾਨ ਪਾਕਿਸਤਾਨ ਹਾਕੀ ਓਲੰਪੀਅਨ, ਕੋਚ ਵਸੀਮ ਅਹਿਮਦ ਨੇ ਵੀ ਜੋਗਿੰਦਰ ਸਿੰਘ ਨੂੰ ਹਾਕੀ ਦੀਆਂ ਬਰੀਕੀਆਂ ਤੋਂ ਜਾਗਰੂਕ ਕਰਵਾਉਂਦਿਆਂ ਉਸਦੀ ਖੇਡ ਵਿੱਚ ਨਿਖਾਰ ਲਿਆਂਦਾ। ਕੁੱਲ ਮਿਲਾ ਕੇ ਜੋਗਿੰਦਰ ਸਿੰਘ ਵਿਕਟੋਰੀਆ ਹਾਕੀ ਲੀਗ ਵਿੱਚ ਧਰੂ ਤਾਰੇ ਵਾਂਗ ਚਮਕਿਆ ਅਤੇ ਮੈਲਬੌਰਨ ਸਿੱਖ ਯੂਨਾਈਟਡ ਕਲੱਬ ਵਾਲੇ ਵੀ ਇਸ ਲੀਗ ਵਿੱਚ ਆਪਣੀ ਵਡਮੁੱਲੀ ਪ੍ਰਾਪਤੀ ਤੋਂ ਬਾਗੋਂ ਬਾਗ਼ ਹਨ। ਕਿਉਂਕਿ ਸਿੱਖ ਯੂਨਾਈਟਿਡ ਕਲੱਬ ਵਲੋਂ ਵਿਕਟੋਰੀਆ ਹਾਕੀ ਲੀਗ ਗਰੇਡ 1 ਲਈ ਕੁਆਲੀਫਾਈ ਕਰਨਾ ਫੇਰ ਸੈਮੀਫਾਈਨਲ ਤੱਕ ਦਾ ਸਫ਼ਰ ਤੈਅ ਕਰਨਾ ਆਪਣੇ ਆਪ ਵਿੱਚ ਇੱਕ ਇਤਿਹਾਸ ਰਚਣ ਵਾਲੀ ਗੱਲ ਹੈ। ਇਸਦਾ ਵੱਡਾ ਸਿਹਰਾ ਜਿੱਥੇ ਟੀਮ ਦੇ ਕੋਚ ਪਕਿਸਤਾਨ ਓਲੰਪੀਅਨ ਵਸੀਮ ਅਹਿਮਦ ਨੂੰ ਜਾਂਦਾ ਹੈ ਉੱਥੇ ਸਮੂਹ ਖਿਡਾਰੀਆਂ ਦੇ ਇੱਕ ਜੁੱਟ ਉਪਰਾਲੇ ਨੂੰ ਖਾਸ ਕਰਕੇ ਜੋਗਿੰਦਰ ਸਿੰਘ ਦੇ ਪੇਨਲਟੀ ਕਾਰਨਰ ਦੇ ਹੁਨਰ ਨੂੰ ਵੀ ਜਾਂਦਾ ਹੈ। ਜੁਗਿੰਦਰ ਸਿੰਘ ਦੇ ਸਿੱਖ ਯੂਨਾਈਟਿਡ ਕਲੱਬ ਦਾ ਸਲੂਟ ਹੈ। ਸ਼ਾਲਾ ! ਪ੍ਰਮਾਤਮਾ ਉਸ ਨੂੰ ਭਵਿੱਖ ਵਿੱਚ ਵੱਡੀਆਂ ਤਰੱਕੀਆਂ ਦੇਵੇ ਅਤੇ ਉਹ ਇੰਡੀਆ ਹਾਕੀ ਦਾ ਸਿਤਾਰਾ ਬਣ ਕੇ ਚਮਕੇ। ਇਸਤੋਂ ਇਲਾਵਾ ਆਸਟਰੇਲੀਆ ਵਸਦੇ ਜਰਖੜ ਅਕੈਡਮੀ ਦੇ ਤਕਨੀਕੀ ਡਾਇਰੈਕਟਰ ਨਰਾਇਣ ਸਿੰਘ ਗਰੇਵਾਲ ਅਤੇ ਉਹਨਾਂ ਦੀ ਪੂਰੀ ਟੀਮ ਇਸ ਪ੍ਰਾਪਤੀ ਬਦਲੇ ਵਧਾਈ ਦੀ ਪਾਤਰ ਹੈ ਜਿੰਨਾ ਨੇ ਜੀਵਨ ਦੇ ਕਰਮਾਂ ਦਾ ਵੱਡਾ ਲੇਖਾ ਜੋਖਾ ਹਾਕੀ ਦੇ ਲੇਖੇ ਲਾਇਆ ਹੈ।





ਇੱਥੇ ਹੀ ਬੱਸ ਨਹੀਂ ਕਿ ਮੈਲਬੌਰਨ ਸਿੱਖ ਯੂਨਾਈਟਡ ਕਲੱਬ ਰਿਜ਼ਰਵ ਟੀਮ ਨੇ ਵੀ ਵਿਕਟੋਰੀਆ ਹਾਕੀ ਲੀਗ ਵਿੱਚ ਆਪਣੀ ਚੜ੍ਹਤ ਪੂਰੀ ਤਰਾਂ ਬਰਕਰਾਰ ਰੱਖੀ ਹੈ। ਸਿੱਖ ਯੂਨਾਈਟਡ ਕਲੱਬ ਦੇ ਅਣਥੱਕ ਯਤਨਾਂ, ਉਦਮ, ਉਪਰਾਲਿਆਂ, ਸਖ਼ਤ ਮਿਹਨਤ, ਲਗਨ, ਪ੍ਰਾਪਤੀਆਂ ਤੋਂ ਸਹਿਜੇ ਹੀ ਅੰਦਾਜ਼ਾ ਲਗਦਾ ਹੈ ਕਿ ਉਹ ਦਿਨ ਹੁਣ ਦੂਰ ਨਹੀਂ ਕਿ ਜਦੋਂ ਕੋਈ ਨਾ ਕੋਈ ਪੰਜਾਬੀ ਖ਼ਿਡਾਰੀ ਖਾਸ ਕਰਕੇ ਸਿੱਖ ਭਾਈਚਾਰੇ ਵਿਚੋਂ ਆਸਟਰੇਲੀਆ ਹਾਕੀ ਟੀਮ ਦੀ ਨੁਮਾਇੰਦਗੀ ਕਰੇਗਾ ਅਤੇ ਸਿੱਖ ਕੌਮ ਦਾ ਨਾਮ ਪੂਰੀ ਦੁਨੀਆ ਵਿੱਚ ਰੌਸ਼ਨ ਕਰੇਗਾ। ਪ੍ਰਮਾਤਮਾ ਪੰਜਾਬੀਆਂ ਦੀ ਮਿਹਨਤ ਨੂੰ ਜਲਦੀ ਬੂਰ ਪਾਵੇ। ਰੱਬ ਰਾਖਾ!

**– ਜਗਰੂਪ ਸਿੰਘ ਜਰਖੜ**
**91-98143-00722**

# ਸਰਕਾਰੀ ਆਈ ਟੀ ਆਈ ਪਠਾਨਕੋਟ ਵਿਖੇ 26 ਸਤੰਬਰ ਨੂੰ ਲਗਾਇਆ ਗਿਆ ਰੋਜ਼ਗਾਰ ਮੇਲਾ

**ਪਠਾਨਕੋਟ: (ਰਾਜਿੰਦਰ ਸਿੰਘ ਰਾਜਨ)** ਸਰਕਾਰੀ ਆਈ ਟੀ ਆਈ ਪਠਾਨਕੋਟ ਵਿਖੇ ਜ਼ਿਲਾ ਰੋਜ਼ਗਾਰ ਦਫਤਰ ਪਠਾਨਕੋਟ ਦੇ ਸਹਿਯੋਗ ਨਾਲ ਰੋਜ਼ਗਾਰ ਮੇਲਾ ਲਗਾਇਆ ਗਿਆ। ਇਸ ਮੌਕੇ ਤੇ ਆਈ ਟੀ ਆਈ ਦੇ ਪ੍ਰਿੰਸੀਪਲ ਸ਼੍ਰੀ ਸੁਭਾਸ਼ ਚੰਦਰ ਨੇ ਦੱਸਿਆ ਕਿ ਵਿਭਾਗ ਦੇ ਮੰਤਰੀ ਦੀ ਦੂਰਅੰਦੇਸ਼ੀ ਸੋਚ ਅਤੇ ਵਿਭਾਗ ਦੇ ਸਕੱਤਰ੍ ਕਮ੍ ਡਾਇਰੈਕਟਰ ਦੀ ਗਤੀਸ਼ੀਲ ਅਗਵਾਈ ਅਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਇਹ ਰੋਜ਼ਗਾਰ ਮੇਲਾ ਲਗਾਇਆ ਗਿਆ ਹੈ, ਜਿਸ ਵਿਚ ਰੋਜ਼ਗਾਰ ਦਾਤਾ ਸਨਅਤੀ ਅਦਾਰਿਆਂ ਨੂੰ ਅਤੇ ਆਈ ਟੀ ਆਈ ਪਾਸ ਨੌਜਵਾਨ ਰੋਜ਼ਗਾਰ ਦੇ



ਚਾਹਵਾਨ ਉਮੀਦਵਾਰਾਂ ਨੂੰ ਇੱਕ ਸਾਂਝੇ ਪਲੇਟਫਾਰਮ ਤੇ ਇਕੱਠੇ ਹੋਣ ਤੇ ਰੋਜ਼ਗਾਰ ਦੇ ਵਧੇਰੇ ਮੌਕੇ ਮਿਲਦੇ ਹਨ।ਇਸ ਮੌਕੇ ਨਾਮੀ ਕੰਪਨੀਆਂ ਜਿਵੇਂ ਕਿ, ਸੋਨਾਲੀਕਾ ਟ੍ਰੈਕਟਰ, ਮੰਜੂਸ਼੍ਰੀ ਟੈਕਨਪੈਕ,ਸਾਤਵਿਕ ਊਰਜਾ, ਹਰਕ ਪਾਵਰ,ਬ੍ਰਿਊਮਾਸਟਰ, ਬੈਸਟ ਵੈਸਟ੍ਰਨ, ਜੇ.ਐਸ.ਗ੍ਰੋਵਰ ਆਦਿ ਵੱਲੋਂ ਉਮੀਦਵਾਰਾਂ ਦੀ ਇੰਟਰਵਿਊ ਲੈਣ ਉਪਰੰਤ ਯੋਗ ਉਮੀਦਵਾਰਾਂ ਦੀ ਮੌਕੇ ਤੇ ਹੀ ਸਿਲੈਕਸ਼ਨ ਕੀਤੀ ਗਈ। ਇਸ ਮੌਕੇ ਤੇ ਸੰਸਥਾ ਵਿਖੇ ਕੁੱਲ 308 ਉਮੀਦਵਾਰ ਨੌਕਰੀ ਲਈ ਹਾਜਰ ਆਏ ਅਤੇ ਰਜਿਸਟ੍ਰੇਸ਼ਨ ਕਰਵਾਕੇ ਇੰਟਰਵਿਊ ਦਿੱਤੀ, ਜਿਨ੍ਹਾਂ ਵਿਚੋਂ 198 ਉਮੀਦਵਾਰਾਂ ਦੀ ਸਿਲੈਕਸ਼ਨ ਕੀਤੀ ਗਈ। ਇਸ ਮੌਕੇ ਤੇ ਜ਼ਿਲਾ ਰੋਜ਼ਗਾਰ ਅਫ਼ਸਰ ਪਠਾਨਕੋਟ ਸ੍ਰੀ ਰਮਨ ਨੇ ਦੱਸਿਆ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਜਿਹੇ ਰੋਜ਼ਗਾਰ ਮੇਲੇ ਸਮੇਂ ਸਮੇਂ ਤੇ ਲਗਾਏ ਜਾ ਰਹੇ ਹਨ ਤਾਂਕਿ ਵੱਧ ਤੋਂ ਵੱਧ ਨੌਜਵਾਨਾਂ ਨੂੰ ਰੋਜ਼ਗਾਰ ਦਵਾਇਆ ਜਾ ਸਕੇ।ਉਨ੍ਹਾਂ ਇਹ ਵੀ ਕਿਹਾ ਕਿ, ਭਵਿੱਖ ਵਿੱਚ ਵੀ ਸਮ੍ਹੇਂ ਸਮ੍ਹੇਂ ਤੇ ਅਜਿਹੇ ਰੋਜ਼ਗਾਰ ਮੇਲੇ ਲਗਾਏ ਜਾਂਦੇ ਰਹਿਣਗੇ। ਪ੍ਰਿੰਸੀਪਲ ਆਈ ਟੀ ਆਈ ਅਤੇ ਜ਼ਿਲਾ ਰੋਜ਼ਗਾਰ ਅਫ਼ਸਰ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਇਲਾਕੇ ਦੇ ਨੌਜਵਾਨਾਂ ਨੂੰ ਇਸ ਤਰ੍ਹਾਂ ਦੇ ਸੁਨਹਿਰੀ ਮੌਕੇ ਦਾ ਲਾਹਾ ਲੈਣ ਲਈ ਵੱਡੀ ਨਫ਼ਰੀ ਵਿਚ ਸ਼ਿਰਕਤ ਕਰਨੀ ਚਾਹੀਦੀ ਹੈ।

# ਤੇਹਿੰਗ ਨਿਵਾਸੀਆਂ ਵਲੋਂ ਸਿਵਲ ਹਸਪਤਾਲ ਬਚਾਓ ਸੰਘਰਸ਼ ਕਮੇਟੀ ਵਲੋਂ ਕੀਤੇ ਜਾ ਰਹੇ ਅੰਦੋਲਨ ਵਿੱਚ ਸ਼ਮੂਲੀਅਤ ਕਰਨ ਦਾ ਫ਼ੈਸਲਾ



**ਫਿਲੌਰ (ਜੱਸੀ)**–ਸਿਵਲ ਹਸਪਤਾਲ ਬਚਾਉ ਸੰਘਰਸ਼ ਕਮੇਟੀ ਦੀ ਮੀਟਿੰਗ ਪਿੰਡ ਤੇਹਿੰਗ ਵਿਖੇ ਹੋਈ। ਜਿਸ ਦੀ ਪ੍ਰਧਾਨਗੀ ਰਾਮ ਕਿਸ਼ਨ, ਮਹਿੰਦਰ ਪਾਲ, ਮਾਸਟਰ ਹਰਕਮਲ ਸਿੰਘ, ਪ੍ਰੇਮ ਬਹਾਦਰ, ਕੁਲਦੀਪ ਸਿੰਘ, ਹਰਦੀਪ ਸਿੰਘ, ਬਲਦੇਵ ਸਿੰਘ, ਤੀਰਥ ਜੌਹਲ ਨੇ ਕੀਤੀ। ਮੀਟਿੰਗ ਵਿਚ ਸਿਵਲ ਹਸਪਤਾਲ ਬਚਾਉ ਸ਼ੰਘਰਸ਼ ਕਮੇਟੀ ਦੇ ਆਗੂ ਜਰਨੈਲ ਫਿਲੌਰ, ਵਿਸ਼ਾਲ ਖਹਿਰਾ, ਮਾ ਹੰਸ ਰਾਜ ਅਤੇ ਪਰਸ਼ੋਤਮ ਫਿਲੌਰ ਸ਼ਾਮਿਲ ਹੋਏ। ਆਗੂਆ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਅੱਜ ਦੇਸ਼ ਦੀਆਂ ਸਿਹਤ ਸਹੂਲਤਾਂ ਦਾ ਪਾਜ ਨਿਕਲਿਆ ਪਿਆ ਹੈ ਤੇ ਸੂਬੇ ਦੀ ਸਰਕਾਰ ਆਮ ਲੋਕਾਂ ਨੂੰ ਬੇਵਕੂਫ ਬਣਾਉਣ ਦਾ ਲਗਾਤਾਰ ਯਤਨ ਕਰ ਰਹੀਆਂ ਹਨ। ਡਿਸਪੈਂਸਰੀਆਂ ਬੰਦ ਕਰਕੇ ਮੁਹੱਲਾ ਕਲੀਨਿਕ ਖੋਲੇ ਜਾ ਰਹੇ ਹਨ ਤੇ ਸਰਕਾਰੀ ਹਸਪਤਾਲਾਂ ਦੇ ਹਾਲਾਤ ਬਹੁਤ ਜਿਆਦਾ ਬੱਦਤਰ ਹਨ ਆਗੂਆਂ ਨੇ ਕਿ ਫਿਲੌਰ ਸਿਵਲ ਹਸਪਤਾਲ ਨੂੰ ਬਚਾਉਣ ਲਈ 2 ਅਕਤੂਬਰ ਨੂੰ ਵੱਡੀ ਗਿਣਤੀ ਵਿੱਚ ਆਉਣ ਦੀ ਅਪੀਲ ਕੀਤੀ। ਅੰਤ ਵਿੱਚ ਮਾਸਟਰ ਹਰਕਮਲ ਸਿੰਘ ਜੀ ਨੇ ਆਏ ਹੋਏ ਸਮੂਹ ਲੋਕਾਂ ਦਾ ਧੰਨਵਾਦ ਕੀਤਾ ਅਤੇ ਵਾਅਦਾ ਕੀਤਾ ਕਿ ਇਕ ਵੱਡੀ ਗੱਡੀ ਭਰ ਕੇ ਇਸ ਅੰਦੋਲਨ ਵਿੱਚ ਸ਼ਾਮਿਲ ਹੋਣਗੇ।

# 24 ਸਤੰਬਰ ਐਤਵਾਰ ਤੋਂ ਨਿਊਜ਼ੀਲੈਂਡ ਦੀਆਂ ਘੜੀਆਂ ਇਕ ਘੰਟਾ ਅੱਗੇ ਹੋਈਆਂ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**– ਨਿਊਜ਼ੀਲੈਂਡ ਦੇ ਵਿਚ ਡੇਅ ਲਾਈਟ ਸੇਵਿੰਗ ਤਹਿਤ ਘੜੀਆਂ ਦਾ ਸਮਾਂ ਕੱਲ੍ਹ 24 ਸਤੰਬਰ ਦਿਨ ਐਤਵਾਰ ਨੂੰ ਤੜਕੇ ਸਵੇਰੇ 2 ਵਜੇ ਇਕ ਘੰਟਾ ਅੱਗੇ ਕਰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਡੇਅ ਲਾਈਟ ਸੇਵਿੰਗ ਸ਼ੁਰੂ ਹੋ ਜਾਵੇਗੀ। ਇਹ ਸਮਾਂ ਇਸੀ ਤਰ੍ਹਾਂ 07 ਅਪ੍ਰੈਲ 2024 ਤੱਕ ਜਾਰੀ ਰਹੇਗਾ ਅਤੇ ਫਿਰ ਘੜੀਆਂ ਇਕ ਘੰਟਾ ਪਿੱਛੇ ਕਰ ਦਿੱਤੀਆਂ ਜਾਣਗੀਆਂ ਤੇ ਡੇਅ ਲਾਈਟ ਸੇਵਿੰਗ ਖਤਮ ਹੋਵੇਗੀ। ਆਮ ਤੌਰ ’ਤੇ ਲੋਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਕ ਦਿਨ ਪਹਿਲਾਂ ਯਾਨਿ ਕਿ ਅੱਜ ਸ਼ਨੀਵਾਰ (23 ਸਤੰਬਰ) ਨੂੰ ਸੌਣ ਤੋਂ ਪਹਿਲਾਂ ਆਪਣੀਆਂ ਚਾਬੀ ਵਾਲੀਆਂ ਘੜੀਆਂ ਤੇ ਕੰਧ ਘੜੀਆਂ (ਟਾਈਮਪੀਸ) ਇਕ ਘੰਟਾ ਅੱਗੇ ਕਰ ਲੈਣ ਤਾਂ ਕਿ ਉਨ੍ਹਾਂ ਨੂੰ ਸਵੇਰੇ ਉਠਣ ਸਾਰ ਬਦਲਿਆ ਹੋਇਆ ਸਮਾਂ ਮਿਲ ਸਕੇ। ਸਮਾਰਟ ਫੋਨਾਂ ਦੇ ਉਤੇ ਇਹ ਸਮਾਂ ਅਕਸਰ ਆਪਣੇ ਆਪ ਬਦਲ ਜਾਂਦਾ ਹੈ। 25 ਸਤੰਬਰ ਨੂੰ ਸੂਰਜ ਸਵੇਰੇ 6.10 ਵਜੇ ਦੀ ਥਾਂ 7.08 ਉਤੇ ਚੜ੍ਹੇਗਾ ਅਤੇ ਸ਼ਾਮ 7.18 ਮਿੰਟ ਉਤੇ ਮਿਟੇਗਾ। 24 ਸਤੰਬਰ ਨੂੰ ਲੋਕਾਂ ਨੂੰ ਸੂਰਜ ਇਕ ਘੰਟਾ ਲੇਟ ਚੜ੍ਹਿਆ ਹੋਇਆ ਪ੍ਰਤੀਤ ਹੋਵੇਗਾ ਤੇ ਇਕ ਘੰਟਾ ਬਾਅਦ ਵਿਚ ਸੂਰਜ ਮਿਟਦਾ ਮਹਿਸੂਸ ਹੋਵੇਗਾ। ਦਿਨ ਦੀ ਲੰਬਾਈ ਰਹੇਗੀ 12 ਘੰਟੇ 09 ਮਿੰਟ ਅਤੇ 48 ਸੈਕਿੰਡ। ਬਦਲੇ ਹੋਏ ਸਮੇਂ ਅਨੁਸਾਰ ਜਦੋਂ ਭਾਰਤ ਵਿਚ ਦੁਪਹਿਰ ਦੇ 12 ਵੱਜਣਗੇ ਤਾਂ ਨਿਊਜ਼ੀਲੈਂਡ ਦੇ ਵਿਚ ਸ਼ਾਮ ਦੇ 7.30 ਹੋਇਆ ਕਰਨਗੇ ਜਾਂ ਕਹਿ ਲਈਏ ਜਦੋਂ ਨਿਊਜ਼ੀਲੈਂਡ ਦੁਪਹਿਰ ਦੇ 12 ਵਜੇ ਹੋਣਗੇ ਤਾਂ ਇੰਡੀਆ ਸਵੇਰ ਦੇ 4.30 ਹੋਇਆ ਕਰਨਗੇ। ਵਰਨਣਯੋਗ ਹੈ ਕਿ ਨਿਊਜ਼ੀਲੈਂਡ ਦੇ ਵਿਚ ਸਤੰਬਰ, ਅਕਤੂਬਰ ਅਤੇ ਨਵੰਬਰ ਬਸੰਤ ਦੇ ਮਹੀਨੇ ਹਨ ਅਤੇ ਬਨਸਪਤੀ ਖੂਬ ਖਿੜ ਉਠਦੀ ਹੈ। ਉਸ ਤੋਂ ਬਾਅਦ ਦਸੰਬਰ, ਜਨਵਰੀ ਅਤੇ ਫਰਵਰੀ ਗਰਮੀਆਂ ਦੇ ਮਹੀਨੇ ਹੋਣਗੇ।

ਆਸਟਰੇਲੀਆ: ਆਸਟਰੇਲੀਆ (ਸਿਡਨੀ) ਦੇ ਵਿਚ ਵੀ 01 ਅਕਤੂਬਰ ਨੂੰ ਘੜੀਆਂ ਰਾਤ 2 ਵਜੇ ਇਕ ਘੰਟਾ




ਅਗੇ ਹੋ ਜਾਣਗੀਆਂ ਅਤੇ ਇਹ ਬਦਲਿਆ ਸਮਾਂ 7 ਅਪ੍ਰੈਲ 2024 ਤੱਕ ਚੱਲੇਗਾ। ਪਰ ਆਸਟਰੇਲੀਆ ਦੇ ਉਤਰੀ ਅਤੇ ਪੱਛਮੀ ਹਿਸਿਆਂ ਵਿਖੇ ਸਮਾਂ ਨਹੀਂ ਬਦਲਦਾ ਜਿਵੇਂ ਕਿ ਕੁਈਨਜ਼ਲੈਂਡ, ਨਾਰਦਰਨ ਟੈਰੇਟਰੀ ਅਤੇ ਵੈਸਟਰਨ ਆਸਟਰੇਲੀਆ। ਬਦਲੇ ਹੋਏ ਸਮੇਂ ਅਨੁਸਾਰ ਜਦੋਂ ਭਾਰਤ ਵਿਚ ਦੁਪਹਿਰ ਦੇ 12 ਵੱਜਣਗੇ ਤਾਂ ਸਿਡਨੀ ਤੇ ਮੈਲਬੌਰਨ ਦੇ ਵਿਚ ਸ਼ਾਮ ਦੇ 05.30 ਵਜੇ ਹੋਇਆ ਕਰਨਗੇ।

# ‘‘ਜੇ ਜਿੱਤ ਗਏ ਤਾਂ ਪ੍ਰਵਾਸੀਆਂ ਦੇ ਮਾਪਿਆਂ ਲਈ ਹੋਣਗੇ ਲੰਮੇਰੇ ਵੀਜ਼ੇ’’– ਨੈਸ਼ਨਲ ਤੇ ਲੇਬਰ ਪਾਰਟੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**–ਨਿਊਜ਼ੀਲੈਂਡ ਆਮ ਚੋਣਾਂ 14 ਅਕਤੂਬਰ ਨੂੰ ਆ ਰਹੀਆਂ ਹਨ। ਇਸ ਤੋਂ ਪਹਿਲਾਂ ਦੋ ਮੁੱਖ ਰਾਜਸੀ ਪਾਰਟੀਆਂ ਨੇ ਵੱਖ-ਵੱਖ ਖੇਤਰਾਂ ਦੇ ਲਈ ਆਪਣੀਆਂ ਨੀਤੀਆਂ ਜਾਰੀ ਕਰਨੀਆਂ ਸ਼ੁਰੂ ਕਰ ਦਿੱਤੀਆਂ ਹੋਈਆਂ ਹਨ। ਪ੍ਰਵਾਸੀ ਲੋਕਾਂ ਦੀ ਚਿਰੋਕਣੀ ਮੰਗ ਕੇ ਉਨ੍ਹਾਂ ਦੇ ਮਾਪੇ ਇਥੇ ਪੱਕੇ ਬੁਲਾਏ ਜਾਣ ਦਾ ਸੌਖਾ ਤਰੀਕਾ ਹੋਵੇ ਜਾਂ ਲੰਮੇਰੇ ਸਮੇਂ ਲਈ ਆਉਣ ਦਾ ਪ੍ਰਬੰਧ ਹੋਵੇ ਨੂੰ ਮੁੱਖ ਰੱਖ ਕੇ ਪਹਿਲਾਂ ਨੈਸ਼ਨਲ ਪਾਰਟੀ ਨੇ ਆਪਣੀ ਨੀਤੀ ਜਾਰੀ ਕੀਤੀ ਅਤੇ ਫਿਰ ਲੇਬਰ ਪਾਰਟੀ ਨੇ ਉਸ ਤੋਂ ਵਧ ਕੇ ਆਪਣੀ ਨੀਤੀ ਜਾਰੀ ਕੀਤੀ। ਇਹ ਨੀਤੀਆਂ ਤਾਂ ਹੀ ਪਾਰਟੀਆਂ ਲਾਗੂ ਕਰ ਸਕਦੀਆਂ ਹਨ ਜੇਕਰ ਉਹ ਸੱਤਾ ਵਿਚ ਆਉਣਗੇ ਜਾਂ ਲੇਬਰ ਦੁਬਾਰਾ ਸੱਤਾ ਵਿਚ ਆਵੇਗੀ। ਵੋਟਰਾਂ ਨੂੰ ਭਰਮਾਉਣ ਦਾ ਇਹ ਵਧੀਆ ਮੌਕਾ ਹੈ। ਨੈਸ਼ਨਲ ਪਾਰਟੀ ਨੇ ਕਿਹਾ ਹੈ ਕਿ ਜੇਕਰ ਉਹ ਸੱਤਾ ਵਿਚ ਆ ਜਾਂਦੇ ਹਨ ਤਾਂ 5 ਸਾਲ ਲਈ ਮਾ-ਪਿਆਂ ਨੂੰ ‘ਪੇਰੇਂਟ ਬੂਸਟ ਵੀਜ਼ਾ’ ਹੋਏਗਾ, ਜਿੰਨੀ ਵਾਰ ਮਰਜ਼ੀ ਆਉਣ ਅਤੇ ਇਹ ਖਤਮ ਹੋਣ ਉਤੇ 5 ਸਾਲ ਦਾ ਹੋਰ ਵੀਜ਼ਾ ਹੋਵੇਗਾ। ਮਾਪਿਆਂ ਨੂੰ ਸਿਹਤ ਇੰਸ਼ੋਰੈਂਸ ਲੈਣੀ ਹੋਵੇਗੀ ਅਤੇ ਸਰਕਾਰ ਕੋਈ ਵੀ




ਲਾਭਕਾਰੀ ਭੱਤਾ ਜਾਂ ਸਹੂਲਤ ਦੇਣ ਦੇ ਸਮਰੱਥ ਨਹੀਂ ਹੋਵੇਗੀ।

ਲੇਬਰ ਪਾਰਟੀ ਨੇ ਕਿਹਾ ਹੈ ਕਿ ਉਹ ਮਾਪਿਆਂ ਲਈ ਸੁਪਰ ਵੀਜ਼ਾ ਜੋ ਕਿ 10 ਸਾਲ ਦਾ ਹੋਵੇਗਾ ਪਹਿਲੇ 100 ਦਿਨਾਂ ਦੇ ਵਿਚ ਲੈ ਕੇ ਆਵੇਗੀ ਜੇਕਰ ਉਹ ਦੁਬਾਰਾ ਸੱਤਾ ਵਿਚ ਆਉਂਦੇ ਹਨ ਤਾਂ। ਇਸ ਵੀਜ਼ੇ ਤਹਿਤ ਵੀ ਜਿੰਨੀ ਵਾਰ ਮਰਜ਼ੀ ਆਇਆ ਜਾ ਸਕੇਗਾ। ਇਸ ਤੋਂ ਇਲਾਵਾ 10 ਸਾਲਾਂ ਤੋਂ ਇਥੇ ਮਿਆਦ ਪੁੱਗੇ ਵੀਜ਼ੇ ਨਾਲ ਰਹਿ ਰਹੇ ਲੋਕਾਂ ਨੂੰ ਵੀ ਪੱਕਿਆਂ ਕੀਤਾ ਜਾਵੇਗਾ। ਲੇਬਰ ਨੇ ਕਿਹਾ ਹੈ ਕਿ ‘‘ਅਸੀਂ ਆਪਣੇ ਪਹਿਲੇ 100 ਦਿਨਾਂ ਵਿੱਚ 10 ਸਾਲ ਜਾਂ ਇਸ ਤੋਂ ਵੱਧ ਸਮੇਂ ਤੋਂ ਨਿਊਜ਼ੀਲੈਂਡ ਵਿੱਚ ਰਹਿਣ ਵਾਲੇ ਚੰਗੀ ਤਰ੍ਹਾਂ ਸੈਟਲ ਓਵਰਸਟੇਅਰਾਂ ਲਈ ਇੱਕ ਵਾਰ ਨਿਯਮਤਕਰਨ ਪ੍ਰੋਗਰਾਮ ਪ੍ਰਦਾਨ ਕਰਨ ਲਈ ਕਾਨੂੰਨ ਪਾਸ ਕਰਾਂਗੇ।’’ ਇਸ ਅਧੀਨ 14 ਤੋਂ 20 ਹਜ਼ਾਰ ਲੋਕ ਆ ਸਕਦੇ ਹਨ। ਆਮ ਚੋਣਾਂ ਤੋਂ ਪਹਿਲਾਂ ਪ੍ਰਵਾਸੀ ਵੋਟਰਾਂ ਦੇ ਲਈ ਅਜਿਹੇ ਐਲਾਨ ਕਰਨਾ ਭਰਮਾਉਣ ਵਾਂਗ ਜਾਪਦੇ ਹਨ ਜਦ ਕਿ ਸੱਤਾ ਦਾ ਸੁੱਖ ਮਾਣਦਿਆਂ ਇਨ੍ਹਾਂ ਗੱਲਾਂ ਦੀ ਪ੍ਰਵਾਹ ਨਹੀਂ ਕੀਤੀ ਗਈ। ਲਗਦਾ ਹੈ ਵੋਟਰ ਵੀ ਅੱਜਕੱਲ੍ਹ ਇੰਝ ਹੀ ਹਨ ਜਿਵੇਂ ‘ਕਪਾਹ ਦੀ ਫੁੱਟੀ ਜਿੱਥੇ ਰੱਖੀ ਉਥੇ ਲੁੱਟੀ।’







# ਸੰਤ ਕ੍ਰਿਸ਼ਨ ਨਾਥ ਚਿਹੇੜੂ ਵਾਲਿਆਂ ਨੇ ਲੇਖਕ ਰਾਜੇਸ਼ ਭਬਿਆਣਾ ਨੂੰ ਕੀਤਾ ਸਨਮਾਨਿਤ

**ਫਗਵਾੜਾ 22 ਸਤੰਬਰ (ਬੀ.ਕੇ.ਰੱਤੂ)–** ਸਤਿਗੁਰੂ ਰਵਿਦਾਸ ਮਹਾਰਾਜ ਜੀ, ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਮਿਸ਼ਨ ਨੂੰ ਸਮਰਪਿਤ ਬਹੁਜਨ ਸਮਾਜ ਦੇ ਕ੍ਰਾਂਤੀਕਾਰੀ ਸੰਤ ਕ੍ਰਿਸ਼ਨ ਨਾਥ ਜੀ ਵਲੋਂ ਬਹੁਜਨ ਸਮਾਜ ਦੇ ਲੇਖਕ ਰਾਜੇਸ਼ ਭਬਿਆਣਾ ਦਾ ਬਹੁਜਨ ਸਮਾਜ ਦੀ ਜਾਗ੍ਰਿਤੀ ਹਿੱਤ ਯੋਗਦਾਨ ਲਈ ਵਿਸ਼ੇਸ਼ ਸਨਮਾਨ ਕੀਤਾ ਗਿਆ । ਇਸ ਮੌਕੇ ਤੇ ਰਾਜੇਸ਼ ਭਬਿਆਣਾ ਨੇ ਆਪਣੀ ਨਵ ਪ੍ਰਕਾਸ਼ਿਤ ਪੁਸਤਕ ਸੰਤ ਕ੍ਰਿਸ਼ਨ ਨਾਥ ਜੀ ਨੂੰ ਮਾਤਾ ਰਮਾਬਾਈ ਅੰਬੇਡਕਰ ਜੀਵਨੀ ਭੇਂਟ ਕੀਤੀ ਗਈ। ਇਸ ਮੌਕੇ ਆਵਾਜੇ ਕੌਮ ਸੰਤ ਕ੍ਰਿਸ਼ਨ ਨਾਥ ਜੀ ਨੇ ਆਪਣੇ ਪ੍ਰਵਚਨਾਂ ਨਾਲ ਸੰਗਤਾਂ ਨੂੰ ਨਿਹਾਲ ਕਰਦਿਆ ਸਮਾਜ ਸਰਬਪੱਖੀ ਵਿਕਾਸ ਲਈ ਪੜ੍ਹਾਈ ਲਿਖਾਈ ਦਾ ਮਹੱਤਵ ਸਮਝਾਇਆ ਉਨ੍ਹਾਂ ਕਿਹਾ ਸਾਨੂੰ ਆਪਣੇ ਮਹਾਂਪੁਰਸ਼ਾਂ ਦੇ ਇਤਿਹਾਸ ਨੂੰ ਪੜ੍ਹ ਕੇ ਆਪਣੇ




ਜੀਵਨ ਵਿੱਚ ਆਪਣਾਉਣ ਦੀ ਬਹੁਤ ਜਰੂਰਤ ਹੈ। ਉਨ੍ਹਾਂ ਨੇ ਰਾਜੇਸ਼ ਭਬਿਆਣਾ ਨੂੰ ਸਮਾਜ ਹਿੱਤ ਪਾਏ ਜਾ ਰਹੇ ਯੋਗਦਾਨ ਲਈ ਆਪਣਾ ਪਿਆਰ ਭਰਿਆ ਅਸ਼ੀਰਵਾਦ ਦਿੱਤਾ। ਉਨ੍ਹਾਂ ਨੇ ਰਾਜੇਸ਼ ਭਬਿਆਣਾ ਤੇ ਉਨ੍ਹਾਂ ਦੀ ਜੀਵਨ ਸਾਥੀ ਸ਼ਿਲਪਾ ਸਿਰੋਪਾਓ ਨਾਲ ਸਨਮਾਨਿਤ ਕੀਤਾ। ਇਸ ਮੌਕੇ ਮਾਤਾ ਸਵਿਤਰੀ ਬਾਈ ਫੂਲ਼ੇ ਮੁਫ਼ਤ ਟਿਊਸ਼ਨ ਸੈਂਟਰ ਦੇ ਬੱਚਿਆਂ ਨੂੰ ਚੰਗੀ ਪੜਾਈ ਕਰਨ ਲਈ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸਮੂਹ ਪ੍ਰਬੰਧਕ ਹਾਜ਼ਰ ਸਨ।

# ਹਮਿਲਟਨ ਸਿਟੀ ਕੌਂਸਿਲ ਵੱਲੋਂ ਸ. ਜਰੈਨਲ ਸਿੰਘ ਰਾਹੋਂ ਨੂੰ ਕਮਿਊਨਿਟੀ ਹੀਰੋ ਨਾਗਰਿਕ ਪੁਰਸਕਾਰ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਸਥਾਨਿਕ ਨਗਰ ਕੌਂਸਿਲਾਂ ਜਿੱਥੇ ਸ਼ਹਿਰ ਦਾ ਸ਼ਹਿਰੀ ਕਰਨ ਵੇਲੇ ਬਹੁਪੱਖੀ ਖਿਆਲ ਰੱਖਦੀਆਂ ਹਨ ਉਥੇ ਆਪਣੇ ਸ਼ਹਿਰੀ ਨਾਗਰਿਕਾਂ ਵੱਲੋਂ ਸਹਿਯੋਗੀ ਬਣ ਕੇ ਕੀਤੇ ਜਾਣ ਵਾਲੇ ਸਮਾਜਿਕ ਕਾਰਜਾਂ ਦੇ ਵਿਚ ਉਨ੍ਹਾਂ ਨੂੰ ਮਾਨਤਾ ਦੇ ਕੇ ਨਿਵਾਜਣਾ ਕਦੇ ਨਹੀਂ ਭੁੱਲਦੀਆਂ। ਹੁਣ ਹਮਿਲਟਨ ਸਿਟੀ ਕੌਂਸਿਲ ਵੱਲੋਂ ਕਮਿਊਨਿਟੀ ਕਾਰਜਾਂ ਦੇ ਵਿਚ ਕਮਿਊਨਿਟੀ ਹੀਰੋ ਵਾਂਗ ਭੂਮਿਕਾ ਨਿਭਾਉਣ ਵਾਲੇ ਸ. ਜਰਨੈਲ ਸਿੰਘ ਰਾਹੋਂ ਹੋਰਾਂ ਨੂੰ ਬੀਤੇ ਕੱਲ੍ਹ ਕੌਂਸਿਲ ਦੇ ਸਲਾਨਾ 'ਸਿਵਿਕ ਐਵਾਰਡਜ਼ 2023' ਸਮਾਰੋਹ ਦੇ ਵਿਚ 'ਸਿਵਿਕ ਐਵਾਰਡ' (ਨਾਗਰਿਕ ਪੁਰਸਕਾਰ) ਨਾਲ ਸਨਮਾਨਿਤ ਕੀਤਾ ਗਿਆ। ਹਮਿਲਟਨ ਸਿਟੀ ਕੌਂਸਿਲ ਦੀ ਮੇਅਰ ਪਾਉਲਾ ਸਾਊਥਗੇਟ ਨੇ ਭਰਵੇਂ ਸਮਾਗਮ ਦੇ ਵਿਚ ਇਹ ਐਵਾਰਡ ਸ. ਜਰਨੈਲ ਸਿੰਘ ਰਾਹੋਂ ਹੋਰਾਂ ਨੂੰ ਭੇਟ ਕੀਤਾ। ਰਾਹੋਂ ਦਾ ਜਰਨੈਲ ਸੱਚਮੁੱਚ ਹਮਿਲਟਨ ਵਾਲੇ ਪਾਸੇ ਕੌਂਸਿਲ ਦਾ ਹੀਰੋ ਬਣ ਕੇ ਹੋਰ ਜ਼ਿੰਮੇਵਾਰੀ ਨਾਲ ਸਮਾਜ ਸੇਵਾ ਵਿਚ ਡਟੇ ਰਹਿਣ ਲਈ ਪੱਕਾ ਹੋ ਗਿਆ ਹੈ। ਸ. ਜਰਨੈਲ ਸਿੰਘ ਰਾਹੋਂ ਨੇ ਇਹ ਐਵਾਰਡ ਆਪਣੇ ਸਾਰੇ ਸਹਿਯੋਗੀ ਮੈਂਬਰਾਂ ਦੀ ਮਿਹਨਤ ਨੂੰ ਸਮਰਪਿਤ ਕੀਤਾ। ਪੰਜਾਬੀ ਮੀਡੀਆ ਕਰਮੀਆਂ ਰੇਡੀਓ ਸਪਾਈਸ, ਪੰਜਾਬੀ ਹੈਰਲਡ, ਕੂਕ ਸਮਾਚਾਰ ਤੇ ਡੇਲੀ ਖਬਰ ਵੱਲੋਂ ਉਨ੍ਹਾਂ ਨੂੰ ਵਧਾਈ ਦਿੱਤੀ ਗਈ।




ਜਰਨੈਲ ਸਿੰਘ ਦਾ ਰਾਹੋਂ ਤੋਂ ਹਮਿਲਟਨ ਦਾ ਸਫ਼ਰ: 54 ਕੁ ਸਾਲਾ ਸ. ਜਰਨੈਲ ਸਿੰਘ ਰਾਹੋਂ ਫਰਵਰੀ 2008 ਵਿੱਚ ਨਿਊਜ਼ੀਲੈਂਡ ਵਿੱਚ ਆਏ ਸਨ। ਲੰਬੇ ਸਮੇਂ ਤੋਂ ਉਹ ਸ਼ਹੀਦੇ ਆਜਮ ਸ. ਭੱਗਤ ਸਿੰਘ ਟਰੱਸਟ ਨਾਲ ਜੁੜ ਕੇ ਕਮਿਊਨਟੀ ਦੀ ਸੇਵਾ ਕਰ ਰਹੇ ਹਨ ਜਿਸ ਵਿੱਚ ਸਲਾਨਾ ਖ਼ੂਨਦਾਨ ਕੈਂਪ, ਰੁੱਖ ਲਗਾਓ ਅਭਿਆਨ, ਖੇਡ ਸਰਗਰਮੀਆਂ, ਪੰਜਾਬੀ ਸਕੂਲ, ਗਿੱਧਾ-ਭੰਗੜਾ ਕਲਾਸਾਂ, ਦਸਤਾਰ ਸਿੱਖਲਾਈ, ਕੋਵਿੱਡ-19 ਦੇ ਵਿੱਚ ਮੁਫ਼ਤ ਫੂਡ ਪਾਰਸਲ ਬੈਗ ਲੋੜਬੰਦ ਵਿਆਕਤੀਆਂ ਨੂੰ ਵੰਡਣੇ ਆਦਿ ਸ਼ਾਮਿਲ ਰਹੇ ਹਨ।

ਇਸ ਤੋਂ ਇਲਾਵਾ ਹੋਰ ਅਨੇਕਾਂ ਹੋਰ ਸਮਾਜ ਭਲਾਈ ਦੇ ਕੰਮਾਂ ਵਿੱਚ ਵੀ ਯੋਗਦਾਨ ਪਾ ਰਹੇ ਹਨ ਤੇ ਪੰਜਾਬੀ ਕਮਿਊਨਟੀ ਦੇ ਖੇਡ ਮੇਲਿਆਂ 'ਤੇ ਆਪਣੀ ਬੁਲੰਦ ਆਵਾਜ਼ ਵਿੱਚ ਮਾਂ ਬੋਲੀ ਪੰਜਾਬੀ ਅਤੇ ਮਾਂ ਖੇਡ ਕਬੱਡੀ ਦੇ ਕੁੈਮੈਂਟੇਟਰ ਦੇ ਤੌਰ 'ਤੇ ਸੇਵਾ ਕਰ ਰਹੇ ਹਨ

ਇਥੇ ਆਉਣ ਤੋ ਪਹਿਲਾਂ ਉਹ ਰੇਲ ਕੋਚ ਫੈਕਟਰੀ ਕਪੂਰਥਲਾ ਵਿੱਚ ਸਰਵਿਸ ਕਰਦਿਆਂ ਵਰਕਰਾਂ ਦੇ ਹੱਕਾਂ ਲਈ ਸ਼ੰਘਰਸ਼ ਵਿੱਚ ਮੋਹਰਲੀ ਕਤਾਰ ਦੇ ਆਗੂਆਂ ਵਿੱਚੋਂ ਸਨ। ਜਰਨੈਲ ਸਿੰਘ ਰਾਹੋਂ ਮੁਤਾਬਕ ਟਰੱਸਟ ਦੀ ਸਾਰੀ ਟੀਮ ਤੇ ਉਸ ਦੇ ਪ੍ਰੀਵਾਰ ਨੂੰ ਇਸ ਐਵਾਰਡ ਦਾ ਸਿਹਰਾ ਜਾਂਦਾ ਹੈ। ਐਵਾਰਡ ਪ੍ਰਾਪਤ ਕਰਨ ਸਮੇਂ ਉਹਨਾਂ ਦੇ ਨਾਲ ਜੈਨੀ ਨੰਦ , ਅਤੁੱਲ ਸ਼ਰਮਾਂ, ਮੋਨਕਾ ਥੌਰ ਪੁਰੇਵਾਲ, ਹਰਗੁਣਜੀਤ ਸਿੰਘ, ਹਰਜੀਤ ਕੌਰ, ਗੁਰਬਾਜ ਸਿੰਘ ਤੇ ਪਤਨੀ ਜਸਵਿੰਦਰ ਕੌਰ ਰਾਹੋਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸ. ਜਰਨੈਲ ਸਿੰਘ ਰਾਹੋਂ ਵੱਲੋਂ ਹਮਿਲਟਿਨ ਸਿੱਟੀ ਕੌਂਸਿਲ ਦੀ ਮੇਅਰ ਪਾਉਲਾ ਸਾਉਥਗੇਟ, ਕੌਂਸਲਰ ਐਮਾ ਪਾਇਕ ਤੇ ਸਾਰੀ ਟੀਮ ਦਾ ਵਿਸ਼ੇਸ਼ ਤੌਰ 'ਤੇ ਐਵਾਰਡ ਲਈ ਧੰਨਵਾਦ ਕੀਤਾ।

# ਹੁਸੈਨੀ ਵਾਲਾ ਅਤੇ ਬਾਹਗਾ ਵਾਰਡਰ ਸੜਕੀ ਰਾਸਤੇ ਵਪਾਰ ਬਿਨਾਂ ਸ਼ਰਤ ਖੋਲ੍ਹਣ ਦੀ ਮੰਗ



**ਫਿਲੌਰ ( ਜੱਸੀ)–** ਟਰੱਕ ਯੂਨੀਅਨ ਫ਼ਿਲੌਰ ਅਤੇ ਕਿਰਤੀ ਕਿਸਾਨ ਯੂਨੀਅਨ ਫਿਲੌਰ ਵੱਲੋਂ ਆਪਣੇ ਸੈਂਕੜੇ ਸਾਥੀਆਂ ਨਾਲ ਟਰੱਕ ਯੂਨੀਅਨ ਪ੍ਰਧਾਨ ਰਣਜੀਤ ਸਿੰਘ, ਲਖਵੀਰ ਸਿੰਘ ਜੋਹਲ ਦੀ ਅਗਵਾਈ ਹੇਠ ਜਲੰਧਰ ਵਿਖੇ ਪੁੱਜ ਕੇ ਆਪਣੇ ਸਾਥੀਆਂ ਨਾਲ ਰੋਸ ਮਾਰਚ ਕੱਢਿਆ ਗਿਆ।

ਇਸ ਮੌਕੇ ਉਨਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪਾਕਿਸਤਾਨ ਅਤੇ ਹੋਰਾਂ ਦੇਸ਼ਾਂ ਨਾਲ ਸੜਕੀ ਆਵਾਜਾਈ ਦਾ ਵਪਾਰ ਸ਼ੁਰੂ ਕੀਤਾ ਜਾਵੇ ਜਿਸ ਨਾਲ ਪੰਜਾਬ ਵਿੱਚ ਰੋਜ਼ਗਾਰ ਵਧੇਗਾ। ਉਨ੍ਹਾਂ ਕਿਹਾ ਕਿ ਕਿਸਾਨੀ ਨਾਲ ਜੁੜੇ ਲੱਖਾਂ ਲੋਕਾਂ ਨੂੰ ਰੋਜ਼ਗਾਰ ਮਿਲੇਗਾ ਅਤੇ ਪੰਜਾਬ ਦਾ ਰੈਵੀਨਿਊ ਵਧੇਗਾ। ਉਨ੍ਹਾਂ ਮੰਗ ਕੀਤੀ ਕਿ ਜਲਦ ਤੋਂ ਜਲਦ ਹੁਸੈਨੀਵਾਲਾ ਅਤੇ ਵਾਹਗਾ ਬਾਰਡਰ ਖੋਲਿਆ ਜਾਵੇ ਤਾਂ ਜੋਂ ਇੱਕ ਦੂਜੇ ਨਾਲ ਪੰਜਾਬ ਵਿੱਚ ਪੈਦਾ ਹੋਣ ਵਾਲੀਆਂ ਵਸਤਾਂ ਦਾ ਅਦਾਨ ਪ੍ਰਦਾਨ ਕੀਤਾ ਜਾਵੇ। ਇਸ ਮੌਕੇ ਸਤਿੰਦਰ ਸਿੰਘ ਧੰਜੂ, ਚਮਕੌਰ ਸਿੰਘ, ਮੁਕੇਸ਼ ਕੁਮਾਰ, ਬਲਜੀਤ ਸਿੰਘ, ਪਰਮਿੰਦਰ ਸਿੰਘ ਅਤੇ ਹੋਰ ਹਾਜਰ ਸਨ।

# ਪਠਾਨਕੋਟ ਪੁਲਿਸ ਨੇ ਸਾਈਬਰ ਫਰਾਡ ਦਾ ਕੀਤਾ ਪਰਦਾਫਾਸ਼

**ਪਠਾਨਕੋਟ: (ਰਾਜਿੰਦਰ ਸਿੰਘ ਰਾਜਨ)** ਸਾਈਬਰ ਕ੍ਰਾਈਮ ਦੇ ਖਿਲਾਫ ਇੱਕ ਨਿਰਣਾਇਕ ਕਦਮ ਵਿੱਚ, ਪਠਾਨਕੋਟ ਪੁਲਿਸ ਦੇ ਸਾਈਬਰ ਕ੍ਰਾਈਮ ਸੈੱਲ ਨੇ ਇੱਕ ਸਾਈਬਰ ਧੋਖਾਧੜੀ ਦੇ ਮਾਮਲੇ ਦਾ ਸਫਲਤਾਪੂਰਵਕ ਪਰਦਾਫਾਸ਼ ਕੀਤਾ ਹੈ, ਜਿਸ





ਵਿੱਚ ਤੇਜ਼ੀ ਨਾਲ 3,50,000 ਰੁਪਏ ਦੀ ਵਸੂਲੀ ਕੀਤੀ ਗਈ ਹੈ ਅਤੇ ਨਜਾਇਜ਼ ਤੌਰ ਤੇ ਪ੍ਰਾਪਤ ਕੀਤੀ ਗਈ ਰਕਮ ਪੀੜਤ ਨੂੰ ਵਾਪਸ ਕਰ ਦਿੱਤੀ ਗਈ ਹੈ। ਧੋਖਾਧੜੀ ਦੀ ਸਕੀਮ ਦੇ ਸ਼ਿਕਾਰ ਸਤਨਾਮ ਸਿੰਘ ਵੱਲੋਂ ਪਠਾਨਕੋਟ ਪੁਲਿਸ ਦੇ ਸਾਈਬਰ ਸੈੱਲ ਨੂੰ ਕੀਤੀ ਸ਼ਿਕਾਇਤ ਤੋਂ ਬਾਅਦ ਤੁਰੰਤ ਜਵਾਬ ਦਿੱਤਾ ਗਿਆ। ਸੀਨੀਅਰ ਕਪਤਾਨ ਪੁਲਿਸ ਹਰਕਮਲ ਪ੍ਰੀਤ ਸਿੰਘ ਖੱਖ ਨੇ ਪ੍ਰੈੱਸ ਕਾਨਫਰੰਸ ਦੌਰਾਨ ਮਾਮਲੇ ਦੀ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸ਼ਿਕਾਇਤ ਮਿਲਣ ਤੇ ਸਾਈਬਰ ਸੈੱਲ ਦੀ ਇੰਚਾਰਜ ਸਬ-ਇੰਸਪੈਕਟਰ ਦਿਲਪ੍ਰੀਤ ਕੌਰ ਨੇ ਡੀ.ਐੱਸ.ਪੀ ਹੈੱਡਕੁਆਰਟਰ ਨਛੱਤਰ ਸਿੰਘ ਦੀ ਅਗਵਾਈ ਵਿੱਚ ਮਾਮਲੇ ਦੀ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਸੀ। ਉਹਨਾਂ ਦੇ ਯਤਨਾਂ ਨੇ ਮਹੱਤਵਪੂਰਨ ਸਫਲਤਾਵਾਂ ਵੱਲ ਅਗਵਾਈ ਕੀਤੀ, ਆਖਰਕਾਰ ਧੋਖੇਬਾਜ਼ਾਂ ਦੁਆਰਾ ਵਰਤੀ ਗਈ ਧੋਖੇਬਾਜ਼ ਢੰਗ-ਤਰੀਕੇ ਦਾ ਪਰਦਾਫਾਸ਼ ਕੀਤਾ ਗਿਆਂ ਹੈ।

ਅਪਰਾਧੀ ਬਹੁਤ ਹੀ ਚਾਲਾਕ ਤਰੀਕੇ ਨਾਲ ਤੁਹਾਡੇ ਪੀੜਤ ਰਿਸ਼ਤੇਦਾਰਾਂ ਹੋਣ ਦੀ ਨਕਲ ਕਰਨਗੇ, ਅਤੇ ਡਾਕਟਰੀ ਐਮਰਜੈਂਸੀ ਦੇ ਪਰਦੇ ਦਾ ਲਾਭ ਉਠਾਉਂਦੇ ਹੋਏ, ਕਥਿਤ ਡਾਕਟਰੀ ਇਲਾਜਾਂ ਲਈ ਫੰਡਾਂ ਦੀ ਮੰਗ ਕਰਨਗੇ। ਸੋਸ਼ਲ ਮੀਡੀਆ ਰਾਹੀਂ ਨਿੱਜੀ ਵੇਰਵਿਆਂ ਤੱਕ ਪਹੁੰਚ ਪ੍ਰਾਪਤ ਕਰਕੇ, ਉਹ ਆਪਣੇ ਆਪ ਨੂੰ ਪਰਿਵਾਰ ਦੇ ਭਰੋਸੇਯੋਗ ਮੈਂਬਰਾਂ ਵਜੋਂ ਪੇਸ਼ ਕਰਨਗੇ, ਅਤੇ ਤੁਹਾਨੂੰ ਵਿੱਤੀ ਸਹਾਇਤਾ ਸਾਂਝੀ ਕਰਨ ਦੀ ਅਪੀਲ ਕਰਨਗੇ। ਸਾਈਬਰ ਅਤੇ ਟੈਕਨੀਕਲ ਸੈੱਲ ਨੇ ਤਨਦੇਹੀ ਨਾਲ ਜਾਂਚ ਕਰਕੇ, ਇਸ ਦਾ ਪਤਾ ਲਗਾਇਆ ਅਤੇ ਆਖਰਕਾਰ ਡਾਕਟਰੀ ਇਲਾਜ ਲਈ ਫੰਡਾਂ ਦੇ ਰੂਪ ਵਿੱਚ ਲੁੱਟੀ ਗਈ ਰਕਮ ਨੂੰ ਬਰਾਮਦ ਕੀਤਾ ਹੈ।

ਐਸਐਸਪੀ ਖੱਖ ਨੇ ਆਮ ਲੋਕਾਂ ਨੂੰ ਅਣਜਾਣ ਵਿਅਕਤੀਆਂ ਨਾਲ ਨਿੱਜੀ ਅਤੇ ਵਿੱਤੀ ਵੇਰਵੇ ਸਾਂਝੇ ਕਰਨ ਤੋਂ ਰੋਕਣ ਦੀ ਸਲਾਹ ਦਿੰਦੇ ਹੋਏ ਸਾਵਧਾਨੀ ਅਤੇ ਚੌਕਸੀ ਵਰਤਣ ਦੀ ਅਪੀਲ ਕੀਤੀ ਹੈ। ਉਨ੍ਹਾਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਪਠਾਨਕੋਟ ਪੁਲਿਸ 24*7 ਚੌਕਸ ਅਤੇ ਪਹੁੰਚਯੋਗ ਹੈ, ਜਿਸ ਨਾਲ ਵਿਅਕਤੀਆਂ ਨੂੰ ਸਾਈਬਰ ਅਪਰਾਧਾਂ ਦੀ ਤੁਰੰਤ ਰਿਪੋਰਟ ਕਰਨ ਅਤੇ ਹੋਰ ਸਾਈਬਰ ਧੋਖਾਧੜੀਆਂ ਨੂੰ ਰੋਕਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

# ਸਕੇਪ ਸਾਹਿਤਕ ਸੰਸਥਾ ਵਲੋਂ ਕਰਵਾਏ ਕਵੀ ਦਰਬਾਰ 'ਚ ਕਵੀਆਂ ਨੇ ਕਵਿਤਾਵਾਂ ਸੁਣਾ ਕੇ ਬੰਨਿਆ ਰੰਗ

## ਲੇਖਕਾਂ ਨੂੰ ਲੋਕ-ਹਿਤੂ ਸਾਹਿਤ ਸਿਰਜਣ ਵੱਲ ਧਿਆਨ ਦੇਣਾ ਚਾਹੀਦਾ ਹੈ – ਸੁੱਖੀ ਬਾਠ

**ਫਗਵਾੜਾ, (ਬੀ.ਕੇ.ਰੱਤੂ)–** ਸਕੇਪ ਸਾਹਿਤਕ ਸੰਸਥਾ (ਰਜਿ:) ਫਗਵਾੜਾ ਵਲੋਂ ਕਰਵਾਏ ਗਏ ਭਰਵੇਂ ਸਮਾਗਮ ਦੀ ਪ੍ਰਧਾਨਗੀ ਮੰਡਲ ਵਿੱਚ ਮੁੱਖ ਮਹਿਮਾਨ ਪੰਜਾਬ ਭਵਨ ਸਰੀ (ਕੈਨੇਡਾ) ਦੇ ਬਾਨੀ ਸੁੱਖੀ ਬਾਠ ਦੇ ਨਾਲ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਸੰਸਥਾ ਪ੍ਰਧਾਨ ਪਰਵਿੰਦਰ ਜੀਤ ਸਿੰਘ ਅਤੇ ਐਡਵੋਕੇਟ ਐਸ.ਐਲ.ਵਿਰਦੀ ਸ਼ਾਮਲ ਹੋਏ। ਮੁੱਖ ਮਹਿਮਾਨ ਸੁੱਖੀ ਬਾਠ ਅਤੇ ਹਾਜ਼ਰ ਸਾਹਿਤਕਾਰਾਂ ਨੂੰ ਜੀ ਆਇਆਂ ਆਖਦਿਆਂ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਆਖਿਆ ਕਿ ਸੁੱਖੀ ਬਾਠ ਵਿਸ਼ਵ ਪੱਧਰ 'ਤੇ ਜਿਥੇ ਵੀ ਪੰਜਾਬੀ ਵਸਦੇ ਹਨ ਉਥੇ ਤੱਕ ਪੰਜਾਬੀ, ਪੰਜਾਬ ਅਤੇ ਪੰਜਾਬੀਅਤ ਦਾ ਪ੍ਰਚਾਰ ਕਰਦੇ ਹਨ। ਸਕੇਪ ਸਾਹਿਤਕ ਸੰਸਥਾ ਵੀ ਇਸੇ ਆਸ਼ੇ ਨਾਲ ਉਹਨਾ ਨਾਲ ਜੁੜੀ ਹੋਈ ਹੈ। ਸੁੱਖੀ ਬਾਠ ਜਦੋਂ ਵੀ ਪੰਜਾਬ ਆਉਂਦੇ ਹਨ ਤਾਂ ਇਸ ਸੰਸਥਾ ਨੂੰ ਜ਼ਰੂਰ ਨਿਵਾਜਦੇ ਹਨ। ਉਹ ਵਿਸ਼ਵ ਪੱਧਰ ਤੇ ਲੋੜਵੰਦ ਲੇਖਕਾਂ ਦੀਆਂ ਪੁਸਤਕਾਂ ਛਾਪਣ ਅਤੇ ਲੋਕਾਂ ਤੱਕ ਪਹੁੰਚਾਉਣ ਵਿੱਚ ਮਦਦ ਕਰਦੇ ਹਨ। ਸੁੱਖੀ ਬਾਠ ਨੇ ਇਸ ਮੌਕੇ 'ਤੇ ਬੋਲਦਿਆਂ ਆਖਿਆ ਕਿ ਲੇਖਕਾਂ, ਬੁੱਧੀਜੀਵੀਆਂ ਨੂੰ ਲੋਕ ਹਿੱਤ ਵਿੱਚ ਸਾਹਿਤ ਰਚਣਾ ਚਾਹੀਦਾ ਹੈ। ਲੋੜਵੰਦ ਲੋਕਾਂ ਦੀ ਮਦਦ ਆਪਣੀ ਸਮਰੱਥਾ ਮੁਤਾਬਿਕ ਜ਼ਰੂਰ ਕਰਨੀ ਚਾਹੀਦੀ ਹੈ। ਉਹਨਾ ਨੇ ਸਰੀ (ਕੈਨੇਡਾ) ਅਤੇ ਜਲੰਧਰ ਵਿੱਚ "ਪੰਜਾਬ ਭਵਨ" ਖੋਲ ਰੱਖਿਆ ਹੈ। ਉਹ ਹਰ ਸਾਲ ਪੰਜਾਬੀ ਪਿਆਰਿਆਂ ਨੂੰ ਇਕੱਠੇ ਕਰਕੇ ਪੰਜਬੀ ਨੂੰ ਪ੍ਰਫੁੱਲਤ ਕਰਨ ਲਈ ਯਤਨ ਕੀਤਾ ਜਾਵੇਗਾ।



ਸਮਾਗਮ ਵਿੱਚ ਹੋਏ ਕਵੀ ਦਰਬਾਰ ਵਿੱਚ ਰਵਿੰਦਰ ਚੋਟ, ਸੁਖਦੇਵ ਗੰਢਵਾ, ਪ੍ਰਿੰਸੀਪਲ ਇੰਦਰਜੀਤ ਸਿੰਘ ਵਾਸੂ, ਮਨੋਜ ਫਗਵਾੜਵੀ, ਬਲਵੀਰ ਕੌਰ ਬੱਬੂ ਸੈਣੀ, ਜਸਵਿੰਦਰ ਫਗਵਾੜਾ, ਕਰਮਜੀਤ ਸਿੰਘ ਸੰਧੂ, ਰਵਿੰਦਰ ਚੋਟ, ਹਰਚਰਨ ਭਾਰਤੀ, ਉਰਮਲਜੀਤ ਸਿੰਘ ਵਾਲੀਆ, ਜਸਪਾਲ ਜੀਰਵੀ, ਸੀਤਲ ਰਾਮ ਬੰਗਾ, ਸੁਰਜੀਤ ਸਿੰਘ ਬੁਲਾੜੀ ਕਲਾਂ, ਸੋਹਣ ਸਹਿਜਲ, ਲਸ਼ਕਰ ਸਿੰਘ ਢੰਡਵਾੜਵੀ, ਰਵਿੰਦਰ ਸਿੰਘ ਰਾਏ, ਨਗੀਨਾ ਸਿੰਘ ਬਲੱਗਣ, ਮਾਸਟਰ ਸੁਖਦੇਵ ਸਿੰਘ, ਗੁਰਨਾਮ ਸਿੰਘ ਬਾਵਾ, ਸੋਹਣ ਸਿੰਘ ਭਿੰਡਰ, ਕਮਲੇਸ਼ ਸੰਧੂ ਅਤ ਸੁਖਦੇਵ ਸਿੰਘ ਸਾਬੀ ਆਦਿ ਕਵੀਆਂ ਨੇ ਆਪਣੀਆਂ ਤਾਜ਼ੀਆਂ ਕਵਿਤਾਵਾਂ ਸੁਣਾਕੇ ਰੰਗ ਬੰਨਿਆ। ਸੁੱਖੀ ਬਾਠ ਅਤੇ ਹਾਜ਼ਰ ਕਵੀਆਂ ਦਾ ਧੰਨਵਾਦ ਕਰਦਿਆਂ ਐਡਵੋਕੇਟ ਐਸ. ਐਲ.ਵਿਰਦੀ ਨੇ ਆਖਿਆ ਕਿ ਕਵੀ ਤੇ ਲੇਖਕਾਂ ਨੂੰ ਫਿਰਕੂਪੁਣੇ ਤੋਂ ਉਪਰ ਉੱਠ ਕੇ ਉਹਨਾ ਅੱਸੀ ਕਰੋੜ ਲੋਕਾਂ ਨਾਲ ਖੜਨਾ ਚਾਹੀਦਾ ਹੈ, ਜਿਹੜੇ ਅੱਜ ਤੱਕ ਵੀ ਰੋਟੀ ਲਈ ਸਰਕਾਰਾਂ ਦੇ ਮੁਥਾਜ ਹਨ। ਦੇਸ਼ ਵਿੱਚ ਚਲ ਰਹੀ ਫਿਰਕੂ ਹਵਾ ਦੇ ਖ਼ਿਲਾਫ ਲਿਖਣਾ ਚਾਹੀਦਾ ਹੈ। ਸਟੇਜ ਦੀ ਕਾਰਵਾਈ ਕਮਲੇਸ਼ ਸੰਧੂ ਨੇ ਬਾ-ਖੂਬੀ ਨਿਭਾਈ।

# ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਦੇ ਜਨਮ ਦਿਹਾੜੇ 'ਤੇ ਹੋਵੇਗਾ ਕਵੀ ਦਰਬਾਰ

## ਸ਼ਹੀਦ ਭਗਤ ਸਿੰਘ ਦੇ ਭਾਣਜਾ ਕਰਨਗੇ ਭਗਤ ਸਿੰਘ ਦੀ ਜੀਵਨੀ ਅਤੇ ਵਿਚਾਰਧਾਰਾ ਬਾਰੇ ਗੱਲਾਂ

**ਸ਼ਹੀਦ ਊਧਮ ਸਿੰਘ ਵਾਲਾ, (ਦਲਜੀਤ ਕੌਰ)–** ਗ਼ਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਵੱਲੋ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 24 ਸਤੰਬਰ ਨੂੰ ਇੱਕ ਕਵੀ ਦਰਬਾਰ ਤੇ ਲੈਕਚਰ ਸੁਨਾਮ ਊਧਮ ਸਿੰਘ ਵਾਲਾ ਵਿਖੇ ਦਾ ਇੰਟਰਨੈਸ਼ਨਲ ਆਕਸਫੋਰਡ ਸਕੂਲ ਵਿੱਚ ਕਰਵਾਇਆ ਜਾਵੇਗਾ। ਮੰਚ ਆਗੂ ਪ੍ਰਿੰਸੀਪਲ ਅਨਿਲ ਨੇ ਦੱਸਿਆ ਕਿ ਭਗਤ ਸਿੰਘ ਦੀ ਭੈਣ ਬੀਬੀ ਅਮਰ ਕੌਰ ਦੇ ਲੜਕੇ ਪ੍ਰੋਫ਼ੈਸਰ ਜਗਮੋਹਣ ਸਿੰਘ ਭਗਤ ਸਿੰਘ ਜੀ ਦੀ ਜ਼ਿੰਦਗੀ ਬਾਰੇ ਨੇੜੇ ਤੋ ਗੱਲਾਂ ਸਾਂਝੀਆਂ ਕਰਨਗੇ। ਮੰਚ ਦੇ ਆਗੂ ਪਦਮ ਸ਼ਰਮਾ ਨੇ ਦੱਸਿਆ ਇੱਕ ਕਵੀ ਦਰਬਾਰ ਵੀ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਇਲਾਕੇ ਦੇ ਮੰਨੇ ਪਰਮੰਨੇ ਕਵੀ ਆਪਣੀਆਂ ਰਚਨਾਵਾਂ ਸ਼ਹੀਦਾਂ ਬਾਰੇ ਤੇ ਸਮਾਜਿਕ ਮੁੱਦਿਆਂ ਬਾਰੇ ਸਾਂਝੀਆਂ ਕਰਨਗੇ। ਪ੍ਰਸਿੱਧ ਲੋਕ ਪੱਖੀ ਕਵੀਤਰੀ ਤੇ ਅਲੋਚਕ



ਡਾ.ਅਰਵਿੰਦਰ ਕੌਰ ਕਾਕੜਾ, ਸੱਤਪਾਲ ਭੀਖੀ, ਸੁੱਖਵਿੰਦਰ ਪੱਪੀ, ਡਾ. ਸੰਤੋਖ ਸਿੰਘ ਸੁੱਖੀ, ਰਾਜਵਿੰਦਰ ਕੌਰ ਜਟਾਣਾਂ, ਰਣਜੀਤ ਧੂਰੀ, ਸੁਖਜੀਤ ਚੀਮਾ ਸਮੇਤ ਹੋਰ ਕਵੀ ਦਰਬਾਰ ਵਿਚ ਆਪਣੀ ਹਾਜ਼ਰੀ ਲਗਵਾਉਣਗੇ। ਮੰਚ ਦੇ ਆਗੂ ਰਾਮ ਢੇਪਈ ਨੇ ਦੱਸਿਆ ਕਿ ਮੰਚ ਵੱਲੋਂ ਪ੍ਰੋਗਰਾਮ ਦੀਆਂ ਤਿਆਰੀਆਂ ਪੂਰੇ ਜ਼ੋਰਾਂ ਨਾਲ ਕੀਤੀਆਂ ਜਾ ਰਹੀਆਂ ਹਨ। ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਆਗੂਆਂ ਨੇ ਸੁਨਾਮ ਊਧਮ ਸਿੰਘ ਵਾਲਾ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮੰਚ ਵੱਲੋ ਮੰਨਾਏ ਜਾ ਰਹੇ ਸ਼ਹੀਦ ਭਗਤ ਸਿੰਘ ਦੇ ਜਨਮਦਿਨ ਦੇ ਸਮਾਗਮ ਵਿੱਚ ਵੱਧ ਤੋ ਵੱਧ ਗਿਣਤੀ ਵਿੱਚ ਹਿੱਸਾ ਲੈਣ ਕਵੀਆਂ ਦੀਆਂ ਰਚਨਾਵਾਂ ਸੁਣਨ ਲਈ ਆਉਣ ਕਿਉਂਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਮੁਸ਼ਕਿਲ ਨਾਲ ਹੀ ਦੇਖਣ ਨੂੰ ਮਿਲਦੇ ਹਨ।

# ਪੰਜਾਬ ਬੁੱਧੀਇਸਟ ਸੁਸਾਇਟੀ ਵਲੋਂ ਅਮਨਦੀਪ ਕੌਰ ਦਾ ਸਨਮਾਨ

**ਜਲੰਧਰ–** ਪੰਜਾਬ ਬੁੱਧੀਇਸਟ ਸੁਸਾਇਟੀ ਰਜਿਸਟਰ ਪੰਜਾਬ, ਤਕਸਿਲਾ ਮਹਾਂ ਬੁੱਧ ਬਿਹਾਰ ਕਾਦੀਆਂ ਵਲੋਂ ਇਕ ਸਾਦੇ ਸਮਾਗਮ ਵਿੱਚ ਸ੍ਰੀਮਤੀ ਅਮਨਦੀਪ ਕੌਰ ਜਨਰਲ ਸਕੱਤਰ, ਇਸਤਰੀ ਜਾਗਰਿਤੀ ਮੰਚ ਸੰਗਰੂਰ, ਪੰਜਾਬ ਨੂੰ ਸਮਾਜ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਉਹਨਾਂ ਨੂੰ ਪੰਚਸ਼ੀਲ ਦਾ ਸਰੋਪਾ, ਡਾ. ਅੰਬੇਡਕਰ ਜੀਵਨ ਅਤੇ ਮਿਸ਼ਨ, ਬੁੱਧ ਅਤੇ ਉਹਨਾਂ ਦਾ ਧੰਮ, ਸੋਹਣ ਲਾਲ ਸਾਂਪਲਾ ਜਰਮਨੀ ਦੀ ਲਿਖੀ ਕਿਤਾਬ ਵਿਦੇਸ਼ਾਂ ਵਿੱਚ ਅੰਬੇਡਕਰ ਮਿਸ਼ਨ ਅਤੇ ਬੁੱਧ ਧੰਮ ਕਿਤਾਬਾਂ ਦਾ ਤੋਹਫ਼ਾ ਅਤੇ 5000/- ਰੁਪਏ ਨਕਦ ਰਾਸ਼ੀ ਭੇਟ ਕੀਤੀ ਗਈ। ਸ੍ਰੀਮਤੀ ਅਮਨਦੀਪ ਕੌਰ ਇਸਤਰੀ ਅਧਿਕਾਰਾਂ ਦੀ ਕਾਰਕੁੰਨ ਨੇ ਕਿਹਾ ਕਿ ਸਭ ਤੋਂ ਪਹਿਲਾ ਤਥਾਗਤ ਬੁੱਧ ਨੇ ਔਰਤਾਂ ਨੂੰ ਬਰਾਬਰੀ ਦੇ ਅਧਿਕਾਰ ਦਿੱਤੇ ਜਿਸ ਤੋਂ ਪ੍ਰੇਰਿਤ ਹੋਕੇ ਅਸੀਂ ਇਸਤਰੀ ਜਾਗਰਿਤੀ ਮੰਚ ਬਣਾਇਆ। ਇਸ ਮੰਚ ਤੋਂ ਸੰਗਰੂਰ ਅਤੇ ਪਟਿਆਲਾ ਜ਼ਿਲ੍ਹਿਆਂ ਦੇ ਖੇਤਰ ਵਿੱਚ ਬੇਘਰੇ ਅਤੇ ਬੇਜ਼ਮੀਨੇ ਪਰਿਵਾਰਾਂ ਨੂੰ ਜ਼ਮੀਨ ਦਿਵਾਉਣ ਲਈ ਸੰਘਰਸ਼ ਕਰ ਰਹੇ ਹਾਂ। ਇਸ ਮੌਕੇ ਤੇ ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਪੰਜਾਬ ਬੁਧੀਇਸਟ ਸੁਸਾਇਟੀ ਰਜਿਸਟਰ ਪੰਜਾਬ, ਦੇਸਰਾਜ ਚੌਹਾਨ, ਗੁਰਮੀਤ ਸਿੰਘ, ਮਨੋਜ ਕੁਮਾਰ, ਬੰਸੀ ਲਾਲ ਪ੍ਰੇਮੀ, ਅਵਤਾਰ ਸਿੰਘ ਓਤੇ ਹੋਰ ਬਹੁਤ ਸਾਰੇ ਸਰਧਾਲੂ ਹਾਜ਼ਰ ਸਨ। ਅੰਤ ਵਿੱਚ ਭਿਖਸ਼ੂ ਪ੍ਰਗਿਆ ਬੋਧੀ ਨੇ ਸਭ ਨੂੰ ਅਸ਼ੀਰਵਾਦ ਦਿੱਤਾ।



**ਐਡਵੋਕੇਟ ਹਰਭਜਨ ਸਾਂਪਲਾ**

# ਹਨੇਰੇ 'ਚ ਚਾਨਣ ਵੰਡੇਗਾ: ਮੇਲਾ ਗ਼ਦਰੀ ਬਾਬਿਆਂ ਦਾ

**ਜਲੰਧਰ –**ਗ਼ਦਰੀ ਬਾਬਿਆਂ ਦੀ ਵਿਰਾਸਤ ਅਤੇ ਵਰਤਮਾਨ ਚੁਣੌਤੀਆਂ ਨੂੰ ਸਮਰਪਤ 32ਵਾਂ ਮੇਲਾ ਗ਼ਦਰੀ ਬਾਬਿਆਂ ਦਾ ਚੁਫ਼ੇਰੇ ਫੈਲੀ ਕਾਲ਼ੀ ਬੋਲੀ ਰਾਤ 'ਚ ਚਾਨਣ ਦੀ ਲੀਕ ਦਾ ਕੰਮ ਕਰਦਿਆਂ ਸਾਹਿਤ, ਸਮਾਜ, ਕਲਾ ਅਤੇ ਸੰਗਰਾਮ ਦੇ ਰਿਸ਼ਤੇ ਦਾ ਯਾਦਗਾਰੀ ਸਭਿਆਚਾਰਕ ਉਤਸਵ ਹੋਏਗਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਖਜ਼ਾਨਚੀ ਸੀਤਲ ਸਿੰਘ ਸੰਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਦੇਸ਼ ਭਗਤ ਯਾਦਗਾਰ ਹਾਲ ਦੇ ਮੁੱਖ ਪ੍ਰਵੇਸ਼ ਦੁਆਰ ਨੂੰ ਗ਼ਦਰ ਪਾਰਟੀ ਦੇ ਬਾਨੀਆਂ 'ਚ ਸ਼ੁਮਾਰ ਪ੍ਰੋ. ਬਰਕਤ ਉੱਲਾ ਅਤੇ ਮੇਲੇ ਦਾ ਪ੍ਰਮੁੱਖ ਪੰਡਾਲ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੇ ਨਾਮ ਹੋਏਗਾ।

30 ਅਕਤੂਬਰ ਦੀ ਸ਼ਾਮ: ਪੁਸਤਕ ਸਭਿਆਚਾਰ ਦੇ ਨਾਮ' ਨਾਲ ਮੇਲੇ ਦਾ ਆਗਾਜ਼ ਹੋਏਗਾ। ਮੇਲੇ 'ਚ ਲੱਗ ਰਿਹਾ ਪੁਸਤਕ ਮੇਲਾ, ਸਾਥੋਂ ਵਿਛੜ ਗਏ ਸਾਹਿਤਕਾਰ ਕਲਾਕਾਰ ਕਵੀ ਹਰਭਜਨ ਹੁੰਦਲ, ਗ਼ਦਰ, ਮਾਸਟਰ ਤਰਲੋਚਨ ਸਮਰਾਲਾ, ਬਾਰੂ ਸਤਵਰਗ, ਦੇਸ ਰਾਜ ਕਾਲੀ ਅਤੇ ਸ਼ਿਵਨਾਥ ਨੂੰ ਸਮਰਪਤ ਹੋਏਗਾ।

ਮੇਲੇ ਦੇ ਤਿੰਨੇ ਦਿਨ ਚਿਤ੍ਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ ਵਿਸ਼ੇਸ਼ ਖਿੱਚ ਦਾ ਕੇਂਦਰ ਹੋਏਗੀ, ਜਿਸ ਵਿੱਚ ਰਵਿੰਦਰ ਰਵੀ (ਲੁਧਿਆਣਾ), ਗੁਰਪ੍ਰੀਤ (ਬਠਿੰਡਾ), ਵਰੁਣ ਟੰਡਨ (ਜਲੰਧਰ), ਗੁਰਦੀਸ਼ (ਜਲੰਧਰ), ਇੰਦਰਜੀਤ ਸਿੰਘ (ਜਲੰਧਰ), ਰਣਜੋਧ ਸਿੰਘ (ਲੁਧਿਆਣਾ) ਅਤੇ ਸਵਰਨਜੀਤ ਸਵੀ (ਲੁਧਿਆਣਾ) ਆਪਣੀਆਂ ਕਲਾ ਕ੍ਰਿਤਾਂ ਮੇਲਾ ਪ੍ਰੇਮੀਆਂ ਦੇ ਰੂਬਰੂ ਕਰਕੇ ਗ਼ਦਰੀ ਬਾਬਿਆਂ ਨੂੰ ਸਿਜਦਾ ਕਰਨਗੇ।

30, 31 ਅਕਤੂਬਰ ਵੰਨ-ਸੁਵੰਨੀਆਂ ਕਲਾ ਵੰਨਗੀਆਂ ਵਿਚੀਂ ਗੁਜ਼ਰਦਿਆਂ ਪਹਿਲੀ ਨਵੰਬਰ ਸਵੇਰੇ 10 ਵਜੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣਗੇ।

ਇਸ ਵਾਰ ਅਮੋਲਕ ਸਿੰਘ ਦੁਆਰਾ ਲਿਖਿਆ ਸੰਗੀਤ ਨਾਟ ਓਪੇਰਾ ਝੰਡੇ ਦਾ ਗੀਤ: ਪੰਜਾਬੀ ਰੰਗ ਮੰਚ ਦੇ ਨਾਮਵਰ ਨਿਰਦੇਸ਼ਕ ਨਾਟਕਕਾਰ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਹੋਏਗਾ। ਝੰਡੇ ਦੇ ਗੀਤ ਦੀ ਤਿਆਰੀ ਵਰਕਸ਼ਾਪ ਇਸ ਵਾਰ ਮੰਚ ਰੰਗ ਮੰਚ ਅੰਮ੍ਰਿਤਸਰ ਵਿਖੇ ਹੀ ਲਗਾਏਗਾ।

ਨਾਮਧਾਰੀ ਸੰਗੀਤ ਕਲਾ ਕੇਂਦਰ ਦੁਆਰਾ ਪ੍ਰਭਾਵਸ਼ਾਲੀ ਕਲਾ ਵੰਨਗੀ 'ਹੱਲਾ' ਆਪਣਾ ਹੀ ਰੰਗ ਬਿਖੇਰੇਗੀ। ਸੰਗੀਤ ਦੀਆਂ ਦਿਨ ਰਾਤ ਟੀਮਾਂ ਲਈ ਹਰਿੰਦਰ ਸੋਹਲ ਅੰਮ੍ਰਿਤਸਰ, ਸੰਗੀਤ ਵਿਭਾਗ, ਖਾਲਸਾ ਕਾਲਜ ਗੜ੍ਹਦੀਵਾਲ (ਗੁਰਪਿੰਦਰ ਸਿੰਘ), ਲੋਕ ਸੰਗੀਤ ਮੰਡਲੀ ਮਸਾਣੀ (ਧਰਮਿੰਦਰ ਮਸਾਣੀ), ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਤੋਂ ਇਲਾਵਾ ਕੁੱਝ ਹੋਰ ਸੰਗੀਤ ਮੰਡਲੀਆਂ ਅਤੇ ਗਾਇਕ ਕਲਾਕਾਰਾਂ ਨੂੰ ਵੀ ਸਰੋਤਿਆਂ ਦੇ ਰੂਬਰੂ ਕੀਤਾ ਜਾਏਗਾ।

ਇਸ ਮੇਲੇ 'ਚ ਪਹਿਲੀ ਨਵੰਬਰ ਦਿਨ ਵੇਲੇ ਮੁੱਖ ਵਕਤਾ 'ਦੀ ਵਾਇਰ' ਦੇ ਮੰਨੇ ਪ੍ਰਮੰਨੇ ਆਗੂ ਸਿਧਾਰਥ ਵਰਧਰਾਜਨ ਹੋਣਗੇ। ਚੰਡੀਗੜ੍ਹ ਸਕੂਲ ਆਫ਼ ਡਰਾਮਾ ਵੱਲੋਂ ਏਕਤਰ ਦੀ ਕਲਮ ਤੋਂ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ 'ਠੱਗੀ' ਪਹਿਲੀ ਨਵੰਬਰ ਦੁਪਹਿਰ ਵੇਲੇ ਪੇਸ਼ ਕੀਤਾ ਜਾਏਗਾ।

31 ਅਕਤੂਬਰ ਕੁਇਜ਼ ਅਤੇ ਪੇਂਟਿੰਗ ਮੁਕਾਬਲਾ ਹੋਏਗਾ। 31 ਅਕਤੂਬਰ ਵਿਚਾਰ-ਚਰਚਾ 'ਚ ਜਮਹੂਰੀ ਹੱਕਾਂ ਦੀ ਨਾਮਵਰ ਝੰਡਾ ਬਰਦਾਰ ਅਤੇ ਬੁੱਧੀਜੀਵੀ ਤੀਸਤਾ ਸੀਤਲਵਾੜ (ਮਹਾਂਰਾਸ਼ਟਰ) ਅਤੇ ਹਿੰਦੀ ਕਵੀ, ਆਲੋਚਕ, 'ਵਸੁਧਾ' ਹਿੰਦੀ ਪੱਤ੍ਰਿਕਾ ਦੇ ਸੰਪਾਦਕ ਵਿਨੀਤ ਤਿਵਾੜੀ (ਮੱਧ ਪ੍ਰਦੇਸ਼) ਉਚੇਚੇ ਤੌਰ 'ਤੇ ਹੋ ਰਹੇ ਕੌਮੀ ਵਿਚਾਰ-ਚਰਚਾ ਸਮਾਗਮ ਵਿੱਚ ਮੁੱਖ ਵਕਤਾ ਹੋਣਗੇ। ਸ਼ਾਮ ਠੀਕ 4 ਵਜੇ ਕਵੀ ਦਰਬਾਰ, ਉਪਰੰਤ ਪੀਪਲਜ਼ ਵਾਇਸ ਵੱਲੋਂ ਫ਼ਿਲਮ ਸ਼ੋਅ ਅਤੇ ਉਪਰੰਤ ਮਾਨਵਤਾ ਕਲਾ ਮੰਚ ਨਗਰ ਵੱਲੋਂ ਕੁਲਵੰਤ ਕੌਰ ਨਗਰ ਦਾ ਲਿਖਿਆ ਜਸਵਿੰਦਰ ਪੱਪੀ ਦੁਆਰਾ ਨਿਰਦੇਸ਼ਤ ਨਾਟਕ ਨਰਗਿਸ ਦੁਆਰਾ ਪੇਸ਼ ਹੋਏਗਾ; ਚਿੜੀਆਂ ਦਾ ਚੰਬਾ।

ਪਹਿਲੀ ਨਵੰਬਰ ਦਿਨ ਵੇਲੇ ਹੋਣ ਵਾਲੀ ਵਿਚਾਰ-ਚਰਚਾ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਹਰਦੇਵ ਅਰਸ਼ੀ, ਮੰਗਤ ਰਾਮ ਪਾਸਲਾ, ਡਾ. ਪਰਮਿੰਦਰ, ਦਰਸ਼ਨ ਖਟਕੜ ਅਤੇ ਸੁਖਵਿੰਦਰ ਸੇਖੋਂ ਭਾਗ ਲੈਣਗੇ।

ਪਹਿਲੀ ਨਵੰਬਰ ਸ਼ਾਮ ਸਾਢੇ 6 ਵਜੇ ਤੋਂ ਨਾਟਕਾਂ ਅਤੇ ਗੀਤਾਂ ਭਰੀ ਰਾਮ ਸ਼ੁਰੂ ਹੋ ਕੇ ਸਰਘੀ ਵੇਲੇ ਤੱਕ ਨਿਰੰਤਰ ਜਾਰੀ ਰਹੇਗੀ। ਇਸ ਵਿੱਚ ਅਨੀਤਾ ਸ਼ਬਦੀਸ਼ ਦੀ ਨਿਰਦੇਸ਼ਨਾ 'ਚ ਸੁਚੇਤਕ ਰੰਗ ਮੰਚ ਮੁਹਾਲੀ ਵੱਲੋਂ ਸੀ.ਟੀ. ਖਨੋਲਕਰ ਦਾ ਲਿਖਿਆ (ਪੰਜਾਬੀ ਰੁਪਾਂਤਰ: ਸ਼ਬਦੀਸ਼) ਨਾਟਕ 'ਵਕਤ ਤੈਨੂੰ ਸਲਾਮ', ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਮੰਚ ਰੰਗ ਮੰਚ ਅੰਮ੍ਰਿਤਸਰ ਵੱਲੋਂ ਬਰਤੋਲਟ ਬ੍ਰੈਖ਼ਤ ਦਾ ਪ੍ਰਸਿੱਧ ਨਾਟਕ 'ਦਾ ਕਾਕੇਸੀਅਨ ਚਾਕ ਸਰਕਲ' (ਪੰਜਾਬੀ ਰੂਪ ਅਮਿਤੋਜ਼) 'ਮਿੱਟੀ ਨਾ ਹੋਏ ਮਤਰੇਈ', ਡਾ. ਸਾਹਿਬ ਸਿੰਘ ਦਾ ਲਿਖਿਆ ਤੇ ਨਿਰਦੇਸ਼ਤ ਕੀਤਾ ਨਾਟਕ 'ਸੰਦੂਕੜੀ ਖੋਲ੍ਹ ਵਰਿਆਮਿਆਂ', ਬਲਦੇਵ ਸੜਕਨਾਮਾ ਦਾ ਲਿਖਿਆ ਕੀਰਤੀ ਕਿਰਪਾਲ ਦੁਆਰਾ ਨਿਰਦੇਸ਼ਤ ਨਾਟਕ 'ਜਾਗਦੇ ਰਹੋ' 'ਨਾਟਿਯਮ ਅਭਿਨੇਤਾ ਦਾ' ਟੀਮ ਵੱਲੋਂ ਅਤੇ 'ਗਗਨ ਦਮਾਮਾ ਵਾਜਿਓ' (ਰਚਨਾ: ਪਿਯੂਸ਼ ਮਿਸ਼ਰਾ), ਵਿੱਕੀ ਮਹੇਸ਼ਰੀ ਅਤੇ ਅਵਤਾਰ ਚੜਿਕ ਦੀ ਨਿਰਦੇਸ਼ਨਾ 'ਚ ਇਪਟਾ ਮੋਗਾ ਵੱਲੋਂ ਨਾਟਕ ਖੇਡੇ ਜਾਣਗੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਬੇਗਮਪੁਰਾ ਏਡ ਇੰਟਰਨੈਸ਼ਨਲ ਸੰਸਥਾ ਦੀ ਬ੍ਰਾਂਚ ਭਾਰਤ ਵਿੱਚ ਵੀ ਹੋਈ ਰਜਿਸਟਰ- ਭਾਈ ਰਾਮ ਸਿੰਘ ਮੈਂਗੜਾ

## ਕਿਹਾ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਦੇ ਸਾਥੀ ਸਾਰੇ ਦੇਸ਼ਾਂ ਵਿੱਚ ਮਿਲਕੇ ਸੇਵਾ ਕਰਨਗੇ

**ਫਗਵਾੜਾ (ਬੀ.ਕੇ.ਰੱਤੂ)** ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਫਰਾਂਸ ਦੇ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਜੀ ਨੇ ਖੁਸ਼ੀ ਦਾ ਪ੍ਰਗਟਾਵਾ ਕਰਦੀਆਂ ਦੱਸੀਆਂ ਕੇ ਬੇਗਮਪੁਰਾ ਏਡ ਇੰਟਰਨੈਸ਼ਨਲ ਸੰਸਥਾ ਹੁਣ ਡਾਕਟਰ ਰਾਜ ਕੁਮਾਰ ਦੇ ਯਤਨਾਂ ਕਰਕੇ ਇੰਡੀਆ ਵਿੱਚ ਵੀ ਰਜਿਸਟਰ ਹੋ ਗਈ ਹੈ ਤੇ ਹੁਣ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਭਾਰਤ ਦੇ ਸਾਥੀ ਵੀ ਮਿਲਕੇ ਲੋੜਮੰਦਾ ਦੀ ਸੇਵਾ ਕਰਿਆ ਕਰਨਗੇ। ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਰਜਿਸਟਰ ਹੋਣ ਕਾਰਨ ਟੀਮ ਦੇ ਸਾਰੇ ਸਾਥੀਆਂ ਵਿੱਚ ਖੁਸ਼ੀ ਦੀ ਲਹਿਰ ਹੈ ਤੇ ਟੀਮ ਮੈਬਰਾਂ ਵਿੱਚ ਕਾਫ਼ੀ ਉਤਸਾਹ ਹੈ। ਭਾਈ ਰਾਮ ਸਿੰਘ ਮੈਂਗੜਾ ਨੇ ਅੱਗੇ ਦੱਸੀਆਂ ਕਿ ਜਲਦੀ ਹੀ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਦੀਆ ਹੋਰ ਬ੍ਰਾਂਚਾਂ ਵੀ ਬਾਕੀ ਦੇਸ਼ਾਂ ਵਿੱਚ ਜਲਦੀ ਹੀ ਰਜਿਸਟਰ ਕਰਵਾਇਆਂ ਜਾਣ ਗਿਆ ਤਾਂ ਜੋ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਦੇ ਸਾਥੀ ਸਾਰੇ ਦੇਸ਼ਾਂ ਵਿੱਚ ਮਿਲਕੇ ਸੇਵਾ ਕਰ ਸਕਣ। ਬੇਗਮਪੁਰਾ ਏਡ ਸੰਸਥਾ ਇੰਡੀਆ ਵਿੱਚ ਰਜਿਸਟਰ ਹੋਣ ਤੇ ਮਿਸ਼ਨਰੀ ਲੇਖਕ ਤੇ ਗਾਇਕ ਨੇਕਾਂ ਮੱਲਾਂ ਬੇਦੀਆਂ ਨੇ ਟੀਮ ਨਾਲ ਖੁਸੀਆਂ ਸਾਂਝੀਆਂ ਕਰਦੇ ਹੋਏ ਸਾਰੇ ਟੀਮ ਮੈਬਰਾਂ ਨੂੰ ਵਧਾਈਆਂ ਦਿੱਤੀਆਂ ਤੇ ਸੰਸਥਾ ਵੱਲੋਂ ਕੀਤੇ ਕੰਮਾਂ ਦੀ ਸਲਾਘਾ ਕੀਤੀ ਏਸ ਵਿਸ਼ੇਸ਼ ਮੌਕੇ ਤੇ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਫਰਾਂਸ ਨੇ ਵੀ ਬੇਗਮਪੁਰਾ ਏਡ ਇੰਟਰਨੈਸ਼ਨਲ ਸੰਸਥਾ ਇੰਡੀਆ ਟੀਮ ਨੂੰ ਅਤੇ ਸਮੂਹ ਸਾਧ ਸੰਗਤ ਨੂੰ ਮੁਬਾਰਕਵਾਦ ਦਿੱਤੀ।




# ਤਰਕਸ਼ੀ.ਲ ਸੁਸਾਇਟੀ ਵੱਲੋਂ ਐੱਸ.ਸੀ. ਈ.ਆਰ.ਟੀ. ਦੇ ਨਿਰਦੇਸ਼ਕ ਨਾਲ ਮੀਟਿੰਗ

**ਐੱਸ.ਏ.ਐੱਸ. ਨਗਰ/ਸੰਗਰੂਰ, (ਦਲਜੀਤ ਕੌਰ)** ਤਰਕਸ਼ੀ.ਲ ਸੁਸਾਇਟੀ ਪੰਜਾਬ ਦਾ ਇਕ ਵਫ਼ਦ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਤੇ ਬਲਵੀਰ ਚੰਦ ਲੌਂਗੋਵਾਲ ਦੀ ਅਗਵਾਈ ਹੇਠ ਐੱਸ.ਸੀ.ਈ.ਆਰ.ਟੀ. ਦੇ ਨਿਰਦੇਸ਼ਕ ਨੂੰ ਮੁਹਾਲੀ ਵਿਖੇ ਮਿਲਿਆ ਅਤੇ ਮੰਗ ਕੀਤੀ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਸ਼੍ਰੇਣੀ ਦੇ ਸਿਲੇਬਸ ਵਿੱਚ ਜੀਵ ਵਿਕਾਸ ਸਿਧਾਂਤ ਸਮੇਤ ਵੱਖ-ਵੱਖ ਮਹੱਤਵਪੂਰਨ ਵਿਗਿਆਨਕ ਪਾਠਕ੍ਰਮਾਂ ਨੂੰ ਬਰਕਰਾਰ ਰੱਖਿਆ ਜਾਵੇ।

ਇਸ ਸੂਬਾ ਪੱਧਰੀ ਵਫਦ ਵਿੱਚ ਸ਼ਾਮਿਲ ਤਰਕਸ਼ੀ.ਲ ਆਗੂਆਂ ਅਜੀਤ ਪ੍ਰਦੇਸੀ, ਗੁਰਮੀਤ ਖਰੜ, ਸਤਪਾਲ ਸਲੋਹ ਅਤੇ ਸੁਰਜੀਤ ਮੁਹਾਲੀ ਨੇ ਦੱਸਿਆ ਕਿ ਵਿਭਾਗ ਦੇ ਨਿਰਦੇਸ਼ਕ ਨਾਲ ਮੁਲਾਕਾਤ ਦੌਰਾਨ ਕੌਮੀ ਪੱਧਰ ਉੱਤੇ ਪਾਠਕ੍ਰਮ ਨਿਰਧਾਰਿਤ ਕਰਨ ਵਾਲੀ ਸੰਸਥਾ ਐਨ ਸੀ ਈ ਆਰ ਟੀ ਵੱਲੋਂ ਵਿਦਿਆਰਥੀਆਂ



ਉੱਤੋਂ ਬੋਝ ਘਟਾਉਣ ਦੇ ਨਾਂ ਉੱਤੇ ਦਸਵੀਂ ਸ਼੍ਰੇਣੀ ਦੇ ਸਿਲੇਬਸ ਵਿਚੋਂ ਜੀਵ-ਵਿਕਾਸ (ਓਵੋਲੁਟਿਨ), ਤੱਤਾਂ ਦੀ ਆਵਰਤੀ ਸਾਰਨੀ (ਫਇਰਿਦਿਚ ਠਅਬਲਏ), ਊਰਜਾ ਦੇ ਸੋਮੇ, ਕੁਦਰਤੀ ਸਾਧਨਾਂ ਦੀ ਸਾਂਭ ਸੰਭਾਲ ਅਤੇ ਹੋਰ ਕਈ ਮਹੱਤਵਪੂਰਨ ਪਾਠਕ੍ਰਮ ਬਾਹਰ ਕੱਢੇ ਗਏ ਹਨ ਜਿਸਦਾ ਤਰਕਸ਼ੀ.ਲ ਸੁਸਾਇਟੀ ਪੰਜਾਬ ਵਲੋਂ ਵਿਰੋਧ ਕੀਤਾ ਗਿਆ ਹੈ। ਵਿਦਿਆਰਥੀਆਂ ਦੀ ਬੁਨਿਆਦੀ ਸਮਝ ਬਨਾਉਣ ਵਾਲੇ ਅਜਿਹੇ ਪਾਠਕ੍ਰਮਾਂ ਦਾ ਕੱਢਿਆ ਜਾਣਾ ਵਿਦਿਆਰਥੀਆਂ ਨੂੰ ਵਿਗਿਆਨਕ ਜਾਣਕਾਰੀ ਤੋਂ ਹੀ ਵਾਂਝਾ ਨਹੀਂ ਕਰਦਾ ਸਗੋਂ ਉਨ੍ਹਾਂ ਵਿੱਚ ਵਿਗਿਆਨਕ ਨਜ਼ਰੀਆ ਪੈਦਾ ਹੋਣ ਵਿੱਚ ਵੀ ਰੁਕਾਵਟ ਬਣਦਾ ਹੈ ਜਦ ਕਿ ਵਿਗਿਆਨਕ ਚੇਤਨਾ ਪੈਦਾ ਕਰਨੀ ਸੰਵਿਧਾਨ ਦੀ ਧਾਰਾ 51-ਏ ਤਹਿਤ ਹਕੂਮਤਾਂ ਦਾ ਸੰਵਿਧਾਨਕ ਫਰਜ ਹੈ। ਤਰਕਸ਼ੀ.ਲ ਆਗੂਆਂ ਨੇ ਸਿੱਖਿਆ ਅਧਿਕਾਰੀਆਂ ਨੂੰ ਸਪਸ਼ਟ ਕੀਤਾ ਕਿ ਸਿੱਖਿਆ, ਕੇਂਦਰ ਅਤੇ ਰਾਜਾਂ ਦੀ ਸਮਵਰਤੀ ਸੂਚੀ (ਛੋਨਚੁਰਰਏਨਟ .ਸਿਟ) ਵਿੱਚ ਸ਼ਾਮਲ ਵਿਸ਼ਾ ਹੈ ਅਤੇ ਰਾਜ ਸਰਕਾਰਾਂ ਆਪਣੇ ਲੋਕਾਂ ਦੀਆਂ ਲੋੜਾਂ, ਹਾਲਤਾਂ ਅਤੇ ਇਛਾਵਾਂ ਅਨੁਸਾਰ ਆਪਣਾ ਪਾਠਕ੍ਰਮ ਨਿਰਧਾਰਿਤ ਕਰਨ ਲਈ ਆਜਾਦ ਹਨ। ਇਸ ਲਈ ਤਰਕਸ਼ੀ.ਲ ਸੁਸਾਇਟੀ ਵਲੋਂ ਵਿਗਿਆਨ ਦੇ ਬੁਨਿਆਦੀ ਸੰਕਲਪਾਂ ਨੂੰ ਸਕੂਲੀ ਸਿੱਖਿਆ ਵਿਚੋਂ ਹਟਾਉਣ ਦੀ ਪੰਜਾਬ ਸਿੱਖਿਆ ਵਿਭਾਗ ਦੀ ਕਿਸੇ ਵੀ ਕਾਰਵਾਈ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ। ਤਰਕਸ਼ੀਲ ਆਗੂ ਮਾਸਟਰ ਪਰਮਵੇਦ, ਕ੍ਰਿਸ਼ਨ ਸਿੰਘ ਦੁੱਗਾਂ ਤੇ ਸੁਰਿੰਦਰ ਪਾਲ ਨੇ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸੀ ਈ ਆਰ ਟੀ ਦੇ ਅਧਿਕਾਰੀਆਂ ਡਾ. ਰਮਿੰਦਰਜੀਤ ਕੌਰ ਅਤੇ ਮੈਡਮ ਨਵਨੀਤ ਕੱਦ ਨੇ ਤਰਕਸ਼ੀ.ਲ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਤਰਕਸ਼ੀ.ਲ ਸੁਸਾਇਟੀ ਵਲੋਂ ਦਿੱਤੇ ਮੰਗ ਪੱਤਰ ਨੂੰ ਹਾਂ ਪੱਖੀ ਕਾਰਵਾਈ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸਿਲੇਬਸ ਕਮੇਟੀ ਨੂੰ ਭੇਜਿਆ ਜਾਵੇਗਾ ਅਤੇ ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਪੰਜਾਬ ਵਿਚਲੀ ਸਕੂਲੀ ਸਿੱਖਿਆ ਨੂੰ ਕੌਮਾਂਤਰੀ ਗਿਆਨ-ਵਿਗਿਆਨ ਦੀਆਂ ਲੋੜਾਂ ਦੇ ਹਾਣ ਦੀ ਬਣਾਉਣ ਲਈ ਗੰਭੀਰ ਯਤਨ ਕੀਤੇ ਜਾਣਗੇ।

# ਹਰਦੀਪ ਸਿੰਘ ਨਿੱਝਰ ਬਾਰੇ ਕੈਨੇਡਾ ਤੇ ਭਾਰਤ ਵਿਚ ਤਣਾਅ ਹੈ ਜਾਂ ਰਾਜਨੀਤੀ?

ਕੈਨੇਡਾ 'ਚ ਅਮਰੀਕਾ ਦੇ ਰਾਜਦੂਤ ਡੇਵਿਡ ਕੋਹੇਨ ਨੇ ਸ਼ਨੀਵਾਰ ਨੂੰ ਕੈਨੇਡੀਅਨ ਨਿਊਜ਼ ਨੈੱਟਵਰਕ ਸੀਟੀਵੀ ਨੂੰ ਦੱਸਿਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 'ਫਾਈਵ ਆਈਜ਼ ਇੰਟੈਲੀਜੈਂਸ ਅਲਾਇੰਸ' ਤੋਂ ਮਿਲੀ ਸਾਂਝੀ ਖ਼ੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਸੰਸਦ 'ਚ ਬਿਆਨ ਦਿੱਤਾ ਸੀ। ਪਾਰਲੀਮੈਂਟ ਵਿੱਚ ਟਰੂਡੋ ਨੇ ਕੈਨੇਡਾ ਵਿੱਚ ਖ਼ਾਲਿਸਤਾਨ ਦੇ ਹਮਾਇਤੀ ਅਤੇ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੇ ਕਤਲ ਲਈ ਭਾਰਤ ਸਰਕਾਰ ਦੇ ਏਜੰਟਾਂ ਵੱਲ ਉਂਗਲ ਚੁੱਕੀ ਸੀ। ਇਸ ਤੋਂ ਬਾਅਦ ਦੋਵਾਂ ਦੇਸ਼ਾਂ ਨੇ ਇਕ-ਦੂਜੇ ਦੇ ਡਿਪਲੋਮੈਟਾਂ ਨੂੰ ਕੱਢ ਦਿੱਤਾ ਅਤੇ ਭਾਰਤ ਨੇ ਫਿਲਹਾਲ ਕੈਨੇਡੀਅਨਾਂ ਨੂੰ ਵੀਜ਼ਾ ਦੇਣਾ ਬੰਦ ਕਰ ਦਿੱਤਾ ਹੈ। ਫਾਈਵ ਆਈਜ਼ ਇੰਟੈਲੀਜੈਂਸ ਅਲਾਇੰਸ ਵਿੱਚ ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਬ੍ਰਿਟੇਨ ਅਤੇ ਕੈਨੇਡਾ ਖ਼ੁਦ ਸ਼ਾਮਲ ਹਨ। ਇਹ ਪੰਜ ਦੇਸ਼ ਆਪਸ ਵਿੱਚ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਦੇ ਹਨ। ਕੈਨੇਡਾ ਜੀ-7 ਗਰੁੱਪ ਦਾ ਵੀ ਮੈਂਬਰ ਹੈ। ਪਰ ਜੀ-7 ਵਿਚ ਅਮਰੀਕਾ ਅਤੇ ਬਰਤਾਨੀਆ ਨੂੰ ਛੱਡ ਕੇ ਕਿਸੇ ਨੇ ਕੁਝ ਖ਼ਾਸ ਨਹੀਂ ਕਿਹਾ ਹੈ। ਦੂਜੇ ਪਾਸੇ ਭਾਰਤ ਦਾ ਕਹਿਣਾ ਹੈ ਕਿ ਕੈਨੇਡਾ ਨੇ ਨਿੱਝਰ ਦੇ ਕਤਲ ਵਿੱਚ ਉਸ ਦੀ ਕਥਿਤ ਭੂਮਿਕਾ ਨਾਲ ਸਬੰਧਤ ਕੋਈ ਸਬੂਤ ਸਾਂਝਾ ਨਹੀਂ ਕੀਤਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਪਿਛਲੇ ਹਫ਼ਤੇ ਹਫ਼ਤਾਵਾਰੀ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਸੀ ਕਿ ਕੈਨੇਡਾ ਨੇ ਕਿਸੇ ਕਿਸਮ ਦੀ ਖ਼ੁਫ਼ੀਆ ਜਾਣਕਾਰੀ ਸਾਂਝੀ ਨਹੀਂ ਕੀਤੀ ਹੈ।

**ਖ਼ੁਫ਼ੀਆ ਸੂਚਨਾ ਦੀ ਭਰੋਸੇਯੋਗਤਾ 'ਤੇ ਸਵਾਲ**

ਹਿੰਦੁਸਤਾਨ ਟਾਈਮਜ਼ ਦੀ ਇਕ ਰਿਪੋਰਟ ਮੁਤਾਬਕ ਭਾਰਤੀ ਸੁਰੱਖਿਆ ਅਧਿਕਾਰੀਆਂ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ ਕਿ ਜੀ-20 ਸੰਮੇਲਨ ਦੌਰਾਨ ਨਾ ਤਾਂ ਕੈਨੇਡਾ ਅਤੇ ਨਾ ਹੀ ਅਮਰੀਕਾ ਨੇ ਨਿੱਝਰ ਦੇ ਕਤਲ ਨਾਲ ਜੁੜੀ ਕੋਈ ਖ਼ੁਫ਼ੀਆ ਜਾਣਕਾਰੀ ਸਾਂਝੀ ਕੀਤੀ ਸੀ। ਸੁਰੱਖਿਆ ਅਧਿਕਾਰੀਆਂ ਨੇ ਦੱਸਿਆ ਕਿ ਕੈਨੇਡੀਅਨ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੂਡੀ ਥੌਮਸ ਨੇ ਭਾਰਤੀ ਖ਼ੁਫ਼ੀਆ ਮੁਖੀ ਅਤੇ ਉਨ੍ਹਾਂ ਦੇ ਹਮਰੁਤਬਾ ਅਜੀਤ ਡੋਵਾਲ ਨਾਲ ਮੁਲਾਕਾਤ ਕੀਤੀ ਪਰ ਉਨ੍ਹਾਂ ਨੇ ਕੋਈ ਸਬੂਤ ਪੇਸ਼ ਨਹੀਂ ਕੀਤਾ ਸੀ, ਜਿਸ ਤੋਂ ਪਤਾ ਲੱਗਾ ਕਿ ਨਿੱਝਰ ਦੇ ਕਤਲ ਵਿੱਚ ਭਾਰਤ ਦੇ ਸ਼ਾਮਲ ਸੀ। ਭਾਰਤ 'ਤੇ ਇਲਜ਼ਾਮ ਦੇ ਮਾਮਲੇ 'ਚ ਕੈਨੇਡਾ ਜਿਸ ਖ਼ੁਫ਼ੀਆ ਜਾਣਕਾਰੀਆਂ ਜਾਂ ਸਬੂਤਾਂ ਦਾ ਹਵਾਲਾ ਦੇ ਰਿਹਾ ਹੈ, ਉਸ ਨੂੰ ਲੈ ਕੇ ਕਈ ਸਵਾਲ ਖੜ੍ਹੇ ਹੋ ਰਹੇ ਹਨ। ਕਈ ਮਾਹਰ ਪਿਛਲੇ ਸਮੇਂ ਵਿੱਚ ਪੱਛਮੀ ਦੇਸ਼ਾਂ ਵੱਲੋਂ ਪ੍ਰਦਾਨ ਕੀਤੀ ਗਈ ਖ਼ੁਫ਼ੀਆ ਜਾਣਕਾਰੀ ਦੀ ਭਰੋਸੇਯੋਗਤਾ 'ਤੇ ਸਵਾਲ ਚੁੱਕ ਰਹੇ ਹਨ। ਬ੍ਰਿਟਿਸ਼ ਹਫ਼ਤਾਵਾਰੀ ਮੈਗਜ਼ੀਨ 'ਦਿ ਇਕਨਾਮਿਸਟ' ਦੇ ਰੱਖਿਆ ਸੰਪਾਦਕ ਸ਼ਸ਼ਾਂਕ ਜੋਸ਼ੀ ਨੇ ਟਵੀਟ ਕੀਤਾ ਹੈ, "ਜਦੋਂ ਵੀ ਕੋਈ ਪੱਛਮੀ ਸਰਕਾਰ ਵਿਵਾਦਪੂਰਨ ਖ਼ੁਫ਼ੀਆ ਦਾਅਵਾ ਕਰਦੀ ਹੈ, ਹਮੇਸ਼ਾ ਵਾਂਗ ਇਹ 'ਵੇਪਨ ਆਫ ਮਾਸ ਡਿਸਟ੍ਰਕਸ਼ਨ ਇਨ ਇਰਾਕ' ਯਾਨਿ ਇਰਾਕ ਕੋਲ ਮਹਾਂਵਿਨਾਸ਼ ਅਤੇ ਖਤਰਨਾਕ ਹੋਣ ਦੀ ਖ਼ੁਫ਼ੀਆ ਜਾਣਕਾਰੀ ਸਾਹਮਣੇ ਆਉਂਦੀ ਹੈ।" "ਕੁਝ ਸਮਾਂ ਕੱਢ ਕੇ ਇਹ ਸੋਚ ਲੈਣਾ ਚਾਹੀਦਾ ਹੈ ਕਿ ਇਹ ਕਿੰਨਾ ਵਿਅਰਥ ਸੀ। ਸਾਰੀ ਖ਼ੁਫ਼ੀਆ ਜਾਣਕਾਰੀ ਅਧੂਰੀ ਹੁੰਦੀ ਹੈ।" ਉਹ ਲਿਖਦੇ ਹਨ, "ਇਸੇ ਲਈ ਖ਼ੁਫ਼ੀਆ ਜਾਣਕਾਰੀ ਦਾ ਮੁਲਾਂਕਣ ਕਰਨ ਲਈ ਸੰਭਾਵੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ। ਇੱਥੇ ਅਨਿਸ਼ਚਿਤਤਾਵਾਂ ਤੋਂ ਬਚਣਾ ਮੁਸ਼ਕਲ ਹੈ।"

"ਦਾਅਵਿਆਂ ਵਿੱਚ ਜੋ ਚੀਜ਼ਾਂ ਦਿਖਦੀਆਂ ਹਨ, ਉਨ੍ਹਾਂ ਦੀ ਤੁਲਨਾ ਵਿੱਚ ਜ਼ਿਆਦਾ ਭਰੋਸੇਯੋਗ ਉਹ ਚੀਜ਼ਾਂ ਹੁੰ-ਦੀਆਂ ਹਨ, ਜੋ ਨਹੀਂ ਦਿਖਦੀਆਂ ਹਨ। ਇਰਾਕ ਨਾਲ ਜੁੜੀ ਖ਼ੁਫ਼ੀਆ ਜਾਣਕਾਰੀ 'ਚ ਅਜਿਹੀਆਂ ਕਈ ਖ਼ਾਮੀਆਂ ਸਨ। ਬਟਲਰ ਦੀ ਸਮੀਖਿਆ ਵਿੱਚ ਇਰਾਕ ਨਾਲ ਸਬੰਧਤ ਇਨ੍ਹਾਂ ਖ਼ਾਮੀਆਂ ਨੂੰ ਦੇਖਿਆ ਵੀ ਗਿਆ।" "ਇਸ ਤੋਂ ਬਾਅਦ ਮੁਲਾਂਕਣ ਪ੍ਰਕਿਰਿਆ ਵਿੱਚ ਬਦਲਾਅ ਲਿਆਂਦਾ ਗਿਆ। ਇਹ ਕਿਹਾ ਗਿਆ ਸੀ ਕਿ ਨੇਤਾ ਜੇਕਰ ਚਾਹੁਣ ਤਾਂ ਹਮੇਸ਼ਾ ਖ਼ੁਫ਼ੀਆ ਦਾਅਵਿਆਂ ਨੂੰ ਗ਼ਲਤ ਢੰਗ ਨਾਲ ਪੇਸ਼ ਕਰ ਸਕਦੇ ਹਨ।" ਸ਼ਸ਼ਾਂਕ ਜੋਸ਼ੀ ਨੇ ਲਿਖਿਆ, "ਮਹੱਤਵਪੂਰਨ ਨੁਕਤਾ ਇਹ ਹੈ ਕਿ ਇਸ ਨੂੰ ਕਿਉਂ ਅਤੇ ਕਿਵੇਂ ਗ਼ਲਤ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਇਰਾਕ 'ਤੇ ਹਮਲੇ 'ਚ ਵਰਤੀਆਂ ਗਈਆਂ ਖ਼ੁਫ਼ੀਆ ਜਾਣਕਾਰੀਆਂ ਦੇ ਆਧਾਰ 'ਤੇ ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਵੱਲੋਂ ਰੂਸ ਬਾਰੇ ਕੁਝ ਨਹੀਂ ਕਿਹਾ ਅਤੇ ਇਹ ਦੇਸ਼ ਅਜਿਹਾ ਕਰਨ ਤੋਂ ਬਚਦੇ ਨਜ਼ਰ ਆਏ।"

ਉਹ ਲਿਖਦੇ ਹਨ, "ਤੁਸੀਂ ਕੈਨੇਡਾ ਦੇ ਮਾਮਲੇ ਵਿੱਚ ਵੀ ਅਜਿਹਾ ਹੀ ਕਹਿ ਸਕਦੇ ਹੋ। ਸੰਭਵ ਹੈ ਕਿ ਟਰੂਡੋ ਸਿੱਖ ਵੋਟਰਾਂ ਨੂੰ ਧਿਆਨ ਵਿੱਚ ਰੱਖ ਕੇ ਅਜਿਹਾ ਕਹਿ ਰਹੇ ਹਨ। ਪਰ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਟਰੂਡੋ ਨੇ ਇਹ ਗੱਲ ਜਨਤਕ ਪੱਧਰ 'ਤੇ ਇਸ ਲਈ ਕਹੀ ਕਿਉਂਕਿ ਇਹ ਗੱਲ ਹੀ ਅਜਿਹੀ ਸੀ। ਭਾਰਤ ਨੂੰ ਫਸਾਉਣ ਵਾਲੀ ਖ਼ੁਫ਼ੀਆ ਜਾਣਕਾਰੀ ਅਤੇ ਜਨਤਕ ਵਿਵਾਦ ਉਨ੍ਹਾਂ ਦੇ ਹਿੱਤ ਵਿੱਚ ਨਹੀਂ ਹਨ।" ਉਹ ਲਿਖਦੇ ਹਨ, "ਇਹ ਸਭ ਖ਼ੁਫ਼ੀਆ ਜਾਣਕਾਰੀ ਦੀ ਮਜ਼ਬੂਤੀ ਅਤੇ ਭਰੋਸੇਯੋਗਤਾ 'ਤੇ ਸਵਾਲ ਚੁੱਕੇ ਬਿਨਾਂ ਹੋਇਆ, ਜਿਸ ਕਾਰਨ



ਕੈਨੇਡਾ ਨੇ ਭਾਰਤ ਬਾਰੇ ਅਜਿਹੇ ਦਾਅਵੇ ਕੀਤੇ ਹਨ।" "ਇਹ ਸਿੱਟੇ ਸਹੀ ਜਾਂ ਗ਼ਲਤ ਹੋ ਸਕਦੇ ਹਨ, ਪਰ ਜੇ ਉਹ ਗ਼ਲਤ ਹਨ, ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਇਰਾਕ ਨੂੰ ਲੈ ਕੇ ਜਿਵੇਂ ਦਾਅਵੇ ਕੀਤੇ ਗਏ ਸਨ, ਅਜਿਹੀਆਂ ਗੱਲਾਂ ਹਰ ਮੌਕੇ 'ਤੇ ਕੰਮ ਆ ਜਾਣ।" ਸ਼ੰਸ਼ਾਕ ਜੋਸ਼ੀ ਲਿਖਦੇ ਹਨ, "ਇਹ ਗੱਲਾਂ ਇਰਾਕ ਬਾਰੇ ਕੀਤੇ ਗਏ ਦਾਅਵਿਆਂ ਦੀ ਅਸਫ਼ਲਤਾ ਨਾਲ ਸਬੰਧਤ ਨਹੀਂ ਹਨ। ਇਹ ਇਸ ਬਾਰੇ ਹੈ ਕਿ ਖ਼ੁਫ਼ੀਆ ਜਾਣਕਾਰੀਆਂ ਅਤੇ ਨੀਤੀਆਂ ਨੂੰ ਕਿਵੇਂ ਗ਼ਲਤ ਢੰਗ ਨਾਲ ਪੇਸ਼ ਕਰਨਾ ਨਾਲ ਬਹੁਤ ਨੁਕਸਾਨ ਹੋ ਸਕਦਾ ਹੈ।

**'ਭਾਰਤ ਦੇ ਨਾਲ ਇਲਜ਼ਾਮ ਸਾਂਝਾ ਕੀਤੇ ਹਨ ਪਰ ਸਬੂਤ ਨਹੀਂ'**

ਭਾਰਤ ਦੇ ਜਾਣੇ-ਪਛਾਣੇ ਰਣਨੀਤਕ ਮਾਹਰ ਬ੍ਰਹਮਾ ਚੇਲਾਨੀ ਨੇ ਵੀ ਪੱਛਮ ਦੀ ਖ਼ੁਫ਼ੀਆ ਤੰਤਰ 'ਤੇ ਕਈ ਸਵਾਲ ਖੜ੍ਹੇ ਕੀਤੇ ਹਨ। ਬ੍ਰਹਮਾ ਚੇਲਾਨੀ ਨੇ ਲਿਖਿਆ, "ਕੈਨੇਡਾ ਅਤੇ ਅਮਰੀਕਾ ਨੇ ਭਾਰਤ ਨਾਲ ਕੋਈ ਸਬੂਤ ਸਾਂਝਾ ਨਹੀਂ ਕੀਤਾ ਹੈ। ਇਸ ਦੇ ਬਾਵਜੂਦ ਇਹ ਇੱਕ ਦਹਿਸ਼ਤਗਰਦ ਦੇ ਕਤਲ ਵਿੱਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਲਜ਼ਾਮ ਲਗਾ ਰਹੇ ਹਨ।" "ਦੋਵੇਂ ਭਾਰਤ ਨੂੰ ਜਾਂਚ ਵਿੱਚ ਸਹਿਯੋਗ ਕਰਨ ਦੀ ਅਪੀਲ ਕਰ ਰਹੇ ਹਨ। ਮੰਨੋ ਇਹ ਕਹਿ ਰਹੇ ਹੋਣ ਕਿ ਉਨ੍ਹਾਂ ਕੋਲ ਭਾਰਤ ਖ਼ਿਲਾਫ਼ ਇਲਜ਼ਾਮ ਹਨ ਅਤੇ ਭਾਰਤ ਇਸ ਨੂੰ ਨਕਾਰ ਦੇਣ।" ਚੇਲਾਨੀ ਨੇ ਲਿਖਿਆ ਹੈ, "ਟਰੂਡੋ ਨੇ ਖ਼ੁਦ ਕਿਹਾ ਹੈ ਕਿ ਉਨ੍ਹਾਂ ਨੇ ਭਾਰਤ ਨਾਲ ਇਲਜ਼ਾਮ ਸਾਂਝੇ ਕੀਤੇ ਹਨ ਪਰ ਸਬੂਤ ਨਹੀਂ। ਟਰੂਡੋ ਨੇ ਪਿਛਲੇ ਹਫ਼ਤੇ ਸ਼ੁੱਕਰਵਾਰ ਨੂੰ ਕਿਹਾ ਸੀ, "ਕੈਨੇਡਾ ਨੇ ਠੋਸ ਇਲਜ਼ਾਮ ਭਾਰਤ ਨਾਲ ਸਾਂਝੇ ਕੀਤੇ ਹਨ। ਅਜਿਹੇ ਲੋਕਾਂ ਨੇ ਕੁਝ ਹਫ਼ਤੇ ਪਹਿਲਾਂ ਵੀ ਕੀਤਾ ਸੀ।" ਟਰੂਡੋ ਲਗਾਤਾਰ 'ਕ੍ਰੇਡੀਬਲ ਏਲੀਗੇਸ਼' (ਠੋਸ ਇਲਜ਼ਾਮ) ਟਰਮ ਦੀ ਵਰਤੋਂ ਕਰ ਰਹੇ ਹਨ ਜੋ ਕਿ ਆਪਣੇ ਆਪ ਵਿੱਚ ਵਿਰੋਧਾਭਾਸ ਹੈ। ਇਲਜ਼ਾਮ ਤਾਂ ਇਲਜ਼ਾਮ ਹੁੰਦਾ ਹੈ।" ਚੇਲਾਨੀ ਨੇ ਲਿਖਿਆ, "ਭਾਰਤੀ ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਕੈਨੇਡਾ ਨੇ ਜਸਟਿਨ ਟਰੂਡੋ 'ਤੇ ਇਲਜ਼ਾਮ ਲਗਾਉਣ ਤੋਂ ਪਹਿਲਾਂ ਅਤੇ ਨਾ ਹੀ ਬਾਅਦ ਵਿਚ ਇਸ ਨਾਲ ਸਬੰਧਤ ਕੋਈ ਸਬੂਤ ਸਾਂਝਾ ਨਹੀਂ ਕੀਤਾ ਹੈ।" "ਜੇਕਰ ਕੈਨੇਡਾ ਕੋਲ ਕੋਈ ਸਬੂਤ ਹੈ ਤਾਂ ਉਸਨੂੰ ਜਨਤਕ ਤੌਰ 'ਤੇ ਜਾਰੀ ਕਰਨਾ ਚਾਹੀਦਾ ਹੈ। ਟਰੂਡੋ ਨੂੰ ਮੀਡੀਆ 'ਚ ਸਬੂਤਾਂ ਨਾਲ ਜੁੜੀਆਂ ਕਹਾਣੀਆਂ ਘੜੀਆਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ।"

ਬ੍ਰਹਮਾ ਚੇਲਾਨੀ ਕਹਿੰਦੇ ਹਨ, "ਅਮਰੀਕੀ ਖ਼ੁਫ਼ੀਆ ਨਾਲ ਟਰੂਡੋ ਨੂੰ ਜਿਸ ਤਰ੍ਹਾਂ ਨਾਲ ਭਾਰਤ ਦੇ ਨਾਲ ਉਲਝਣ ਵਿੱਚ ਹਿੰਮਤ ਮਿਲੀ ਹੈ, ਉਸ ਨਾਲ ਅਮਰੀਕਾ ਅਤੇ ਭਾਰਤ ਦੇ ਸਬੰਧਾਂ 'ਤੇ ਵੀ ਅਸਰ ਪੈ ਸਕਦਾ ਹੈ।" "ਭਾਰਤ ਆਪਣੀ ਰਣਨੀਤਕ ਖ਼ੁਦਮੁਖਤਿਆਰੀ ਨਹੀਂ ਛੱਡੇਗਾ। ਰਵਾਇਤੀ ਭਰੋਸਾ ਕਾਇਮ ਕਰਨਾ ਹੁਣ ਮੁਸ਼ਕਿਲ ਹੋ ਗਿਆ ਹੈ। ਨਾ ਤਾਂ ਅਮਰੀਕਾ ਅਤੇ ਨਾ ਹੀ ਕੈਨੇਡਾ ਨੇ ਕੋਈ ਵੀਡੀਓ, ਆਡੀਓ ਜਾਂ ਫੌਰੈਂਸਿਕ ਸਬੂਤ ਪੇਸ਼ ਕੀਤਾ ਹੈ, ਜਿਸ ਤੋਂ ਪਤਾ ਲੱਗੇ ਕਿ ਭਾਰਤ ਇਸ ਕਤਲ ਵਿੱਚ ਸ਼ਾਮਲ ਸੀ।" ਖ਼ਾਲਿਸਤਾਨ ਦੇ ਮੁੱਦੇ 'ਤੇ ਕਈ ਰੱਖਿਆ ਮਾਹਿਰ ਵੀ ਮੋਦੀ ਸਰਕਾਰ 'ਤੇ ਸਵਾਲ ਚੁੱਕ ਰਹੇ ਹਨ। ਭਾਰਤੀ ਫੌਜ ਦੇ ਰਿਟਾਇਰਡ ਲੈਫਟੀਨੈਂਟ ਜਨਰਲ ਹਰਚਰਨਜੀਤ ਸਿੰਘ ਪਨਾਗ ਨੇ ਇੰਡੀਅਨ ਐਕਸਪ੍ਰੈਸ ਵਿੱਚ ਤਵਲੀਨ ਸਿੰਘ ਦੇ ਇੱਕ ਲੇਖ ਦਾ ਇੱਕ ਹਿਸਾ ਸਾਂਝਾ ਕੀਤਾ ਹੈ। ਇਸ ਲੇਖ ਵਿਚ ਤਵਲੀਨ ਸਿੰਘ ਨੇ ਲਿਖਿਆ ਹੈ, "ਨਰਿੰਦਰ ਮੋਦੀ ਦੀਆਂ ਨੀਤੀਆਂ ਨੂੰ ਸਮਝਣਾ ਕੋਈ ਬੁਝਾਰਤ ਨਹੀਂ ਹੈ ਕਿ ਉਨ੍ਹਾਂ ਨੇ ਖ਼ਾਲਿਸਤਾਨ ਦੀ ਮਿੱਥ ਨੂੰ ਮੁੜ ਸੁਰਜੀਤ ਕਿਉਂ ਕੀਤਾ। ਉਨ੍ਹਾਂ ਦੀ ਸਰਕਾਰ ਵੱਖਵਾਦੀ ਲਹਿਰਾਂ ਦੇ ਭੂਤ ਨੂੰ ਮੁੜ ਸੁਰਜੀਤ ਕਰਨ ਲਈ ਇੰਨੇ ਦ੍ਰਿੜ ਕਿਉਂ ਹੈ?

ਪਨਾਗ ਦੇ ਟਵੀਟ ਦੇ ਜਵਾਬ 'ਚ ਭਾਰਤ ਦੇ ਸਾਬਕਾ ਵਿਦੇਸ਼ ਸਕੱਤਰ ਕੰਵਲ ਸਿੱਬਲ ਨੇ ਲਿਖਿਆ, "ਮੋਦੀ ਨੇ ਇਸ ਨੂੰ ਮੁੜ ਸੁਰਜੀਤ ਨਹੀਂ ਕੀਤਾ ਹੈ। ਆਈਐੱਸਆਈ ਦੇ ਸਹਿਯੋਗ ਨਾਲ ਖ਼ਾਲਿਸਤਾਨ ਪੰਜਾਬ ਤੋਂ ਪੱਛਮ ਵੱਲ ਤਬਦੀਲ ਹੋ ਗਿਆ ਹੈ।" "ਕੈਨੇਡਾ, ਯੂਕੇ ਅਤੇ ਅਮਰੀਕਾ ਵਿੱਚ ਸਾਡੇ ਦੂਤਾਵਾਸਾਂ ਉੱਤੇ ਹਮਲੇ ਹੋਏ ਹਨ ਅਤੇ ਰਾਜਦੂਤਾਂ ਨੂੰ ਧਮਕੀਆਂ ਮਿਲੀਆਂ ਹਨ। ਖ਼ਾਲਿਸਤਾਨ ਬਾਰੇ ਰਾਏਸ਼ੁਮਾਰੀ ਕਰਵਾਈ ਗਈ। ਵਿਦੇਸ਼ਾਂ ਵਿੱਚ ਰਹਿੰਦੇ ਖ਼ਾਲਿਸਤਾਨੀਆਂ ਦਾ ਪੰਜਾਬ ਵਿੱਚ ਵੀ ਇਨ੍ਹਾਂ ਤੱਤਾਂ ਨਾਲ ਸੰਪਰਕ ਹੈ। ਹਾਲਾਂਕਿ ਅਜਿਹੇ ਲੋਕ ਬਹੁਤ ਘੱਟ ਹਨ। ਕੀ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ?"

**ਦੋਹਰੇ ਮਾਪਦੰਡ**

ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਐਤਵਾਰ ਨੂੰ ਕਿਹਾ - ਦੁਨੀਆਂ ਹਾਲੇ ਵੀ ਡਬਲ ਸਟੈਂਡਰਡ ਯਾਨਿ ਦੋਹਰੇ ਮਾਪਦੰਡਾਂ ਨਾਲ ਚੱਲ ਰਹੀ ਹੈ। ਉਨ੍ਹਾਂ ਨੇ ਕਿਹਾ, "ਜਿਹੜੇ ਦੇਸ਼ ਪ੍ਰਭਾਵਸ਼ਾਲੀ ਹਨ, ਉਹ ਸਥਿਤੀ ਵਿੱਚ ਬਦਲਾਅ ਦਾ ਵਿਰੋਧ ਕਰਨ ਰਹੇ ਹਨ ਇਤਿਹਾਸਕ ਤੌਰ 'ਤੇ ਸ਼ਕਤੀਸ਼ਾਲੀ ਦੇਸ ਆਪਣੀ ਸਮਰੱਥਾ ਦੀ ਵਰਤੋਂ ਹਥਿਆਰਾਂ ਦੇ ਵਾਂਗ ਕਰ ਰਹੇ ਹਨ।" ਜੈਸ਼ੰਕਰ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਬਦਲਾਅ ਦੇ ਲਈ ਰਾਜਨੀਤਿਕ ਇੱਛਾ ਸ਼ਕਤੀ ਤੋਂ ਵੱਧ ਰਾਜਨੀਤਿਕ ਦਬਾਅ ਹੈ, ਬਦਲਾਅ ਦੀ ਇਹ ਭਾਵਨਾ ਗਲੋਬਲ ਸਾਊਥ ਵਿੱਚ ਵੱਧ ਰਹੀ ਹੈ, ਪਰ ਰਾਜਨੀਤਿਕ ਤੌਰ ਉੱਤੇ ਇਸਨੂੰ ਰੋਕਣ ਦਾ ਕੰਮ ਵੀ ਕੀਤਾ ਜਾ ਰਿਹਾ ਹੈ। ਅਸੀਂ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਸਭ ਤੋਂ ਵੱਧ ਦੇਖਦੇ ਹਾਂ ਕਿ ਜੋ ਲੋਕ ਤਾਕਤਵਰ ਹਨ, ਉਹ ਸਥਿਤੀ ਵਿੱਚ ਬਦਲਾਅ ਦਾ ਵਿਰੋਧ ਕਰ ਰਹੇ ਹਨ।" ਜੈਸ਼ੰਕਰ ਨੇ ਕਿਹਾ, "ਜਿਹੜੇ ਲੋਕ ਅੱਜ ਆਰਥਿਕ ਤੌਰ 'ਤੇ ਪ੍ਰਭਾਵਸ਼ਾਲੀ ਹਨ, ਉਹ ਆਪਣੀ ਉਤਪਾਦਨ ਸਮਰੱਥਾ ਦਾ ਫ਼ਾਇਦਾ ਚੁੱਕ ਰਹੇ ਹਨ, ਉੱਥੇ ਹੀ ਜਿਨ੍ਹਾਂ ਦੇਸਾਂ ਦੇ ਕੋਲ ਮਜ਼ਬੂਤ ਸੰਸਥਾਵਾਂ ਹਨ ਜਾਂ ਇਤਿਹਾਸਕ ਰੂਪ ਵਿੱਚ ਪ੍ਰਭਾਵਸ਼ਾਲੀ ਹਨ, ਉਹ ਆਪਣੀ ਸਮਰੱਥਾ ਦੀ ਵਰਤੋਂ ਹਥਿਆਰ ਦੇ ਰੂਪ ਵਿੱਚ ਕਰ ਰਹੇ ਹਨ।" ਜੈਸ਼ੰਕਰ ਦੇ ਬਿਆਨ ਨੂੰ ਟਰੂਡੋ ਸਮੇਤ ਪੱਛਮੀ ਦੇਸਾਂ ਦੇ ਨਾਲ ਜੋੜਕੇ ਦੇਖਿਆ ਜਾ ਰਿਹਾ ਹੈ।

'ਦਿ ਹਿੰਦੁਸਤਾਨ ਟਾਈਮਜ਼' ਨੇ ਇੱਕ ਲੇਖ ਛਾਪਿਆ ਹੈ। ਇਸ ਲੇਖ ਵਿੱਚ ਸ਼ਿਸ਼ਿਰ ਗੁਪਤਾ ਨੇ ਲਿਖਿਆ ਹੈ ਕਿ ਜਦੋਂ ਅਮਿਤ ਸ਼ਾਹ ਬੀਜੇਪੀ ਦੇ ਪ੍ਰਧਾਨ ਸਨ, ਉਦੋਂ ਭਾਰਤ ਵਿੱਚ ਤੱਤਕਾਲੀ ਅਮਰੀਕੀ ਰਾਜਦੂਤ ਨਾਲ ਉਨ੍ਹਾਂ ਦੀ ਅਕਬਰ ਰੋਡ ਸਥਿਤ ਘਰ ਵਿੱਚ ਮੁਲਾਕਾਤ ਹੋਈ ਸੀ। ਸ਼ਾਹ ਰਾਜਦੂਤ ਦੇ ਨਾਲ ਚੰਗੇ ਤਰੀਕੇ ਪੇਸ਼ ਆਏ ਪਰ ਜਿਵੇਂ ਹੀ ਉਨ੍ਹਾਂ ਨੇ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦਾ ਮੁੱਦਾ ਚੁੱਕਿਆ, ਸ਼ਾਹ ਨੇ ਕਿਹਾ ਅਮਰੀਕਾ ਦਾ ਕੋਈ ਹੱਕ ਨਹੀਂ ਹੈ ਕਿ ਉਹ ਮਨੁੱਖੀ ਹੱਕਾਂ ਦੇ ਮੁੱਦੇ ਉੱਤੇ ਭਾਰਤ ਨੂੰ ਗਿਆਨ ਦੇਣ। ਇਹ ਕਹਿੰਦੇ ਹੀ ਦੋਵਾਂ ਦੇ ਵਿੱਚ ਮੁਲਾਕਾਤ ਖ਼ਤਮ ਹੋ ਗਈ। ਇਸ ਲੇਖ ਵਿੱਚ ਲਿਖਿਆ ਹੈ ਕਿ ਪੱਛਮੀ ਦੇਸਾਂ ਦੇ ਦੋਹਰੇ ਮਾਪਦੰਡ ਇੱਕ ਵਾਰੀ ਫੇਰ ਸਾਹਮਣੇ ਆ ਗਏ ਹਨ, ਜਦੋਂ ਕੈਨੇਡਾ ਅਤੇ ਅਮਰੀਕਾ ਨਿੱਝਰ ਦੇ ਕਤਲ ਦੇ ਪਿੱਛੇ ਭਾਰਤ ਦੀ ਸ਼ਮੂਲੀਅਤ ਸਾਬਤ ਕਰਨੀ ਚਾਹੁੰਦੇ ਹਨ। ਸ਼ਿਸ਼ਿਰ ਗੁਪਤਾ ਲਿਖਦੇ ਹਨ,"ਕੈਨੇਡਾ ਅਤੇ ਅਮਰੀਕਾ ਦਾ ਪ੍ਰੋਪੇਗੰਡਾ ਮੀਡੀਆ ਨਿੱਝਰ ਨੂੰ ਬਸ ਖਾਲਿਸਤਾਨ ਦਾ ਬੁਲਾਰਾ ਦੱਸ ਰਹੇ ਹਨ, ਉਹ ਵੀ ਓਦੋਂ ਜਦੋਂ ਭਾਰਤ ਨੇ ਨਿੱਝਰ ਦੇ ਖ਼ਿਲਾਫ਼ ਘੱਟੋ-ਘੱਟ ਦੱਸ ਐੱਫਆਈਆਰ ਹੋਣ ਬਾਰੇ ਜਾਣਕਾਰੀ ਭਾਰਤ ਨਾਲ ਸਾਂਝੀ ਕੀਤੀ ਹੈ, ਇਹ ਐੱਫਆਈਆਰ ਭਾਰਤ ਵਿੱਚ ਭਾਰਤੀਆਂ ਉੱਤੇ ਕੀਤੇ ਗਏ ਹਮਲੇ ਦੇ ਚਲਦਿਆਂ ਦਰਜ ਕੀਤੇ ਗਏ ਸਨ।" ਹਿੰਦੁਸਤਾਨ ਟਾਈਮਜ਼ ਵਿੱਚ ਸ਼ਿਸ਼ਿਰ ਗੁਪਤਾ ਲਿਖਦੇ ਹਨ, ਨਿੱਝਰ ਖਾਲਿਸਤਾਨ ਅੱਤਵਾਦੀਆਂ ਦੀਆਂ ਤਸਵੀਰਾਂ ਨੂੰ ਦਾ ਪ੍ਰਦਰਸ਼ਨ ਕਰਨ ਵਾਲੇ ਗੁਰਦੁਆਰੇ ਦੇ ਪ੍ਰਧਾਨ ਬਣੇ, ਨਿੱਝਰ 2013-14 ਵਿੱਚ ਪਾਕਿਸਤਾਨ ਗਏ ਅਤੇ ਆਈਐੱਸਆਈ ਦੇ ਅਧਿਕਾਰੀਆਂ ਨਾਲ ਵੀ ਮਿਲੇ।

**ਕੀ ਸਬੂਤ ਦੇਣ ਦੀ ਥਾਂ ਇਲਜ਼ਾਮ ਲਾ ਰਿਹਾ ਕੈਨੇਡਾ**

'ਦਿ ਹਿੰਦੁਸਤਾਨ ਟਾਈਮਜ਼' ਦੀ ਰਿਪੋਰਟ ਵਿੱਚ ਲਿਖਿਆ ਹੈ ਕਿ ਟਰੂਡੋ ਅਤੇ ਉਨ੍ਹਾਂ ਦੀ ਵਿਦੇਸ਼ ਮੰਤਰੀ ਸਬੂਤ ਨਹੀਂ ਦੇ ਰਹੇ ਬਲਕਿ ਮੋਦੀ ਸਰਕਾਰ ਨੂੰ ਅਜਿਹੇ ਅਪਰਾਧ ਦੇ ਲਈ ਘੇਰ ਰਹੇ ਹਨ ਜਿਹੜਾ ਉਨ੍ਹਾਂ ਨੇ ਕੀਤਾ ਹੀ ਨਹੀਂ ਹੈ। ਇਸ ਇਲਜ਼ਾਮ ਵਿੱਚ ਅਮਰੀਕਾ ਆਪਣੇ ਭਰਾ ਕੈਨੇਡਾ ਦਾ ਸਾਥ ਦੇ ਰਿਹਾ ਹੈ। ਅਖ਼ਬਾਰ ਵਿੱਚ ਲਿਖਿਆ ਹੈ, "ਕੈਨੇਡਾ ਅਤੇ ਅਮਰੀਕਾ ਵਿੱਚ ਵੱਖਵਾਦੀ ਮੁਹਿੰਮ ਨੂੰ ਬੋਲਣ ਦੀ ਆਜ਼ਾਦੀ ਦੱਸਿਆ ਜਾ ਰਿਹਾ ਹੈ, ਤੱਥ ਇਹ ਹੈ ਕਿ ਖਾਲਿਸਤਾਨ ਦੀ ਮੰਗ ਕਰਨ ਵਾਲਿਆਂ ਦੇ ਲਈ ਪੱਛਮੀ ਦੇਸ ਲੰਬੇ ਸਮੇਂ ਤੋਂ ਪਨਾਹਗਾਹ ਬਣੇ ਹੋਏ ਹਨ।" ਅਖ਼ਬਾਰ ਨੇ ਲਿਖਿਆ ਹੈ, "ਅਮਰੀਕਾ ਤੋਂ ਮਿਲੀ ਇੰਟੈਲੀਜੈਸ਼ ਅਤੇ ਪ੍ਰੋਪੇਗੰਡਾ ਮੀਡੀਆ ਦੇ ਸਹਾਰੇ ਖਾਲਿਸਤਾਨ ਨੂੰ ਹਥਿਆਰ ਬਣਾ ਕੇ ਭਾਰਤ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਇਸ ਵਜ੍ਹਾ ਨਾਲ ਭਾਰਤੀ ਇੰਟੈਲੀਜੈਂਸ ਦੇ ਚੀਫ ਨੇ ਸੀਆਈਏ ਡਾਇਰੈਕਟਰ ਨੂੰ ਕਿਹਾ ਸੀ ਕਿ ਜੀ ਐੱਸ ਪਨੂੰ ਦੇ ਖ਼ਿਲਾਫ਼ ਅਮਰੀਕਾ ਅਤੇ ਕੈਨੇਡਾ ਵਿੱਚ ਕਾਰਵਾਈ ਇਸ ਲਈ ਨਹੀਂ ਹੋ ਰਹੀ ਹੈ ਕਿਉਂਕਿ ਉਹ ਸੀਆਈਏ ਦੇ ਏਜੰਟ ਹੋ ਸਕਦੇ ਹਨ। ਪਨੂੰ ਦੇ ਕੋਲ ਅਮਰੀਕਾ ਅਤੇ ਕੈਨੇਡਾ ਦੋਵਾਂ ਦੇਸਾਂ ਦੀ ਨਾਗਰਿਕਤਾ ਹੈ ਅਤੇ ਉਹ ਖੁੱਲ੍ਹੇ ਤੌਰ ਉੱਤੇ ਭਾਰਤ ਦਾ ਵਿਰੋਧ ਕਰਦੇ ਰਹੇ ਹਨ।" ਲੇਖ ਵਿੱਚ ਲਿਖਿਆ ਹੈ ਕਿ ਬੀਤੇ ਦਹਾਕੇ ਵਿੱਚ ਭਾਰਤ ਨੇ ਅਮਰੀਕਾ ਅਤੇ ਕੈਨੇਡਾ ਨੂੰ ਖਾਲਿਸਤਾਨ ਸਮਰਥਕਾਂ ਨੇ ਕਈ ਡੋਜ਼ੀਅਰ ਦਿੱਤੇ ਹਨ ਪਰ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ। "9/11 ਹਮਲੇ ਤੋਂ ਬਾਅਦ ਪਾਕਿਸਤਾਨ ਦੇ ਸਰਹੱਦ ਪਾਰ ਕੀਤੇ ਜਾਣ ਵਾਲੇ ਅੱਤਵਾਦ ਨੂੰ ਲੈ ਕੇ ਅਮਰੀਕਾ ਦੀਆਂ ਅੱਖਾਂ ਖੁੱਲ੍ਹੀਆਂ ਸਨ, ਠੀਕ ਉਵੇਂ ਹੀ ਸ਼ਾਇਦ ਅਮਰੀਕਾ ਖਾਲਿਸਤਾਨੀ ਵੱਖਵਾਦੀਆਂ ਦੇ ਵੱਲੋਂ ਕਿਸੇ ਹਮਲੇ ਨੂੰ ਕੀਤੇ ਜਾਣ ਦਾ ਇੰਤਜ਼ਾਰ ਕਰ ਰਿਹਾ ਹੈ।" ਅਖ਼ਬਾਰ ਵਿੱਚ ਛਪੀ ਰਿਪੋਰਟ ਵਿੱਚ ਕਿਹਾ ਗਿਆ ਹੈ, "ਤਾਲਿਬਾਨ ਚੀਫ ਮੁੱਲਾ ਮਸੂਰ ਅਖ਼ਤਰ, ਇਰਾਨ ਦੇ ਜਨਰਲ ਕਾਸਿਮ ਸੁਲੇਮਾਨੀ ਦਾ ਕਿਸ ਆਧਾਰ ਉੱਤੇ ਅਮਰੀਕਾ ਨੇ ਵਿਦੇਸ਼ੀ ਜ਼ਮੀਨ ਉੱਤੇ ਕਤਲ ਕੀਤਾ ਸੀ?" ਅੱਤਵਾਦ ਨੂੰ ਖ਼ਤਮ ਕਰਨ ਦੇ ਨਾਂਅ ਉੱਤੇ ਅਮਰੀਕਾ ਦੁਨੀਆਂ ਵਿੱਚ ਜੋ ਕਰਦਾ ਹੈ, ਉਸ ਬਾਰੇ ਸੰਯੁਕਤ ਰਾਸ਼ਟਰ ਜਾਂ ਕਿਸੇ ਦੇਸ ਨੇ ਕਦੇ ਸਵਾਲ ਨਹੀਂ ਚੁੱਕਿਆ।"

# ਭੜਕਾਊ ਬਿਆਨਾਂ ਦਾ ਭਾਰਤੀ ਭਾਈਚਾਰੇ 'ਤੇ ਕੀ ਅਸਰ ਹੋ ਰਿਹਾ ਹੈ

ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਲੈ ਕੇ ਕੈਨੇਡਾ ਅਤੇ ਭਾਰਤ ਵਿਚਕਾਰ ਪੈਦਾ ਹੋਏ ਵਿਵਾਦ ਨੇ ਭਾਰਤੀ ਪਰਵਾਸੀਆਂ ਵਿੱਚ ਵੀ ਸਿਆਸੀ ਬਹਿਸ ਨੂੰ ਹਵਾ ਦੇ ਦਿੱਤੀ ਹੈ। ਹਾਲਾਂਕਿ ਕੁਝ ਲੋਕਾਂ ਦਾ ਕਹਿਣਾ ਹੈ ਇਸ ਮੁੱਦੇ ਨੂੰ ਜ਼ਰੂਰਤ ਤੋਂ ਵੱਧ ਵਧਾਇਆ-ਚੜ੍ਹਾਇਆ ਜਾ ਰਿਹਾ ਹੈ। ਲੰਘੇ ਸੋਮਵਾਰ ਜਦੋਂ ਜਸਟਿਨ ਟਰੂਡੋ ਨੇ ਜਨਤਕ ਤੌਰ 'ਤੇ ਇਹ ਇਲਜ਼ਾਮ ਲਾਇਆ ਕਿ ਕੈਨੇਡਾ 'ਚ ਹਰਦੀਪ ਸਿੰਘ ਨਿੱਝਰ ਦੇ ਕਤਲ ਪਿੱਛੇ ਭਾਰਤ ਦਾ ਹੱਥ ਹੋ ਸਕਦਾ ਹੈ, ਤਾਂ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਕਲਿੱਪ ਵਾਇਰਲ ਹੋ ਗਿਆ। ਇਸ 'ਚ ਅਮਰੀਕਾ ਦਾ ਇਕ ਸਿੱਖ ਵੱਖਵਾਦੀ ਸਮੂਹ ਕੈਨੇਡਾ ਦੇ ਹਿੰਦੂਆਂ ਨੂੰ ਭਾਰਤ ਵਾਪਸ ਜਾਣ ਲਈ ਕਹਿ ਰਿਹਾ ਹੈ।

ਇਹ ਵੀਡੀਓ ਕਥਿਤ ਤੌਰ 'ਤੇ 12 ਸਤੰਬਰ ਨੂੰ ਫਿਲਮਾਇਆ ਗਿਆ ਸੀ, ਜਿਸ ਵਿੱਚ ਸਿੱਖ ਫਾਰ ਜਸਟਿਸ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ, "ਭਾਰਤੀ ਕੈਨੇਡੀਅਨ ਹਿੰਦੂ, ਤੁਸੀਂ ਕੈਨੇਡਾ ਅਤੇ ਕੈਨੇਡਾ ਦੇ ਸੰਵਿਧਾਨ ਪ੍ਰਤੀ ਆਪਣੀ ਵਫ਼ਾਦਾਰੀ ਤੋਂ ਇਨਕਾਰ ਕਰ ਦਿੱਤਾ ਹੈ।" ਉਨ੍ਹਾਂ ਕਿਹਾ, "ਹੁਣ ਤੁਹਾਡੀ ਮੰਜ਼ਿਲ ਭਾਰਤ ਹੈ। ਕੈਨੇਡਾ ਛੱਡੋ। ਭਾਰਤ ਜਾਓ।" ਪੰਨੂ ਕੋਲ ਕੈਨੇਡਾ ਅਤੇ ਅਮਰੀਕਾ ਦੀ ਦੋਹਰੀ ਨਾਗਰਿਕਤਾ ਹੈ ਅਤੇ ਉਹ ਨਿੱਝਰ ਦੇ ਦੋਸਤ ਵੀ ਸਨ। ਉਨ੍ਹਾਂ ਦਾ ਇਹ ਵੀਡੀਓ ਆਨਲਾਈਨ ਅਤੇ ਭਾਰਤੀ ਮੀਡੀਆ 'ਚ ਕਾਫੀ ਸ਼ੇਅਰ ਕੀਤਾ ਗਿਆ। ਕੈਨੇਡਾ ਦੀ ਸੰਸਦ ਵਿੱਚ ਲਿਬਰਲ ਮੈਂਬਰ ਚੰਦਰ ਆਰੀਆ ਇੱਕ ਹਿੰਦੂ ਹਨ ਅਤੇ ਉਨ੍ਹਾਂ ਨੇ ਇਸ ਵੀਡੀਓ ਬਾਰੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ (ਪਹਿਲਾਂ ਟਵਿੱਟਰ) 'ਤੇ ਲਿਖਿਆ, "ਇਸ ਟਾਰਗੇਟਿਡ ਹਮਲੇ ਤੋਂ ਬਾਅਦ ਸਹਿਮੇ ਹੋਏ ਹਿੰਦੂ-ਕਨੇਡੀਅਨ ਲੋਕਾਂ ਨਾਲ ਮੇਰੀ ਗੱਲ ਹੋਈ।" ਆਰੀਆ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ "ਇਹ ਬਿਆਨ ਕੈਨੇਡਾ ਵਿੱਚ ਹਿੰਦੂ ਅਤੇ ਸਿੱਖ ਭਾਈਚਾਰਿਆਂ ਨੂੰ ਵੰਡਣ ਲਈ ਦਿੱਤੇ ਗਏ ਸਨ।" ਉਨ੍ਹਾਂ ਨੇ ਬੀਬੀਸੀ ਨੂੰ ਟਿੱਪਣੀ ਦੇਣ ਤੋਂ ਇਨਕਾਰ ਕਰ ਦਿੱਤਾ।

**ਭਾਈਚਾਰਿਆਂ 'ਚ ਵੰਡ**

ਇਨ੍ਹਾਂ ਗੱਲਾਂ ਨੇ ਭਾਰਤੀ ਪਰਵਾਸੀਆਂ ਵਿਚਲੀ ਵੰਡ ਨੂੰ ਉਜਾਗਰ ਕਰ ਦਿੱਤਾ ਹੈ ਅਤੇ ਕੈਨੇਡਾ ਦੇ ਧਮਾਕੇਦਾਰ ਇਲਜ਼ਾਮਾਂ ਨੇ ਇਸ ਨੂੰ ਵਧਾਇਆ ਹੀ ਹੈ। ਹਾਲਾਂਕਿ, ਭਾਰਤ ਨੇ ਨਿੱਝਰ ਦੇ ਕਤਲ ਵਿੱਚ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ। ਨਿੱਝਰ ਦੇ ਕਤਲ ਨੂੰ ਲੈ ਕੇ ਪਹਿਲਾਂ ਹੀ ਤਣਾਅ ਵਧਿਆ ਹੋਇਆ ਸੀ। ਉਸ ਦੇ ਸਮਰਥਕਾਂ ਨੇ ਇਸ ਕਤਲ ਦੇ ਖਿਲਾਫ ਪੂਰੇ ਕੈਨੇਡਾ ਵਿੱਚ ਪ੍ਰਦਰਸ਼ਨ ਕੀਤੇ ਅਤੇ ਭਾਰਤ 'ਤੇ ਇਸ ਕਤਲ ਵਿੱਚ ਸ਼ਾਮਲ ਹੋਣ ਦੇ ਇਲਜ਼ਾਮ ਲਗਾਏ। ਭਾਰਤ ਸਰਕਾਰ ਦੇ ਸਮਰਥਕਾਂ ਨੇ ਵੀ ਇਨ੍ਹਾਂ ਪ੍ਰਦਰਸ਼ਨਾਂ ਦੇ ਵਿਰੋਧ ਵਿੱਚ ਜਵਾਬੀ ਪ੍ਰਦਰਸ਼ਨ ਕੀਤੇ। ਨਿੱਝਰ ਦੇ ਸਮਰਥਕਾਂ ਦੇ ਪ੍ਰਦਰਸ਼ਨ 'ਚ ਅਜਿਹੇ ਪੋਸਟਰ ਵੀ ਦੇਖੇ ਗਏ, ਜਿਨ੍ਹਾਂ 'ਚ ਭਾਰਤੀ ਡਿਪਲੋਮੈਟਾਂ ਨੂੰ 'ਕਾਤਲ' ਕਿਹਾ ਗਿਆ ਸੀ। ਨਵੀਂ ਦਿੱਲੀ ਦੇ ਅਧਿਕਾਰੀਆਂ ਨੇ ਇਸ ਦੀ ਨਿੰਦਾ ਕੀਤੀ। ਭਾਰਤ, ਕੈਨੇਡਾ ਵਿੱਚ 'ਭਾਰਤ ਵਿਰੋਧੀ ਨਾਅਰਿਆਂ' ਨਾਲ ਹਿੰਦੂ ਮੰਦਰਾਂ ਨੂੰ ਨਿਸ਼ਾਨਾ ਬਣਾਉਣ ਅਤੇ ਢਾਹੇ ਜਾਣ ਦਾ ਮੁੱਦਾ ਉਠਾ ਚੁੱਕਿਆ ਹੈ। ਨਿੱਝਰ, ਭਾਰਤੀ ਪੰਜਾਬ ਵਿੱਚ ਸਿੱਖਾਂ ਲਈ ਇੱਕ ਵੱਖਰਾ ਦੇਸ਼, ਖਾਲਿਸਤਾਨ ਬਣਾਉਣ ਦੇ ਇੱਕ ਵੱਡੇ ਸਮਰਥਕ ਸਨ।ਭਾਰਤ ਨੇ ਖਾਲਿਸਤਾਨ ਅੰਦੋਲਨ ਦਾ ਸਖ਼ਤ ਵਿਰੋਧ ਕੀਤਾ ਅਤੇ ਨਿੱਝਰ ਨੂੰ 'ਅੱਤਵਾਦੀ' ਕਰਾਰ ਦਿੱਤਾ। ਪੰਨੂ ਨੇ ਕਿਹਾ ਕਿ 'ਉਨ੍ਹਾਂ ਦੇ ਬਿਆਨ ਦਾ ਉਦੇਸ਼ ਸਾਰੇ ਹਿੰਦੂਆਂ ਨੂੰ ਨਿਸ਼ਾਨਾ ਬਣਾਉਣਾ ਨਹੀਂ ਸੀ, ਸਗੋਂ ਉਨ੍ਹਾਂ ਲੋਕਾਂ 'ਤੇ ਸੀ ਜੋ ਭਾਰਤ ਸਰਕਾਰ ਦੇ ਹਿੱਤਾਂ ਦੀ ਹਮਾਇਤ ਕਰ ਰਹੇ ਹਨ,' ਜੋ ਪਨੂੰ ਦੇ ਅਨੁਸਾਰ, 'ਬਹੁਗਿਣਤੀ ਹਿੰਦੂ ਹਨ।'

**ਭਾਰਤੀ ਭਾਈਚਾਰੇ ਦੀ ਪ੍ਰਤੀਕਿਰਿਆ**

ਕਈ ਭਾਰਤੀ ਮੂਲ ਦੇ ਲੋਕਾਂ ਦਾ ਕਹਿਣਾ ਸੀ ਕਿ

**(ਬਾਕੀ ਅਗਲੇ ਸਫੇ 'ਤੇ)**

# ਜੋਤੀ ਜੋਤਿ ਦਿਵਸ ਗੁਰੂ ਨਾਨਕ ਸਾਹਿਬ ਜੀ

## 8 ਅੱਸੂ ਬਨਾਮ ਅੱਸੂ ਵਦੀ 10



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਗੁਰੂ ਨਾਨਕ ਸਾਹਿਬ ਜੀ ਦੀ ਜਨਮ ਤਾਰੀਖ ਬਾਰੇ ਹੀ ਨਹੀਂ, ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਬਾਰੇ ਵੀ ਵਿਦਵਾਨਾਂ ਵਿੱਚ ਮੱਤ ਭੇਦ ਹਨ। ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀਆਂ ਵੀ ਦੋ ਤਾਰੀਖਾਂ ਮਿਲਦੀਆਂ ਹਨ। ਅੱਸੂ ਵਦੀ 10 ਅਤੇ ਅੱਸੂ ਸੁਦੀ 10, ਸੰਮਤ 1596 ਬਿਕ੍ਰਮੀ। ਅੱਸੂ ਵਦੀ 10 ਵਾਲੇ ਦਿਨ ਦਾ ਜੇ ਪ੍ਰਵਿਸ਼ਟਾ (ਸੰਗਰਾਂਦੀ ਤਾਰੀਖ) ਵੇਖੀਏ ਤਾਂ ਇਹ 8 ਅੱਸੂ ਦਿਨ ਐਤਵਾਰ ਸੀ। ਜਦੋਂ ਇਸ ਨੂੰ ਅੰਗਰੇਜੀ ਕੈਲੰਡਰ ਵਿੱਚ ਲਿਖਿਆ ਗਿਆ ਤਾਂ ਇਹ 7 ਸਤੰਬਰ 1539 ਈ: (ਜੂਲੀਅਨ) ਲਿਖੀ ਗਈ। ਅੱਸੂ ਸੁਦੀ 10 ਵਾਲੇ ਦਿਨ 23 ਅੱਸੂ ਦਿਨ ਸੋਮਵਾਰ ਅਤੇ 22 ਸਤੰਬਰ (ਜੂਲੀਅਨ) ਸੀ। ਇਨ੍ਹਾਂ ਦੋਵਾਂ ਤਾਰੀਖਾਂ ਵਿੱਚ 15 ਦਿਨਾਂ ਦਾ ਫ਼ਰਕ ਹੈ। ਬਿਕ੍ਰਮੀ ਕੈਲੰਡਰ ਦੀਆਂ ਤਾਰੀਖਾਂ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਜੇ ਕਿਸੇ ਇਕ ਦਿਹਾੜੇ ਦੀ ਤਾਰੀਖ ਵਿੱਚ 15 ਦਿਨ੍ਹਾਂ ਦਾ ਫ਼ਰਕ ਹੋਵੇ ਤਾਂ ਇਹ ਵਦੀ-ਸੁਦੀ ਦਾ ਭੁਲੇਖਾ ਹੋ ਸਕਦਾ ਹੈ। ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਅਸਲ ਤਾਰੀਖ ਅੱਸੂ ਵਦੀ 10 ਨੂੰ ਕਿਸੇ ਇਕ ਲਿਖਾਰੀ ਨੇ ਭੁਲੇਖੇ ਨਾਲ ਅੱਸੂ ਸੁਦੀ 10 ਲਿਖ ਦਿੱਤਾ ਤਾਂ ਪਿਛੋਂ ਲਿਖਣ ਵਾਲੇ ਲਿਖਾਰੀਆਂ ਨੇ ਬਿਨਾ ਸੋਚੇ-ਸਮਝੇ ਇਹ ਤਾਰੀਖ ਪ੍ਰਚੱਲਤ ਕਰ ਦਿੱਤੀ।ਜਦੋਂ ਬਿਕ੍ਰਮੀ ਕੈਲੰਡਰ ਦੀਆਂ ਤਾਰੀਖਾਂ ਨੂੰ ਅੰਗਰੇਜੀ ਤਾਰੀਖਾਂ ਵਿੱਚ ਲਿਖਣ ਦਾ ਰਿਵਾਜ ਪਿਆ ਤਾਂ ਤਾਰੀਖਾਂ ਬਦਲੀ ਕਰਨ ਵੇਲੇ ਲਿਖਾਰੀਆਂ ਤੋਂ ਜਾਣੇ-ਅਣਜਾਣੇ ਹੋਰ ਗਲਤੀਆਂ ਹੋ ਗਈਆਂ।

ਡਾ ਹਰਜਿੰਦਰ ਸਿੰਘ ਦਿਲਗੀਰ ਵੀ ਇਸ ਭੁਲੇਖੇ ਦਾ ਸ਼ਿਕਾਰ ਹੋ ਗਿਆ। “22 ਸਤੰਬਰ 1539 ਦੇ ਦਿਨ ਗੁਰੂ ਨਾਨਕ ਸਾਹਿਬ ਕਰਤਾਰਪੁਰ ਵਿੱਚ ਜੋਤੀ ਜੋਤ ਸਮਾ ਗਏ” (ਸਿੱਖ ਤਵਾਰੀਖ਼ ਪਹਿਲਾ ਹਿੱਸਾ 1469 ਤੋਂ 1708, ਪੰਨਾ177) 22 ਸਤੰਬਰ ਮੁਤਾਬਕ ਇਹ ਅੱਸੂ ਸੁਦੀ 10 ਬਣਦੀ ਹੈ। ਡਾ ਸੁਖਦਿਆਲ ਸਿੰਘ ਨੇ ਅੱਸੂ ਵਦੀ 10 ਤਾਂ ਠੀਕ ਲਿਖੀ ਹੈ ਪਰ ਅੰਗਰੇਜੀ ਤਾਰੀਖ ਲਿਖਣ ਵੇਲੇ ਗਲਤੀ ਕਰ ਗਏ। “ਅੱਸੂ ਵਦੀ ਦਸਮੀ ਸੰਮਤ 1596 ਬਿ: ਮੁਤਾਬਕ 22 ਸਤੰਬਰ, 1539 ਈ: ਵਿਚ ਜੋਤੀ ਜੋਤ ਸਮਾ ਗਏ”, (ਪੰਜਾਬ ਦਾ ਇਤਿਹਾਸ, ਗੁਰ ਕਾਲ 1469-1708, ਪੰਨਾ 48)।ਅੱਸੂ ਵਦੀ 10 ਮੁਤਾਬਕ ਤਾਂ 7 ਸਤੰਬਰ (ਜੂਲੀਅਨ) ਬਣਦੀ ਹੈ। ‘ਗੁਰਬਾਣੀ ਪਾਠ ਦਰਪਣ’ ਵਿੱਚ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ, “1596 ਬਿ: ਅੱਸੂ ਵਦੀ ਦਸਮੀ, ਸ੍ਰੀ ਕਰਤਾਰਪੁਰ ਸਾਹਿਬ, 10 ਅਕਤੂਬਰ 1596 ਈ:” ਦਰਜ ਹੈ।(ਪੰਨਾ 11) ਇਥੇ ਵੀ ਅੱਸੂ ਵਦੀ ਦਸਮੀ ਤਾਂ ਠੀਕ ਹੈ ਪਰ ਅੰਗਰੇਜੀ ਤਾਰੀਖ 10 ਅਕਤੂਬਰ ਗਲਤ ਹੈ। 10 ਅਕਤੂਬਰ ਨੂੰ ਤਾਂ ਕੱਤਕ ਵਦੀ ਚੌਦਸ ਸੀ। ਹੱਥ ਲਿਖਤ ਬੀੜਾ ਵਿੱਚ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਅੱਸੂ ਵਦੀ 10 ਸੰਮਤ 1596 ਬਿ: ਦਰਜ ਹੈ। ਇਹ ਹੀ ਪ੍ਰਮਾਣਿਕ ਤਾਰੀਖ ਹੈ।

ਗੁਰੂ ਕਾਲ ਵੇਲੇ ਆਪਣੇ ਦੇਸ਼ ਵਿੱਚ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਪ੍ਰਚੱਲਤ ਸੀ। ਇਸ ਕੈਲੰਡਰ ਵਿੱਚ ਦੋਵੇਂ ਤਰ੍ਹਾਂ ਹੀ (ਵਦੀ-ਸੁਦੀ ਅਤੇ ਪ੍ਰਵਿਸ਼ਟੇ) ਤਾਰੀਖਾਂ ਲਿਖੀਆਂ ਜਾਂਦੀਆਂ ਸਨ। ਜਿਵੇ ਚੰਦ ਦੇ ਕੈਲੰਡਰ ਮੁਤਾਬਕ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖਾਂ ਅੱਸੂ ਵਦੀ 10 ਅਤੇ ਸੂਰਜੀ ਕੈਲੰਡਰ ਮੁਤਾਬਕ ਖਾਲਸਾ ਸਾਜਨਾ ਦਿਵਸ 1 ਵੈਸਾਖ। ਹੁਣ ਜੇ ਇਨ੍ਹਾਂ ਦੋਵਾਂ ਤਾਰੀਖ ਨੂੰ, ਦੋਵਾਂ ਵਿਧੀਆਂ ਨਾਲ ਲਿਖੀਏ ਤਾਂ ਇਹ 8 ਅੱਸੂ/ ਅੱਸੂ ਵਦੀ 10 ਅਤੇ 1 ਵੈਸਾਖ/ ਚੇਤ ਸੁਦੀ 9, ਲਿਖੀਆਂ ਜਾਣਗੀਆਂ ।

| ਸੰਮਤ | ਈ: ਸੰਨ | ਵਦੀ-ਸੁਦੀ ਮੁਤਾਬਕ | ਪ੍ਰਵਿਸ਼ਟਾ |
|---|---|---|---|
| 546 | 2014-15 | 2 ਅੱਸੂ | 8 ਅੱਸੂ |
| 547 | 2015-16 | 21 ਅੱਸੂ | 8 ਅੱਸੂ |
| 548 | 2016-17 | 10 ਅੱਸੂ | 8 ਅੱਸੂ |
| 549 | 2017-18 | 31 ਭਾਦੋਂ | 8 ਅੱਸੂ |
| 550 | 2018-19 | 18 ਅੱਸੂ | 8 ਅੱਸੂ |
| 551 | 2019-20 | 8 ਅੱਸੂ | 8 ਅੱਸੂ |
| 552 | 2020-21 | 28 ਅੱਸੂ | 8 ਅੱਸੂ |
| 553 | 2021-22 | 16 ਅੱਸੂ | 8 ਅੱਸੂ |
| 554 | 2022-23 | 4 ਅੱਸੂ | 8 ਅੱਸੂ |
| 555 | 2023-24 | 23 ਅੱਸੂ | 8 ਅੱਸੂ |

ਅੱਸੂ ਵਦੀ 10 ਚੰਦ ਦੇ ਕੈਲੰਡਰ ਦੀ ਤਾਰੀਖ ਹੈ। ਚੰਦ ਦੇ ਕੈਲੰਡਰ ਮੁਤਾਬਕ ਸਾਲ ਵਿੱਚ354.37ਦਿਨ ਹੁੰਦੇ ਹਨ। ਦੂਜੇ ਪਾਸੇ ਸਾਲ ਦੀ ਪ੍ਰੀਭਾਸ਼ਾ, ਧਰਤੀ ਦਾ ਸੂਰਜ ਦੁਵਾਲੇ ਇਕ ਚੱਕਰ ਹੈ ਨਾਕਿ ਚੰਦ ਦੇ ਧਰਤੀ ਦੁਵਾਲੇ 12 ਚੱਕਰ। ਧਰਤੀ ਸੂਰਜ ਦੁਵਾਲੇ ਇਕ ਚੱਕਰ 365.2422 ਦਿਨਾਂ ਵਿੱਚ ਪੂਰਾ ਕਰਦੀ ਹੈ। ਇਥੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਚੰਦ ਦਾ ਸਾਲ ਸੂਰਜੀ ਸਾਲ ਤੋਂ 11 ਦਿਨ ਛੋਟਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ।

ਹੁਣ ਜਦੋਂ ਅਸੀਂ ਗੁਰੂ ਨਾਨਕ ਸਾਹਿਬ ਜੀ ਦਾ ਜੋਤੀ ਜੋਤ ਸਮਾਉਣ ਦਾ ਦਿਹਾੜਾ ਚੰਦ ਦੇ ਕੈਲੰਡਰ ਮੁਤਾਬਕ, ਅੱਸੂ ਵਦੀ 10 ਨੂੰ ਮਨਾਉਂਦੇ ਹਾਂ ਤਾਂ ਇਹ ਹਰ ਸਾਲ ਪਿਛਲੇ ਸਾਲ ਤੋਂ ਆਮ ਤੌਰ ਤੇ 11 ਦਿਨ ਪਹਿਲਾ ਆ ਜਾਂਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰਾਂ ਨੂੰ ਧਿਆਨ ਵਾਲ ਵੇਖੋ। ਸੰਮਤ 553 ਨਾਨਕਸ਼ਾਹੀ (2021-22 ਈ:) ਵਿੱਚ ਇਹ ਦਿਹਾੜਾ 16 ਅੱਸੂ ਦਾ ਦਰਜ ਸੀ। ਸੰਮਤ 554 ਨਾਨਕਸ਼ਾਹੀ (2022-23 ਈ:) ਵਿੱਚ ਇਹ ਦਿਹਾੜਾ 4 ਅੱਸੂ ਦਾ ਦਰਜ ਸੀ। ਇਸ ਹਿਸਾਬ ਨਾਲ ਤਾਂ, ਇਸ ਸਾਲ ਭਾਵ ਸੰਮਤ 555 ਨਾਨਕਸ਼ਾਹੀ (2023-24 ਈ:) 24 ਭਾਦੋਂ ਦਾ ਦਰਜ ਹੋਣਾ ਚਾਹੀਦਾ ਸੀ ਪਰ ਨਹੀਂ, ਇਸ ਸਾਲ ਇਹ ਦਿਹਾੜਾ 23 ਅੱਸੂ ਦਾ ਦਰਜ ਹੈ। ਅਜੇਹਾ ਕਿਉਂ?

ਇਸ ਦਾ ਕਾਰਨ ਇਹ ਹੈ ਕਿ ਜਦੋਂ ਚੰਦ ਦਾ ਸਾਲ ਸੂਰਜੀ ਸਾਲ ਨਾਲੋਂ ਇਕ ਸਾਲ ਵਿਚ 11 ਦਿਨ, ਦੋ ਸਾਲਾਂ ਵਿੱਚ 22 ਦਿਨ ਪਿਛੇ ਰਹਿ ਜਾਵੇ ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ ਅਤੇ ਚੰਦ ਦੇ ਸਾਲ ਦੇ 13 ਮਹੀਨੇ ਅਤੇ 384-85 ਦਿਨ ਹੁੰਦੇ ਹਨ। ਇਸ ਸਾਲ ਭਾਵ ਸੰਮਤ 2080 ਬਿਕ੍ਰਮੀ (2023-24 ਈ:) ਵਿੱਚ ਚੰਦ ਦੇ ਸਾਲ ਦੇ 13 ਮਹੀਨੇ ਹਨ । ਸਾਵਣ ਦਾ ਮਹੀਨਾ ਦੋ ਵਾਰ ਆਇਆ ਹੈ।

ਇਹ ਤੇਰਵਾਂ ਮਹੀਨਾ ਜਿਸ ਨੂੰ ਲੌਂਦ ਦਾ ਮਹੀਨਾ ਜਾਂ ਮਲ ਮਾਸ ਕਿਹਾ ਜਾਂਦਾ ਹੈ। ਹਿੰਦੂ ਮਤ ਅਨੁਸਾਰ ਇਹ ਮਹੀਨਾ ਮਾੜਾ ਹੁੰਦਾ ਹੈ। ਇਸ ਵਿੱਚ ਕੋਈ ਸ਼ੁੱਭ ਕੰਮ ਨਹੀਂ ਕੀਤਾ ਜਾਂਦਾ। ਮਲ ਮਾਸ ਤੋਂ ਪਿਛੋਂ ਆਉਣ ਵਾਲੇ ਦਿਨ ਤਿਉਹਾਰ, ਪਿਛਲੇ ਸਾਲ ਨਾਲੋਂ 11 ਦਿਨ ਪਹਿਲਾ ਆਉਣ ਦੀ ਬਿਜਾਏ 18/19ਦਿਨ ਪੱਛੜ ਕੇ ਆਉਂਦੇ ਹਨ। ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ ਜਿਹੜਾ ਦਿਹਾੜਾ, ਇਸ ਸਾਲ ਭਾਵ ਸੰਮਤ 555 ਨਾਨਕਸ਼ਾਹੀ (2023-24 ਈ:) 24 ਭਾਦੋਂ ਦਾ ਦਰਜ ਹੋਣਾ ਚਾਹੀਦਾ ਸੀ ਉਹ ਦਿਹਾੜਾ 23 ਅੱਸੂ ਦਾ ਦਰਜ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਕੈਲੰਡਰ ਤਾਂ ਸੂਰਜੀ ਬਿਕ੍ਰਮੀ (ਦ੍ਰਿਕ ਗਿਣਤ ਸਿਧਾਂਤ) ਛਾਪਦੀ ਹੈ, ਪਰ ਕੁਝ ਦਿਹਾੜੇ ਵਦੀ-ਸੁਦੀ ਭਾਵ ਚੰਦ ਦੇ ਕੈਲੰਡਰ ਮੁਤਾਬਕ ਨਿਰਧਾਰਤ ਕਰਦੀ ਹੈ। ਇਸ ਕਾਰਨ ਹਰ ਸਾਲ ਉਨ੍ਹਾਂ ਦਿਹਾੜਿਆਂਦਾ ਪ੍ਰਵਿਸ਼ਟਾ ਬਦਲ ਜਾਂਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਜਿਹੜੇ ਦਿਹਾੜੇ ਸੂਰਜੀ ਕੈਲੰਡਰ ਮੁਤਾਬਕ ਮਨਾਏ ਜਾਂਦੇ ਹਨ ਉਨ੍ਹਾਂ ਦਾ ਪ੍ਰਵਿਸ਼ਟਾ ਹਰ ਸਾਲ ਉਹੀ ਰਹਿੰਦਾ ਹੈ।

ਜਿਵੇਂ ਵੈਸਾਖੀ ਹਰ ਸਾਲ ਇਕ ਵੈਸਾਖ ਦੀ ਹੀ ਦਰਜ ਹੁੰਦੀ ਹੈ। ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 13 ਪੋਹ ਆਦਿ। ਜੇ ਗੁਰੂ ਨਾਨਕ ਜੀ ਦਾ ਜੋਤੀ ਜੋਤ ਦਿਹਾੜਾ ਵੀ ਪ੍ਰਵਿਸ਼ਟਿਆਂ ਮੁਤਾਬਕ ਹੀ ਮਨਾਇਆ ਜਾਵੇ ਤਾਂ ਇਹ ਹਰ ਸਾਲ 8 ਅੱਸੂ ਨੂੰ ਹੀ ਆਵੇਗਾ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦਾ ਜੋਤੀ ਜੋਤ ਦਿਵਸ ਹਰ ਸਾਲ 8 ਅੱਸੂ ਨੂੰ ਕਿਉਂ ਨਹੀਂ ਮਨਾਇਆ ਜਾਂਦਾ? ਇਹ ਦਿਹਾੜਾ ਜਾਂ ਹੋਰ ਦਿਹਾੜੇ ਜੋ ਚੰਦ ਦੇ ਕੈਲੰਡਰ ਮੁਤਾਬਕ ਹਰ ਸਾਲ ਬਦਲਵੇਂ ਪ੍ਰਵਿਸ਼ਟੇ ਨੂੰ ਮਨਾਏ ਜਾਂਦੇ ਹਨ, ਉਹ ਸਾਰੇ ਦਿਹਾੜੇ ਹਰ ਸਾਲ ਸੂਰਜੀ ਕੈਲੰਡਰ ਮੁਤਾਬਕ ਮਨਾਉਣ ਨਾਲ ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ?

“ਅਨੇਕਾਂ ਸਿਆਣੇ ਸੱਜਣਾਂ ਦਾ ਵਿਚਾਰ ਹੈ ਕਿ ਗੁਰਪੁਰਬ ਸਾਰੇ ਸੂਰਜ-ਸੰਮਤ ਵਿੱਚ, ਪ੍ਰਵਿਸ਼ਟਿਆਂ ਦੇ ਅਧਾਰ ਪੁਰ ਮਨਾਏ ਜਾਣੇ ਚਾਹੀਦੇ ਹਨ। ਸੋ, ਸਾਰੀਆਂ ਮੁਖੀ-ਸੋਸਾਇਟੀਆਂ ਨੂੰ ਇਸ ਮਸਲੇ ’ਤੇ ਪੂਰੇ ਗਹੁ ਨਾਲ ਵਿਚਾਰ ਕਰਕੇ, ਦੋ-ਟੁਕ ਫੈਸਲਾ ਕਰਨਾ ਚਾਹੀਦਾ ਹੈ; ਤਾਂ ਜੋ ਅੱਗੋਂ ਲਈ ਝਗੜੇ-ਝਮੇਲੇ ਮਿਟ ਜਾਣ, ਤੇ ਸਹੀ-ਸਿੱਧੀ ਤੇ ਸੋਖੀ ਪ੍ਰਪਾਟੀ ਪੈ ਜਾਵੇ।” (ਗੁਰ-ਪ੍ਰਣਾਲੀਆਂ, ਸ਼੍ਰੋਮਣੀ ਗੁ: ਪ੍ਰ: ਕਮੇਟੀ , ਪੰਨਾ 279)।

# ਭੜਕਾਊ ਬਿਆਨਾਂ ਦਾ ਭਾਰਤੀ ਭਾਈਚਾਰੇ 'ਤੇ ਅਸਰ

(ਸਫਾ 21 ਦੀ ਬਾਕੀ)

ਹਾਲਾਂਕਿ ਕੈਨੇਡਾ ਦੇ ਇਲਜ਼ਾਮਾਂ ਤੋਂ ਉਨ੍ਹਾਂ ਦਾ ਭਾਈਚਾਰਾ ਸਦਮੇ 'ਚ ਹੈ, ਪਰ ਉਨ੍ਹਾਂ ਨੂੰ ਆਪਣੀ ਸੁਰੱਖਿਆ ਜਾਂ ਰੋਜ਼ਾਨਾ ਅਧਾਰ 'ਤੇ ਵਧ ਰਹੇ ਤਣਾਅ ਕਾਰਨ ਕੋਈ ਖ਼ਤਰਾ ਮਹਿਸੂਸ ਨਹੀਂ ਹੋਇਆ। ਕੈਨੇਡਾ ਵਿੱਚ ਭਾਰਤੀ ਕੈਨੇਡੀਅਨਾਂ ਦੀ ਵੱਡੀ ਆਬਾਦੀ ਹੈ ਅਤੇ ਦੋਵਾਂ ਦੇਸ਼ਾਂ ਨਾਲ ਉਨ੍ਹਾਂ ਦੇ ਡੂੰਘੇ ਸਬੰਧ ਹਨ। ਕੈਨੇਡਾ ਵਿੱਚ ਭਾਰਤੀ ਮੂਲ ਦੇ 18 ਲੱਖ ਵਸਨੀਕ ਹਨ, ਜਿਨ੍ਹਾਂ ਵਿੱਚ ਵੱਖ-ਵੱਖ ਧਰਮਾਂ ਅਤੇ ਸਮਾਜਿਕ-ਆਰਥਿਕ ਪਿਛੋਕੜ ਵਾਲੇ ਲੋਕ ਸ਼ਾਮਲ ਹਨ। ਟੋਰਾਂਟੋ ਵਿੱਚ ਇੱਕ ਤਕਨੀਕੀ ਪੇਸ਼ੇਵਰ ਰਣਬੀਰ ਗਰੇਵਾਲ ਸਿੱਖ ਭਾਈਚਾਰੇ ਨਾਲ ਸਬੰਧਤ ਹਨ । ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਸਮਾਜਿਕ ਦਾਇਰੇ ਵਿੱਚ ਹਿੰਦੂ ਅਤੇ ਸਿੱਖ ਕੈਨੇਡੀਅਨ ਸ਼ਾਮਲ ਹਨ। ਸਾਰਿਆਂ ਨੇ ਕੈਨੇਡੀਅਨ ਹਿੰਦੂਆਂ ਨੂੰ ਕੈਨੇਡਾ ਛੱਡਣ ਲਈ ਕਹਿਣ ਵਾਲੇ ਬਿਆਨ ਦੀ ਨਿੰਦਾ ਕੀਤੀ ਹੈ। ਉਹ ਕਹਿੰਦੇ ਹਨ, "ਇਹ ਹਮਲਾਵਰ ਬਿਆਨ ਹਨ ਅਤੇ ਇਨ੍ਹਾਂ ਦੀ ਇੱਕ ਪ੍ਰਤੀਕਿਰਿਆ ਹੁੰਦੀ ਹੈ, ਲੋਕ ਇਸ ਬਾਰੇ ਗੱਲ ਕਰ ਰਹੇ ਹਨ।" ਗਰੇਵਾਲ ਨੇ ਭਾਰਤ ਸਰਕਾਰ ਵਿਰੁੱਧ ਵੀ ਗੁੱਸਾ ਜ਼ਾਹਰ ਕੀਤਾ, ਜਿਸ ਨੇ ਹਾਲ ਹੀ ਵਿੱਚ ਕੈਨੇਡਾ ਲਈ ਯਾਤਰਾ ਐਡਵਾਈਜ਼ਰੀ ਜਾਰੀ ਕੀਤੀ ਸੀ। ਇਸ ਵਿੱਚ ਭਾਰਤ ਨੇ ਆਪਣੇ ਨਾਗਰਿਕਾਂ ਨੂੰ ਹਿੰਸਾ ਦੇ ਖਦਸ਼ੇ ਕਾਰਨ ਬਹੁਤ ਸਾਵਧਾਨੀ ਵਰਤਣ ਲਈ ਕਿਹਾ ਸੀ। ਗਰੇਵਾਲ ਨੇ ਕਿਹਾ, "ਮੈਂ ਪਹਿਲਾਂ ਵਾਂਗ ਹੀ ਲੋਕਾਂ ਨੂੰ ਮਿਲਦਾ ਹਾਂ, ਮੇਰੀ ਰੋਜ਼ਾਨਾ ਜ਼ਿੰਦਗੀ 'ਤੇ ਕੋਈ ਖਾਸ ਪ੍ਰਭਾਵ ਨਹੀਂ ਪਿਆ ਹੈ।" ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਪ੍ਰਤੀ ਕੋਈ ਵੀ ਭੜਕਾਊ ਟਿੱਪਣੀਆਂ ਭਾਰਤੀ ਕੈਨੇਡੀਅਨ ਭਾਈਚਾਰੇ ਦੇ ਖਾਸ ਵਰਗਾਂ ਪ੍ਰਤੀ ਕੀਤੀਆਂ ਜਾ ਰਹੀਆਂ ਹਨ ਅਤੇ ਬਹੁਗਿਣਤੀ ਆਬਾਦੀ ਦੀਆਂ ਭਾਵਨਾਵਾਂ ਦੀ ਪ੍ਰਤੀਨਿਧਤਾ ਨਹੀਂ ਕਰਦੀਆਂ।

### ਸਿਆਸੀ ਮੁੱਦਾ

ਰਾਧਿਕਾ ਸ਼ਰਮਾ ਵੈਨਕੂਵਰ ਵਿੱਚ ਪੜ੍ਹਦੇ ਹਨ, ਉਹ ਇੱਕ ਹਿੰਦੂ ਹਨ। ਉਹ ਮੰਨਦੇ ਹਨ ਕਿ ਇਹ ਇੱਕ "ਸਿਆਸੀ" ਮੁੱਦਾ ਹੈ। ਉਨ੍ਹਾਂ ਕਿਹਾ ਕਿ ਟਰੂਡੋ ਦੇ ਇਲਜ਼ਾਮਾਂ ਤੋਂ ਉਸ ਦੇ ਸਿੱਖ ਦੋਸਤਾਂ ਸਮੇਤ ਕੁਝ ਲੋਕ ਨਾਰਾਜ਼ ਹਨ ਕਿਉਂਕਿ ਉਨ੍ਹਾਂ ਦੀ ਸਰਕਾਰ ਨੇ ਇਨ੍ਹਾਂ ਇਲਜ਼ਾਮਾਂ ਦੇ ਸਮਰਥਨ 'ਚ ਜਨਤਕ ਤੌਰ 'ਤੇ ਕੋਈ ਸਬੂਤ ਨਹੀਂ ਦਿੱਤੇ ਹਨ। ਰਾਧਿਕਾ ਨੇ ਕਿਹਾ, “ਸਾਨੂੰ ਨਹੀਂ ਪਤਾ ਕਿ ਇਹ ਕਿੰਨਾ ਸੱਚ ਹੈ, ਪਰ ਜੇਕਰ ਅਜਿਹਾ ਹੈ ਤਾਂ ਇਸ ਦੇ ਸਬੂਤ ਹੋਣੇ ਚਾਹੀਦੇ ਹਨ। ਇਸ ਤਰ੍ਹਾਂ ਤਾਂ ਇਹ ਦੋ ਮਹਾਨ ਦੇਸ਼ਾਂ ਵਿਚਕਾਰ ਤਣਾਅ ਅਤੇ ਯੁੱਧ ਦਾ ਸਬੱਬ ਹੈ।” ਮਾਂਟ੍ਰੀਅਲ ਦੀ ਮੈਕਗਿਲ ਯੂਨੀਵਰਸਿਟੀ ਵਿੱਚ ਪੀਐਚਡੀ ਖੋਜਕਾਰ ਰੁਪਿੰਦਰ ਲਿੱਦੜ ਦੀ ਖੋਜ ਦਾ ਵਿਸ਼ਾ ਕੈਨੇਡਾ ਵਿੱਚ ਸਿੱਖ ਭਾਈਚਾਰੇ ਉੱਤੇ ਕੇਂਦਰਿਤ ਹੈ। ਉਹ ਕਹਿੰਦੇ ਹਨ ਕਿ ਉਨ੍ਹਾਂ ਨੇ ਦੇਖਿਆ ਹੈ ਕਿ 'ਸੋਸ਼ਲ ਮੀਡੀਆ 'ਤੇ ਗਲਤ ਜਾਣਕਾਰੀਆਂ ਫੈਲਾਈਆਂ ਜਾ ਰਹੀਆਂ ਹਨ, ਖਾਲਿਸਤਾਨ ਅੰਦੋਲਨ ਨੂੰ ਹਿੰਸਾ ਜਾਂ ਅੱਤਵਾਦ ਨਾਲ ਜੋੜ ਕੇ ਦਿਖਾਇਆ ਜਾ ਰਿਹਾ ਹੈ। ਪਰ ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤੀ ਕੈਨੇਡੀਅਨ ਭਾਈਚਾਰੇ ਵਿੱਚ ਸਿਆਸੀ ਵੰਡ ਦੀ ਭਾਵਨਾ ਦੇ ਬਾਵਜੂਦ, ਕੈਨੇਡਾ ਵਿੱਚ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਡੂੰਘੇ ਸਬੰਧ ਹਨ। ਉਨ੍ਹਾਂ ਕਿਹਾ, "ਕੈਨੇਡੀਅਨ ਸਿੱਖਾਂ ਅਤੇ ਕੈਨੇਡੀਅਨ ਹਿੰਦੂਆਂ ਵਿਚਕਾਰ ਤਣਾਅ ਨਹੀਂ ਹੋਣਾ ਚਾਹੀਦਾ, ਬਲਕਿ ਇਹ ਮੁੱਦਾ ਕੈਨੇਡਾ ਵਿੱਚ ਵਿਦੇਸ਼ੀ ਸਰਕਾਰ ਦੁਆਰਾ ਵਿਦੇਸ਼ੀ ਦਖਲ ਦਾ ਮਾਮਲਾ ਹੈ।"

# ਨਹਿਰੀ ਪਾਣੀ ਪ੍ਰਾਪਤੀ ਸੰਘਰਸ਼ ਕਮੇਟੀ ਦੀ ਜਲ ਸਰੋਤ ਮੰਤਰੀ ਗੁਰਮੀਤ ਮੀਤ ਹੇਅਰ ਨਾਲ ਮੀਟਿੰਗ ਰਹੀ ਬੇਸਿੱਟਾ

## ਰੋਸ ਮਾਰਚ ਕਰਕੇ 27 ਸਤੰਬਰ ਨੂੰ ਮੁੱਖ ਮੰਤਰੀ ਦਾ ਪੁਤਲਾ ਫੂਕਣ ਅਤੇ ਪੱਕਾ ਮੋਰਚਾ ਜਾਰੀ ਰੱਖਣ ਦਾ ਐਲਾਨ





**ਧੂਰੀ, (ਦਲਜੀਤ ਕੌਰ)–** ਮੁੱਖ ਮੰਤਰੀ ਦਫ਼ਤਰ ਅੱਗੇ ਲੱਗੇ ਪੱਕੇ ਮੋਰਚੇ ਦੇ ਛੇਵੇਂ ਦਿਨ ਅੱਜ ਨਹਿਰੀ ਪਾਣੀ ਪ੍ਰਾਪਤੀ ਸੰਘਰਸ਼ ਕਮੇਟੀ ਦੀ ਜਲ ਸਰੋਤ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਅਤੇ ਸੈਕਟਰੀ ਕ੍ਰਿਸ਼ਨ ਕੁਮਾਰ ਨਾਲ ਸੈਕਟਰੀਏਟ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਬੇਸਿੱਟਾ ਰਹੀ। ਮੰਤਰੀ ਨੇ ਸਾਰੇ ਮਾਮਲੇ ਦੀ ਜਾਣਕਾਰੀ ਲੈ ਕੇ ਅਗਲੇ ਦਿਨਾਂ ਵਿੱਚ ਮੀਟਿੰਗ ਕਰਨ ਦਾ ਭਰੋਸਾ ਦਿੱਤਾ। ਮੀਟਿੰਗ ਬੇਸਿੱਟਾ ਰਹਿਣ ਤੇ ਸੰਘਰਸ਼ ਕਮੇਟੀ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਨੇ 27 ਸਤੰਬਰ ਨੂੰ ਧੂਰੀ ਵਿਖੇ ਰੋਸ ਮਾਰਚ ਕਰਕੇ ਮੁੱਖ ਮੰਤਰੀ ਦਾ ਪੁਤਲਾ ਫ਼ੂਕਣ ਅਤੇ ਦਿਨ ਰਾਤ ਦਾ ਮੋਰਚਾ ਜਾਰੀ ਰੱਖਣ ਦਾ ਐਲਾਨ ਕੀਤਾ।




ਇਸ ਮੀਟਿੰਗ ਵਿੱਚ ਸੰਘਰਸ਼ ਕਮੇਟੀ ਦੇ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ, ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਸੂਬਾ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ, ਮੱਘਰ ਸਿੰਘ ਭੂਦਨ, ਸੁਖਵਿੰਦਰ ਸਿੰਘ ਚੂੰਘਾਂ, ਬੀਕੇਯੂ ਉਗਰਾਹਾਂ ਦੇ ਆਗੂ ਹਰਜੀਤ ਸਿੰਘ ਬਦੇਸ਼ਾ ਸ਼ਾਮਲ ਸਨ। ਉੱਧਰ ਮੁੱਖ ਮੰਤਰੀ ਦਫ਼ਤਰ ਅੱਗੇ ਸਟੇਜ ਦੀ ਕਾਰਵਾਈ 6ਵੇਂ ਦਿਨ ਵੀ ਲਗਾਤਾਰ ਜਾਰੀ ਰਹੀ ਜਿਸ ਵਿੱਚ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਨਿਕੰਮੀ ਪੰਜਾਬ ਸਰਕਾਰ ਦੀ ਸੁਸਤ ਚਾਲ ਅਤੇ ਦਿੱਲੀ ਵਾਲਿਆਂ ਦੇ ਵਿਆਹ ਭੁਗਤਾਉਣ ਤੇ ਤਿੱਖੇ ਤੰਜ ਕਸੇ। ਪਿੰਡਾਂ ਵਿਚੋਂ ਲੰਗਰਾਂ ਦੀ ਸੇਵਾ ਲਈ ਮੋਰਚੇ ਨੂੰ ਵੱਡਾ ਸਹਿਯੋਗ ਦਾਨੀ ਸੱਜਣਾਂ ਵੱਲੋਂ ਲਗਾਤਾਰ ਮਿਲ ਰਿਹਾ ਹੈ।

ਅੱਜ ਦੇ ਮੁੱਖ ਬੁਲਾਰੇ ਨਿਰਮਲ ਸਿੰਘ ਘਨੌਰ ਕਲਾਂ, ਪ੍ਰੀਤਮ ਸਿੰਘ ਬਾਦਸ਼ਾਹਪੁਰ, ਚਮਕੌਰ ਸਿੰਘ ਹਥਨ, ਭਜਨ ਸਿੰਘ ਢੱਡਰੀਆਂ, ਜਸਵੀਰ ਸਿੰਘ ਸਾਹੋਕੇ, ਲਾਭ ਸਿੰਘ ਨੱਥੋਹੇੜੀ, ਦਰਸ਼ਨ ਸਿੰਘ ਕੁੰਨਰਾਂ, ਸੁਖਦੇਵ ਸਿੰਘ ਉੱਭਾਵਾਲ, ਮਾਨ ਸਿੰਘ ਸੱਦੋਪੁਰ, ਹਰਦਮ ਸਿੰਘ ਰਾਜੋਮਾਜਰਾ, ਗੁਰਜੀਤ ਸਿੰਘ ਭੜੀ ਮਾਨਸਾ, ਬਾਬੂ ਸਿੰਘ ਮੂਲੋਵਾਲ, ਮਲਕੀਤ ਸਿੰਘ ਹੇੜੀਕੇ, ਗੁਰਮੇਲ ਸਿੰਘ ਟਿੱਬਾ, ਮਲਕੀਤ ਸਿੰਘ ਬਲਾਕ ਪ੍ਰਧਾਨ ਸ਼ੇਰਪੁਰ, ਬਲਵਿੰਦਰ ਸਿੰਘ ਜੱਖਲਾਂ, ਨਛੱਤਰ ਸਿੰਘ ਬਮਾਲ, ਕਰਮਜੀਤ ਸਿੰਘ ਸਤੀਪੁਰ, ਬਲਵੰਤ ਸਿੰਘ ਛੰਨਾਂ, ਹਰਜਿੰਦਰ ਸਿੰਘ ਬੜੀ, ਜੀਤ ਸਿੰਘ ਜਹਾਂਗੀਰ, ਮਲਕੀਤ ਸਿੰਘ, ਮਲਕੀਤ ਸਿੰਘ ਬਡਬਰ ਪੱਕੇ ਮੋਰਚੇ ਚ ਵੱਡੀ ਗਿਣਤੀ ਸਾਥੀਆਂ ਸਮੇਤ ਹਾਜ਼ਰ ਰਹੇ ਅਤੇ ਸਟੇਜ ਤੋਂ ਆਪਣੇ ਵਿਚਾਰ ਸਾਂਝੇ ਕੀਤੇ। ਸਟੇਜ ਦੀ ਭੂਮਿਕਾ ਅੱਜ ਨਹਿਰੀ ਪਾਣੀ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜਰਨਲ ਸਕੱਤਰ ਪਰਮੇਲ ਸਿੰਘ ਹਥਨ ਨੇ ਨਿਭਾਈ।

# 28 ਸਤੰਬਰ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਵਿਸ਼ੇਸ਼

28 ਸਤੰਬਰ ਨੂੰ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ। ਜੇਕਰ ਇਸ ਦਿਨ ਦਾ ਪਿਛੋਕੜ੍ਹ ਵੇਖੀਏ ਤਾਂ ਸਾਲ 1990 ਵਿੱਚ ਅਮਰੀਕਾ ਵਿੱਚ ਗਰਭਪਾਤ ਦੀ ਘੋਸ਼ਣਾ ਕਰਨ ਲਈ ਕਾਰਵਾਈ ਦਿਵਸ ਵਜੋਂ ਮਨਾਇਆ ਗਿਆ ਸੀ। ਸੁਰੱਖਿਅਤ ਅਤੇ ਕਨੂੰਨੀ ਗਰਭਪਾਤ ਤੱਕ ਪਹੁੰਚ ਲਈ 28 ਸਤੰਬਰ ਦੀ ਕਾਰਵਾਈ ਦੀ ਸ਼ੁਰੂਆਤ ਅਮਰੀਕਾ ਵਿੱਚ ਹੋਈ ਹੈ ਜਿੱਥੇ ਔਰਤਾਂ ਦੇ ਸਮੂਹ ਪਿਛਲੇ ਦੋ ਦਹਾਕਿਆਂ ਤੋਂ 28 ਸਤੰਬਰ ਦੇ ਆਸਪਾਸ ਲਾਮਬੰਦ ਹੋਕੇ ਆਪਣੀਆਂ ਸਰਕਾਰਾਂ ਤੋਂ ਸੁਰੱਖਿਅਤ ਅਤੇ ਕਿਫਾਇਤੀ ਗਰਭਪਾਤ ਤੱਕ ਪਹੁੰਚ ਪ੍ਰਦਾਨ ਕਰਨ, ਸੇਵਾਵਾਂ ਅਤੇ ਗਰਭਪਾਤ ਕਰਵਾਉਣ ਦੀ ਚੋਣ ਕਰਨ ਵਾਲੀਆਂ ਔਰਤਾਂ ਪ੍ਰਤੀ ਕਲੰਕ ਅਤੇ ਵਿਤਕਰੇ ਨੂੰ ਖਤਮ ਕਰਨ ਦੀ ਮੰਗ ਕਰ ਰਹੇ ਹਨ। ਸਾਲ 2011 ਵਿੱਚ ਮਹਿਲਾਵਾਂ ਦੇ ਗਲੋਵਲ ਨੈਟਵਰਕ ਫਾਰ ਰਿਪ੍ਰੋਡਕਟਿਵ ਰਾਇਟਸ ਨੇ ਇਸ ਨੂੰ ਅੰਤਰਰਾਸ਼ਟਰੀ ਦਿਵਸ ਵਜੋਂ ਘੋਸ਼ਿਤ ਕੀਤਾ ਹੈ। 28 ਸਤੰਬਰ ਦਾ ਦਿਨ ਸਾਲ 1871 ਵਿੱਚ ਬ੍ਰਾਜੀਲ ਦੀ ਸੰਸਦ ਦੁਆਰਾ ਪਾਸ ਕੀਤੇ ਗਏ ਜਨਮ ਨਿਰਮਾਣ ਦੇ ਕਨੂੰਨ ਦੀ ਯਾਦ ਦਿਵਾਉਣ ਲਈ ਚੁਣਿਆ ਗਿਆ ਸੀ ਕਿਉਂਕਿ ਇਹ ਕਨੂੰਨ ਉਸ ਸਮੇਂ ਇੱਕ ਮਹੱਤਵਪੂਰਨ ਕਨੂੰਨੀ ਸੁਧਾਰ ਸੀ ਜਿਸਦਾ ਉਦੇਸ਼ ਗੁਲਾਮ ਲੋਕਾਂ ਦੇ ਬੱਚਿਆਂ ਨੂੰ ਅਜ਼ਾਦੀ ਪ੍ਰਦਾਨ ਕਰਨਾ ਸੀ। ਬਹੁਤੇ ਅਫਰੀਕੀ ਦੇਸ਼ਾਂ ਵਿੱਚ ਗਰਭਪਾਤ ਦੀ ਕਾਫੀ ਹੱਦ ਤੱਕ ਮਨਾਹੀ ਹੈ ਜਾਂ ਸਿਰਫ ਮਾਂ ਦੀ ਜਾਨ ਬਚਾਉਣ ਲਈ ਹੀ ਇਜ਼ਾਜ਼ਤ ਮਿਲਦੀ ਹੈ। ਕੁੱਝ ਏਸ਼ੀਆਈ ਦੇਸ਼ਾਂ ਵਿੱਚ ਗਰਭਪਾਤ ਦੀ ਕਾਨੂੰਨ ਦੁਆਰਾ ਇਜਾਜ਼ਤ ਦਿੱਤੀ ਜਾਂਦੀ ਹੈ ਹਾਲਾਂਕਿ ਬਹੁਗਿਣਤੀ ਵਿੱਚ ਅਜੇ ਵੀ ਇਹ ਪਾਬੰਦੀਸ਼ੁਦਾ ਹੈ। ਕਈ ਯੂਰਪੀ ਦੇਸ਼ਾਂ ਅਤੇ ਸੰਯੁਕਤ ਰਾਜ ਅਮਰੀਕਾ ਜੋ ਕਾਨੂੰਨੀ ਅਤੇ ਵਿੱਤੀ ਪਾਬੰਦੀਆਂ ਲਗਾਕੇ ਕਲੰਕ ਅਤੇ ਵਿਤਕਰੇ ਨੂੰ ਪੇਸ਼ ਕਰਕੇ ਅਤੇ ਗਰਭਪਾਤ ਦੀ ਪਹੁੰਚ ਵਿੱਚ ਰੁਕਾਵਟਾਂ ਪਾਕੇ ਔਰਤਾਂ ਦੀ ਪ੍ਰਜਨਨ ਆਜ਼ਾਦੀ ਨੂੰ ਘਟਾਉਣਾ ਚਾਹੁੰਦੇ ਹਨ ਨੂੰ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਲ 2015 ਤੋਂ 28 ਸਤੰਬਰ ਦਾ ਦਿਨ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਦੇ ਤੋਰ ਤੇ ਮਨਾਇਆ ਜਾ ਰਿਹਾ ਹੈ। ਇਸ ਦਿਨ ਨੂੰ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਲੱਗਭੱਗ 87 ਦੇਸ਼ਾਂ ਵਿੱਚ ਸਮਾਜਿਕ ਸੰਸਥਾਵਾਂ ਦੁਆਰਾ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। 28 ਸਤੰਬਰ 2019 ਨੂੰ ਮਾਲਟਾ ਵਿੱਚ ਗਰਭਪਾਤ ਨੂੰ ਕਨੂੰਨਨ ਕਰਨ ਦੇ ਹੱਕ ਵਿੱਚ ਪ੍ਰਦਰਸ਼ਨ ਕੀਤਾ ਗਿਆ। ਇਸ ਸਾਲ 28 ਸਤੰਬਰ ਲਈ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਦਾ ਥੀਮ ''ਨਾਂ ਰੋਕਣਯੋਗ ਅੰਦੋਲਨ: ਸੁਰੱਖਿਅਤ ਗਰਭਪਾਤ ਦੇ ਅਧਿਕਾਰ ਲਈ ਨਿਆਂ ਅਤੇ ਏਕਤਾ ਲਈ ਅੰਦੋਲਨ ਬਣਾਉਣਾ ਅਤੇ ਉੱਪ-ਥੀਮ ਗਰਭਪਾਤ ਨਿਆਂ ਵਿੱਚ ਨੌਜਵਾਨ ਵਿਅਕਤੀਆਂ ਦੀ ਲੀਡਰਸ਼ਿਪ'' ਹੈ। ਇਹ ਅੰਦੋਲਨ ਜਰੂਰਤਮੰਦ ਲੋਕਾਂ ਲਈ ਸੁਰੱਖਿਅਤ ਗਰਭਪਾਤ ਤੱਕ ਪਹੁੰਚ ਲਈ ਲੜਨ ਲਈ ਵਿਰੋਧ, ਦ੍ਰਿੜਤਾ ਅਤੇ ਦ੍ਰਿੜ ਇਰਾਦੇ ਨਾਲ ਚੱਲਣ ਵਾਲੀ ਇੱਕ ਅਟੁੱਟ ਤਾਕਤ ਹੈ। ਸੁਰੱਖਿਅਤ ਗਰਭਪਾਤ ਦੇਖਭਾਲ ਤੱਕ ਪਹੁੰਚਣ ਦੀਆਂ ਪਾਬੰਦੀਆਂ ਅਤੇ ਗਰਭਪਾਤ ਦਾ ਸਿੱਧੇ ਤੌਰ ਤੇ ਅਪਰਾਧੀਕਰਨ ਲੋਕਾਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਇਹ ਵੀ ਉਜਾਗਰ ਹੋ ਰਿਹਾ ਹੈ ਕਿ ਨੌਜਵਾਨ ਸ਼ਕਤੀਸ਼ਾਲੀ ਹਨ ਅਤੇ ਇਸ ਅੰਦੋਲਨ ਵਿੱਚ ਅਗਵਾਈ ਕਰਦੇ ਹਨ ਅਤੇ ਨਿਡਰਤਾ ਨਾਲ ਸੁਰੱਖਿਅਤ ਗਰਭਪਾਤ ਦੇ ਅਧਿਕਾਰਾਂ ਅਤੇ ਪ੍ਰਜਨਨ ਨਿਆਂ ਨੂੰ ਜੇਤੂ ਬਣਾਉਣ ਲਈ ਰਣਨੀਤੀਆਂ ਬਣਾਕੇ ਕੰਮ ਕਰ ਰਹੇ ਹਨ। ਭਾਰਤ ਵਿੱਚ ਗਰਭਪਾਤ ਦਾ ਨਾਮ ਸੁਣਦਿਆਂ ਬਹੁਤੇ ਲੋਕਾਂ ਦੇ ਦਿਮਾਗ ਵਿੱਚ ਕਈ ਤਰ੍ਹਾਂ ਦੇ ਖਿਆਲ ਆਂਦੇ ਹਨ ਅਤੇ ਕਿਸੇ ਮਹਿਲਾ ਵਲੋਂ ਗਰਭਪਾਤ ਕਰਵਾਉਣ ਬਾਰੇ ਪਤਾ ਲੱਗਣ ਤੇ ਉਸਨੂੰ ਕਈ ਥਾਵਾਂ ਤੇ ਅਪਰਾਧਣ ਅਤੇ ਪਾਪਣ ਤੱਕ ਵੀ ਮੰਨਿਆ ਜਾਂਦਾ ਹੈ। ਸਮਾਜ ਵਿੱਚ ਲੜਕਿਆਂ ਦੇ ਮੁਕਾਬਲੇ ਘੱਟ ਰਹੀ ਲੜਕੀਆਂ ਦੀ ਗਿਣਤੀ ਦਾ ਕਾਰਨ ਵੀ ਅਕਸਰ ਗਰਭਪਾਤ ਨੂੰ ਹੀ ਮੰਨਿਆਂ ਜਾਂਦਾ ਹੈ।

ਸਾਲ 1960 ਤੱਕ ਭਾਰਤ ਵਿੱਚ ਗਰਭਪਾਤ ਗੈਰ-ਕਾਨੂੰਨੀ ਸੀ ਅਤੇ ਤਿੰਨ ਸਾਲ ਦੀ ਕੈਦ ਅਤੇ ਜੁਰਮਾਨਾ ਹੋ ਸਕਦਾ ਸੀ। ਵਧਦੀ ਜਨਸੰਖਿਆ, ਮਾਂਵਾਂ ਦੀ ਮੌਤ ਦਰ ਅਤੇ ਅਸੁਰੱਖਿਅਤ ਗਰਭਪਾਤ ਦੀਆਂ ਘਟਨਾਵਾਂ ਨੂੰ ਵੇਖਦੇ ਹੋਏ ਭਾਰਤ ਸਰਕਾਰ ਨੇ ਗਰਭਪਾਤ ਦੇ ਸਮਾਜਿਕ-ਸੰਸਕ੍ਰਿਤਿਕ, ਕਨੂੰਨੀ ਅਤੇ ਵਿਧਾਨਿਕ ਸਬੰਧੀ ਪਹਿਲੂਆਂ ਦੀ ਸਮੀਖਿੱਆ ਲਈ 1964 ਵਿੱਚ ਸ਼ਾਂਤੀ ਲਾਲ ਕਮੇਟੀ ਦਾ ਗਠਨ ਕੀਤਾ ਗਿਆ। ਸਾਲ 1966 ਵਿੱਚ ਇਸ ਕਮੇਟੀ ਦੀਆਂ ਸਿਫਾਰਿਸ਼ਾਂ ਤੇ ਕੁੱਝ ਵਿਸ਼ੇਸ ਹਾਲਤਾਂ ਵਿੱਚ ਗਰਭਪਾਤ ਸੇਵਾਵਾਂ ਨੂੰ ਕਨੂੰਨੀ ਤੋਰ ਤੇ ਕਰਨ ਦਾ ਪ੍ਰਸਤਾਵ ਰੱਖਿਆ ਗਿਆ ਅਤੇ ਬਿੱਲ ਪੇਸ਼ ਕੀਤਾ ਗਿਆ ਜਿਸਨੇ ਬਾਦ ਵਿੱਚ ਐਮਟੀਪੀ ਐਕਟ 1971 ਦਾ ਰੂਪ ਲਿਆ ਹੈ। ਇਸ ਤਰ੍ਹਾਂ ਗਰਭਪਾਤ ਨੂੰ ਕਾਨੂੰਨੀ ਬਣਾਉਣ, ਸੁਰੱਖਿਅਤ ਗਰਭਪਾਤ ਤੱਕ ਪਹੁੰਚ ਨੂੰ ਉਤਸ਼ਾਹਿਤ ਕਰਨ ਅਤੇ ਗੈਰ-ਸਿਖਿਅਤ ਲੋਕਾਂ ਦੁਆਰਾ ਅਸੁਰੱਖਿਅਤ ਪ੍ਰਕਿਰਿਆਵਾਂ ਨੂੰ ਰੋਕਣ, ਮੈਡੀਕਲ ਦੇ ਨਾਲ-ਨਾਲ ਤਰਸ ਦੇ ਆਧਾਰ ਤੇ ਔਰਤਾਂ ਦੇ ਜੀਵਨ ਅਤੇ ਸਿਹਤ ਦੀ ਰੱਖਿਆ ਕਰਨ ਅਤੇ ਮਾਵਾਂ ਦੀ ਮੌਤ ਦਰ ਅਤੇ ਮਾਵਾਂ ਦੀ ਬਿਮਾਰੀ ਦੀਆਂ ਘਟਨਾਵਾਂ ਨੂੰ ਘਟਾਉਣ ਲਈ ਇਹ ਕਾਨੂੰਨ ਬਣਾਇਆ ਗਿਆ। ਸਾਲ 1975 ਵਿੱਚ ਇਸ ਸਬੰਧੀ ਨਿਯਮ ਬਣਾਏ ਗਏ ਹਨ। ਭਾਰਤ ਵਿੱਚ ਗਰਭਪਾਤ ਦੀ ਸਹੂਲਤ ਸਬੰਧੀ ਬਣਾਏ ਗਏ ਐਮਟੀਪੀ ਐਕਟ 1971 ਲਾਗੂ ਹੋਣ ਤੋਂ ਬਾਦ ਵੀ ਐਕਟ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਾਲ 2002, 2003, 2014, 2016 ਅਤੇ ਹੁਣ 2021 ਵਿੱਚ ਸੋਧ ਕੀਤੀ ਗਈ ਹੈ। ਸਾਲ 2017 ਤੱਕ ਸੁਰੱਖਿਅਤ ਅਤੇ ਅਸੁਰੱਖਿਅਤ ਦੇ ਰੂਪ ਵਿੱਚ ਗਰਭਪਾਤ ਦਾ ਇੱਕ ਵੱਖਰਾ ਵਰਗੀਕਰਨ ਸੀ। ਸਾਲ 2021 ਵਿੱਚ ਐਕਟ ਵਿੱਚ ਕੁਝ ਸੋਧਾਂ ਦੇ ਨਾਲ ਪਾਸ ਕੀਤਾ ਗਿਆ ਸੀ ਜਿਸ ਵਿੱਚ ਸਾਰੀਆਂ ਔਰਤਾਂ ਨੂੰ ਗਰਭ ਨਿਰੋਧਕ ਅਸਫਲਤਾ ਦੇ ਆਧਾਰ ਤੇ ਸੁਰੱਖਿਅਤ ਗਰਭਪਾਤ ਸੇਵਾਵਾਂ ਲੈਣ ਦੀ ਇਜਾਜ਼ਤ, ਔਰਤਾਂ ਦੀਆਂ ਵਿਸ਼ੇਸ਼ ਸ਼੍ਰੇਣੀਆਂ ਲਈ ਗਰਭ ਅਵਸਥਾ ਦੀ ਸੀਮਾ 24 ਹਫ਼ਤਿਆਂ ਤੱਕ ਵਧਾਉਣ ਅਤੇ ਇੱਕ ਪ੍ਰਦਾਤਾ ਦੀ ਰਾਏ ਸ਼ਾਮਲ ਹੈ। ਗਰਭਪਾਤ ਹੁਣ 24 ਹਫ਼ਤਿਆਂ ਦੀ ਗਰਭ ਅਵਸਥਾ ਤੱਕ ਕੀਤਾ ਜਾ ਸਕਦਾ ਹੈ ਕਿਉਂਕਿ ਐਮਟੀਪੀ ਸੋਧ ਐਕਟ 24 ਸਤੰਬਰ 2021 ਤੋਂ ਗਜ਼ਟ ਵਿੱਚ ਨੋਟੀਫਿਕੇਸ਼ਨ ਦੁਆਰਾ ਲਾਗੂ ਹੋ ਗਿਆ ਹੈ। ਮਾਣਯੋਗ ਅਦਾਲਤ ਨੇ ਵੀ ਭਾਰਤੀ ਸੰਵਿਧਾਨ ਦੇ ਅਨੁਛੇਦ 21 ਦੇ ਤਹਿਤ ਵਿਅਕਤੀਗਤ ਆਜ਼ਾਦੀ ਦੇ ਹਿੱਸੇ ਵਜੋਂ ਔਰਤਾਂ ਦੇ ਪ੍ਰਜਨਨ ਵਿਕਲਪਾਂ ਦੇ ਸੰਵਿਧਾਨਕ ਅਧਿਕਾਰ ਨੂੰ ਮਾਨਤਾ ਦਿੱਤੀ ਹੈ। ਨਾਬਾਲਿਗ ਜਾਂ ਮਾਨਸਿਕ ਤੌਰ ਤੇ ਬਿਮਾਰ ਦੇ ਮਾਮਲੇ ਵਿੱਚ ਸਰਪ੍ਰਸਤ ਨੂੰ ਲਿਖਤੀ ਤੌਰ ਤੇ ਸਹਿਮਤੀ ਦੇਣੀ ਹੋਵੇਗੀ। ਮੈਡੀਕਲ ਜਾਂ ਸਰਜੀਕਲ ਪ੍ਰਕਿਰਿਆਵਾਂ ਦੁਆਰਾ ਗਰਭ ਸਮਾਪਨ ਕੇਵਲ ਇੱਕ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਦੁਆਰਾ ਕੀਤਾ ਜਾ ਸਕਦਾ ਹੈ ਅਤੇ ਗਰਭ ਅਵਸਥਾ ਦੀ ਸਮਾਪਤੀ ਸਥਾਪਤ ਹਸਪਤਾਲ ਜਾਂ ਸਰਕਾਰ ਦੁਆਰਾ ਪ੍ਰਵਾਨਿਤ ਸਥਾਨ ਤੋਂ ਇਲਾਵਾ ਕਿਸੇ ਹੋਰ ਥਾਂ ਤੇ ਨਹੀਂ ਕੀਤੀ ਜਾ ਸਕਦੀ ਹੈ। ਗਰਭਪਾਤ ਕਰਵਾਉਣ ਵਾਲੀ ਔਰਤ ਬਾਰੇ ਸਾਰੀ ਜਾਣਕਾਰੀ ਗੁੱਪਤ ਰੱਖੀ ਜਾਵੇਗੀ। ਡਾਕਟਰਾਂ ਅਤੇ ਹਸਪਤਾਲਾਂ ਨੂੰ ਕਾਨੂੰਨ ਦੁਆਰਾ ਅਧਿਕਾਰਤ ਵਿਅਕਤੀ ਨੂੰ ਛੱਡਕੇ ਕਿਸੇ ਹੋਰ ਨੂੰ ਅਜਿਹੀ ਜਾਣਕਾਰੀ ਦਾ ਖੁਲਾਸਾ ਕਰਨ ਦੀ ਮਨਾਹੀ ਹੈ। ਗਰਭਪਾਤ ਨੂੰ ਸਰਕਾਰ ਦੇ ਜਨਤਕ ਰਾਸ਼ਟਰੀ ਸਿਹਤ ਬੀਮਾ ਫੰਡ, ਆਯੂਸ਼ਮਾਨ ਭਾਰਤ ਅਤੇ ਕਰਮਚਾਰੀਆਂ ਦੇ ਰਾਜ ਬੀਮਾ ਦੁਆਰਾ 100ਗ਼ ਕਵਰ ਕੀਤਾ ਜਾਂਦਾ ਹੈ। ਭਾਰਤ ਵਿੱਚ ਗਰਭਪਾਤ ਕਾਨੂੰਨ ਦੇ ਬਾਵਜੂਦ ਸੇਵਾਵਾਂ ਤੱਕ ਪਹੁੰਚ ਵਿੱਚ ਰੁਕਾਵਟ ਆਉਂਦੀ ਹੈ ਅਤੇ ਬਹੁਤ ਸਾਰੀਆਂ ਔਰਤਾਂ ਪਰਿਵਾਰ ਦੇ ਡਰ ਕਾਰਨ ਗਰਭਪਾਤ ਦੇ ਅਸੁਰੱਖਿਅਤ ਤਰੀਕਿਆਂ ਦਾ ਸਹਾਰਾ ਲੈਂਦੀਆਂ ਹਨ। ਭਾਰਤ ਵਿੱਚ ਜਨਤਕ ਸਿਹਤ ਸਹੂਲਤਾਂ ਤੇ ਗਰਭਪਾਤ ਸੇਵਾਵਾਂ ਪ੍ਰਾਪਤ ਕਰਨ ਦੀਆਂ ਲਾਗਤਾਂ ਤੇ ਕੇਂਦ੍ਰਿਤ ਕਰਦਾ ਹੈ ਨੇ ਖੁਲਾਸਾ ਕੀਤਾ ਹੈ ਕਿ ਜਨਤਕ ਸਿਹਤ ਤੇ ਗਰਭਪਾਤ ਕਰਵਾਉਣ ਵਾਲੀਆਂ ਔਰਤਾਂ ਵਿੱਚੋਂ 57% ਸਹੂਲਤਾਂ ਮਾੜੀਆਂ ਸਨ। ਜਨਮ ਤੋਂ ਪਹਿਲਾਂ ਗਰਭ ਵਿੱਚ ਬੱਚੇ ਦੇ ਲਿੰਗ ਦੀ ਪਹਿਚਾਣ ਰੋਕਣ ਲਈ ਬਣਾਏ ਗਏ ਪੀਸੀਪੀ-ਐਨਡੀਟੀ ਐਕਟ 1994 ਲਾਗੂ ਹੋਣ ਤੋਂ ਬਾਦ ਤਾਂ ਗਰਭਪਾਤ ਲਈ ਬਣਾਏ ਗਏ ਐਮਟੀਪੀ ਐਕਟ ਅਨੁਸਾਰ ਕਨੂੰਨੀ ਤੋਰ ਤੇ ਮੰਨਜੂਰਸ਼ੁਦਾ ਗਰਭਪਾਤ ਦੀਆਂ ਸੇਵਾਵਾਂ ਅਤੇ ਸਹੂਲਤਾਂ ਲੈਣ ਲਈ ਵੀ ਬਹੁਤੀਆਂ ਮਹਿਲਾਵਾਂ ਨੂੰ ਮੁਸ਼ਕਿਲਾਂ ਆ ਰਹੀਆਂ ਹਨ ਅਤੇ ਕਈਆਂ ਨੂੰ ਮਜਬੂਰਨ ਅਸੁਰੱਖਿਅਤ ਗਰਭਪਾਤ ਹੀ ਕਰਵਾਉਣਾਂ ਪੈਂਦਾ ਹੈ ਜਿਸ ਨਾਲ ਕਈ ਵਾਰ ਮਹਿਲਾਵਾਂ ਦੀ ਮੋਤ ਵੀ ਹੋ ਜਾਂਦੀ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਵਿਸ਼ਵ ਪੱਧਰ ਤੇ ਹਰ ਸਾਲ ਲੱਗਭੱਗ 5.6 ਕਰੋੜ੍ਹ ਗਰਭਪਾਤ ਹੁੰਦੇ ਹਨ। ਸਰਕਾਰੀ ਰਿਪੋਰਟਾਂ ਅਨੁਸਾਰ ਭਾਰਤ ਵਿੱਚ ਹਰ ਸਾਲ ਲੱਗਭੱਗ ਸੱਤ ਲੱਖ ਗਰਭਪਾਤ ਜਿਸ ਵਿੱਚ ਪ੍ਰਾਈਵੇਟ ਸਿਹਤ ਅਦਾਰਿਆਂ ਅਤੇ ਘਰਾਂ ਵਿੱਚ ਕੀਤੇ ਜਾਣ ਵਾਲੇ ਗਰਭਪਾਤ ਸ਼ਾਮਿਲ ਨਹੀਂ ਹਨ ਕੀਤੇ ਜਾਂਦੇ ਹਨ।

ਭਾਰਤ ਵਿੱਚ 56 ਫਿਸਦੀ ਗਰਭਪਾਤ ਅਸੁਰੱਖਿਅਤ ਹੁੰਦੇ ਹਨ ਅਤੇ ਮਾਵਾਂ ਦੀਆਂ ਹੋਣ ਵਾਲੀਆਂ ਕੁੱਲ ਮੋਤਾਂ ਵਿੱਚੋਂ 8.5 ਫਿਸਦੀ ਮੌਤਾਂ ਅਸੁਰੱਖਿਅਤ ਗਰਭਪਾਤ ਕਾਰਨ ਹੀ ਹੁੰਦੀਆਂ ਹਨ ਅਤੇ ਹਰ ਰੋਜ ਅਸੁਰੱਖਿਅਤ ਗਰਭਪਾਤ ਕਾਰਨ ਔਸਤਨ 10 ਮਹਿਲਾਵਾਂ ਦੀ ਮੌਤ ਹੁੰਦੀ ਹੈ। ਲੇਸੈਂਟ ਗਲੋਵਲ ਹੈਲਥ ਜਰਨਲ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਕੁੱਲ 1.56 ਕਰੋੜ੍ਹ ਗਰਭਪਾਤਾਂ ਵਿਚੋਂ ਸਿਰਫ 30.4 ਲੱਖ ਗਰਭਪਾਤ ਹੀ ਸਿਹਤ ਸਹੂਲਤਾਂ ਵਾਲੇ ਅਦਾਰਿਆਂ ਵਿੱਚ ਕੀਤੇ ਗਏ ਹਨ। ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ ਦੀ ਰਿਪੋਰਟ ਅਨੁਸਾਰ ਦੇਸ਼ ਵਿੱਚ ਹੋਣ ਵਾਲੇ ਗਰਭਪਾਤਾਂ ਵਿੱਚੋਂ ਲੱਗਭੱਗ 20 ਫਿਸਦੀ ਜਨਤਕ ਸਿਹਤ ਅਦਾਰਿਆਂ ਵਿੱਚ ਕੀਤੇ ਜਾਂਦੇ ਹਨ, ਲੱਗਭੱਗ 53 ਫਿਸਦੀ ਪ੍ਰਾਇਵੇਟ ਸਿਹਤ ਕੇਂਦਰਾਂ ਵਿੱਚ ਕੀਤੇ ਜਾਂਦੇ ਹਨ ਅਤੇ ਲੱਗਭੱਗ 27 ਫਿਸਦੀ ਗਰਭਪਾਤ ਘਰਾਂ ਵਿੱਚ ਹੀ ਕੀਤੇ ਜਾਂਦੇ ਹਨ। ਗਰਭਪਾਤ ਕਰਵਾਉਣ ਵਾਲੀਆਂ ਲੱਗਭੱਗ 19 ਫਿਸਦੀ ਮਹਿਲਾਵਾਂ ਨੂੰ ਗਰਭਪਾਤ ਤੋਂ ਬਾਦ ਕਈ ਤਰਾਂ ਦੀਆਂ ਸਮੱਸਿਆਵਾਂ ਪੇਸ਼ ਆਈਆਂ ਹਨ। ਕਾਮਨਹੈਲਥ ਵਲੋਂ ਵੱਖ ਵੱਖ ਸੰਸਥਾਵਾਂ ਨਾਲ ਮਿਲਕੇ ਕੀਤੇ ਗਏ ਅਧਿਐਨ ਦੀਆਂ ਰਿਪੋਰਟਾਂ ਅਨੁਸਾਰ ਕੋਵਿਡ-19 ਸਬੰਧੀ ਹੋਈ ਤਾਲਾਬੰਦੀ ਦੌਰਾਨ ਜਨਵਰੀ ਤੋਂ ਜੂਨ 2020 ਦੇ ਸਮੇਂ ਵਿਚਕਾਰ ਲੱਗਭੱਗ 9.2 ਲੱਖ ਮਹਿਲਾਵਾਂ ਜੋ ਗਰਭਪਾਤ ਕਰਵਾਉਣਾ ਚਾਹੁੰਦੀਆਂ ਸਨ ਨੂੰ ਇਹ ਸੇਵਾਵਾਂ ਨਹੀਂ ਮਿਲੀਆਂ ਹਨ। ਇਹ ਮਹਿਲਾਵਾਂ ਉਨ੍ਹਾਂ 13 ਲੱਖ ਮਹਿਲਾਵਾਂ ਵਿੱਚ ਸ਼ਾਮਿਲ ਹਨ ਜਿਨ੍ਹਾਂ ਨੂੰ ਪ੍ਰਜਣਨ ਸਿਹਤ ਸਬੰਧੀ ਕਿਸੇ ਕਿਸਮ ਦੀਆਂ ਸੇਵਾਵਾਂ ਨਹੀਂ ਮਿਲੀਆਂ ਹਨ। ਇਸ ਅਧਿਐਨ ਅਨੁਸਾਰ ਭਾਰਤ ਵਿੱਚ ਲੱਗਭੱਗ 6.5 ਲੱਖ ਅਣਚਾਹੇ ਗਰਭ ਵਧੇ ਹਨ, ਲੱਗਭੱਗ 10 ਲੱਖ ਅਸੁਰਖਿੱਅਤ ਗਰਭਪਾਤ ਹੋਏ ਹਨ ਅਤੇ ਲੱਗਭੱਗ 2600 ਮਾਂਵਾਂ ਦੀ ਮੌਤ ਹੋਈ ਹੈ। ਰਿਪੋਰਟ ਅਨੁਸਾਰ 36 ਦੇਸ਼ਾਂ ਵਿੱਚ ਪਰਿਵਾਰ ਨਿਯੋਜਨ ਅਤੇ ਸੁਰੱਖਿਅਤ ਗਰਭਪਾਤ ਸਬੰਧੀ ਹੋਈਆਂ ਕਮੀਆਂ ਦੇ ਮਾਮਲਿਆਂ ਵਿੱਚ 75 ਫਿਸਦੀ ਮਾਮਲੇ ਭਾਰਤ ਵਿੱਚ ਹੀ ਪਾਏ ਗਏ ਹਨ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਭਾਰਤ ਸਰਕਾਰ ਨਾਲ ਮਿਲਕੇ ਆਈ ਪਾਸ ਡਿਵੈਲਪਮੈਂਟ ਫਾਂਉਡੇਸਨ ਵਲੋਂ ਕੀਤੀ ਗਈ ਇੱਕ ਸਟਡੀ ਰਿਪੋਰਟ ਅਨੁਸਾਰ ਦੇਸ਼ ਦੇ 12 ਰਾਜਾਂ ਵਿੱਚ ਲੱਗਭੱਗ 18.5 ਲੱਖ ਜਰੂਰਤਮੰਦ ਲੜਕੀਆਂ ਅਤੇ ਮਹਿਲਾਵਾਂ ਨੂੰ ਗਰਭਪਾਤ ਦੀ ਸਹੂਲਤ ਨਹੀਂ ਮਿਲ ਸਕੀ ਹੈ।

ਫੈਮਿਲੀ ਪਲੈਨਿੰਗ ਐਸੋਸਿੲਸਨ ਆਫ ਇੰਡੀਆਂ ਸੰਸਥਾ ਜੋਕਿ ਕਈ ਰਾਜਾਂ ਵਿੱਚ ਸੁਰੱਖਿੱਅਤ ਗਰਭਪਾਤ ਕਲੀਨਿਕ ਚਲਾ ਰਹੀ ਹੈ ਅਨੁਸਾਰ ਕਈ ਜਰੂਰਤਮੰਦ ਮਹਿਲਾਵਾਂ ਨੂੰ ਇਹ ਸਹੂਲਤ ਨਹੀਂ ਮਿਲੀ ਹੈ ਜਿਸ ਕਾਰਨ ਅਸੁੱਰਖਿਅਤ ਗਰਭਪਾਤ ਕਰਵਾਉਣਾ ਪਿਆ ਹੈ ਅਤੇ ਕਈਆਂ ਨੂੰ ਅਣਚਾਹੇ ਗਰਭ ਨੂੰ ਰੱਖਣਾ ਪਿਆ ਹੈ। ਭਾਰਤ ਵਿੱਚ ਕਈ ਵਾਰ ਮਹਿਲਾਵਾਂ ਅਤੇ ਸਮਾਜਿਕ ਸੰਗਠਨਾਂ ਨੂੰ ਐਮਟੀਪੀ ਐਕਟ ਜਿਸ ਅਨੁਸਾਰ ਕਨੂੰਨੀ ਤੋਰ ਤੇ ਹੀ ਗਰਭਪਾਤ ਕਰਵਾਇਆ ਜਾ ਸਕਦਾ ਹੈ ਲਈ ਵੀ ਮਾਣਯੋਗ ਅਦਾਲਤਾਂ ਦਾ ਸਹਾਰਾ ਲੈਣਾ ਪਿਆ ਹੈ ਅਤੇ ਕਈ ਵਾਰ ਮਾਣਯੋਗ ਅਦਾਲਤਾਂ ਨੇ ਵੀ ਸਰਕਾਰਾਂ ਨੂੰ ਨਿਰਦੇਸ ਦਿਤੇ ਹਨ। ਸੈਂਟਰ ਫਾਰ ਰੀਪ੍ਰੋਡਕਟਿਵ ਰਾਈਟਸ ਦੀ ਇਕ ਰਿਪੋਰਟ ਵਿਚ ਇਨ੍ਹਾਂ ਵਿਚੋਂ ਕੁਝ ਮਾਮਲਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਜੋ ਅਦਾਲਤ ਵਿਚ ਆਏ ਹਨ। ਪ੍ਰਤਿਗਿਆ ਮੁਹਿੰਮ ਦੀ ਇੱਕ ਹੋਰ ਰਿਪੋਰਟ ਸੁਰੱਖਿਅਤ ਗਰਭਪਾਤ ਤੱਕ ਪਹੁੰਚ ਵਿੱਚ ਨਿਆਂਪਾਲਿਕਾ ਦੀ ਭੂਮਿਕਾ ਦਾ ਮੁਲਾਂਕਣ ਕਰਦੀ ਹੈ। ਇਹ ਰਿਪੋਰਟ ਇਜਾਜ਼ਤ ਲਈ ਅਦਾਲਤਾਂ ਤੱਕ ਪਹੁੰਚਣ ਵਾਲੇ ਕੇਸਾਂ ਦੀ ਗਿਣਤੀ ਵਿੱਚ ਵੱਧ ਰਹੇ ਵਾਧੇ ਨੂੰ ਉਜਾਗਰ ਕਰਦੀ ਹੈ। ਗਰਭ ਸਮਾਪਤੀ ਦੀ ਆਗਿਆ ਦੇਣ ਵਾਲੇ ਕਈ ਆਦੇਸ਼ ਮੈਡੀਕਲ ਬੋਰਡ ਦੀ ਰਾਏ ਅਤੇ ਪਿਛਲੇ ਕੇਸਾਂ ਵਿੱਚ ਪਹਿਲਾਂ ਹੀ ਨਿਰਧਾਰਤ ਕੀਤੇ ਗਏ ਫੈਸਲਿਆਂ ਤੇ ਅਧਾਰਤ ਹਨ।

ਜੇਕਰ ਕੁੱਝ ਮਾਮਲਿਆਂ ਦੀ ਗੱਲ ਕਰੀਏ ਤਾਂ ਦਸੰਬਰ 2017 ਵਿੱਚ ਇੱਕ 13 ਸਾਲ ਦੀ ਬਲਾਤਕਾਰ ਪੀੜ੍ਹਿਤਾ ਲੜਕੀ ਜੋਕਿ ਗਰਭਵਤੀ ਹੋ ਗਈ ਸੀ ਦੇ ਪਿਤਾ ਦੀ ਅਪੀਲ ਤੇ ਮੁੰਬਈ ਦੀ ਮਾਨਯੋਗ ਅਦਾਲਤ ਨੇ ਮੈਡੀਕਲ ਰਿਪੋਰਟਾਂ ਦੇ ਅਧਾਰ ਤੇ 26 ਹਫਤਿਆਂ ਦੇ ਗਰਭ ਦੇ ਗਰਭਪਾਤ ਦੀ ਮੰਨਜੂਰੀ ਦਿਤੀ ਹੈ, ਅਕਤੂਬਰ 2017 ਵਿੱਚ ਮਾਣਯੋਗ ਸੁਪਰੀਮ ਕੌਰਟ ਨੇ ਵੀ ਦੋ ਮਹਿਲਾਵਾਂ ਦੇ 29 ਅਤੇ 30 ਹਫਤਿਆਂ ਦੇ ਗਰਭ ਨੂੰ ਵੀ ਮੈਡੀਕਲ ਰਿਪੋਰਟਾਂ ਦੇ ਅਧਾਰ ਤੇ ਗਰਭਪਾਤ ਕਰਵਾਉਣ ਦੀ ਇਜਾਜਤ ਦਿਤੀ ਹੈ। ਹਿਮਾਚਲ ਦੀ ਮਾਣਯੋਗ ਹਾਈ ਕੌਰਟ ਨੇ ਇੱਕ 19 ਸਾਲ ਦੀ ਲੜਕੀ ਜੋ ਕਿ ਦਿਮਾਗੀ ਤੌਰ ਤੇ ਠੀਕ ਨਹੀਂ ਸੀ ਦੀ ਮਾਂ ਦੀ ਅਪੀਲ ਤੇ ਲੜਕੀ ਦੇ 32 ਹਫਤਿਆਂ ਦੇ ਗਰਭ ਨੂੰ ਵੀ ਮੈਡੀਕਲ ਰਿਪੋਰਟਾਂ ਦੇ ਅਧਾਰ ਤੇ ਗਰਭਪਾਤ ਕਰਵਾਉਣ ਦੀ ਇਜਾਜਤ ਦਿਤੀ ਹੈ। ਇਸ ਤਰਾਂ ਕਈ ਵਾਰ ਮਾਣਯੋਗ ਅਦਾਲਤਾਂ ਦੇ ਹੁਕਮਾਂ ਨਾਲ ਮਹਿਲਾਵਾਂ ਨੂੰ ਇਹ ਸਹੂਲਤ ਮਿਲੀ ਹੈ। ਏਸ਼ੀਆ ਸੇਫ ਆਬਰਸ਼ਨ ਪਾਰਟਨਰਸ਼ਿਪ ਸੰਸਥਾ ਵਲੋਂ ਜਾਰੀ ਰਿਪੋਰਟ ਅਨੁਸਾਰ ਦੇਸ਼ ਵਿੱਚ 80 ਫਿਸਦੀ ਮਹਿਲਾਵਾਂ ਨੂੰ ਐਮ ਟੀ ਪੀ ਐਕਟ ਬਾਰੇ ਕੋਈ ਵੀ ਜਾਣਕਾਰੀ ਨਹੀਂ ਹੈ। ਮਾਣਯੋਗ ਮਦਰਾਸ ਹਾਈ ਕੌਰਟ ਨੇ ਵੀ ਇੱਕ ਕੇਸ ਵਿੱਚ ਕਿਹਾ ਹੈ ਕਿ ਦੇਸ਼ ਵਿੱਚ ਹਰ ਸਾਲ ਲੱਗਭੱਗ 17 ਲੱਖ ਬੱਚੇ ਕਿਸੇ ਤਰਾਂ ਦੇ ਸ਼ਰੀਰਕ ਵਿਕਾਰ ਵਾਲੇ ਜਨਮ ਲੈ ਰਹੇ ਹਨ ਇਸ ਲਈ ਗਰਭਪਾਤ ਦੀ ਸਹੂਲਤ ਦਾ ਸਮਾਂ ਵਧਾਉਣਾ ਚਾਹੀਦਾ ਹੈ। ਸਰਕਾਰ ਵਲੋਂ ਗਰਭਪਾਤ ਕਰਵਾਉਣ ਦੀ ਸਮਾਂ ਸੀਮਾ ਵਿੱਚ ਵਾਧਾ ਕੀਤਾ ਗਿਆ ਹੈ। ਮਹਿਲਾਵਾਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੇ ਸੰਗਠਨਾਂ ਦੀ ਮੰਗ ਹੈ ਕਿ ਸੁਰੱਖਿਅਤ ਗਰਭਪਾਤ ਲਈ ਵਿਸ਼ਵ ਸਿਹਤ ਸੰਗਠਨ ਦੇ ਨਿਰਦੇਸ਼ਾਂ ਅਨੁਸਾਰ ਗਰਭ ਅਵਸਥਾ ਦੇ 12 ਹਫਤਿਆਂ ਤੱਕ ਟੈਲੀਮੈਡੀਸਿਨ ਅਤੇ ਸਵੈ-ਪ੍ਰਬੰਧਿਤ ਗਰਭਪਾਤ ਦੀ ਵਰਤੋਂ ਦੀ ਆਗਿਆ ਦਿਤੀ ਜਾਵੇ, ਦੂਜੀ ਤਿਮਾਹੀ ਵਿੱਚ ਡਾਕਟਰੀ ਗਰਭਪਾਤ ਦੀ ਆਗਿਆ ਦੇਵੋ, ਕਲੀਨਿਕ ਵਿੱਚ ਸਮਾਜਿਕ ਦੂਰੀਆਂ ਦੇ ਨਾਲ ਅਪ੍ਰੇਸ਼ਨ ਥਿਏਟਰ ਦੀਆਂ ਸਥਿਤੀਆਂ ਦੀ ਜਰੂਰਤ ਤੋਂ ਬਿਨਾਂ ਰਾਸ਼ਟਰੀ ਜਰੂਰੀ ਦਵਾਈਆਂ ਦੀਆਂ ਸੂਚੀ ਤੇ ਮੈਡੀਕਲ ਗਰਭਪਾਤ ਦੀਆਂ ਗੋਲੀਆਂ ਨੂੰ ਮੰਨਜੂਰੀ ਦਿਤੀ ਜਾਵੇ, ਗਰਭਪਾਤ ਨਾਲ ਜੁੜ੍ਹੀ ਅਪਰਾਧ ਦੀ ਧਾਰਨਾ ਨੂੰ ਘਟਾਇਆ ਜਾਵੇ ਅਤੇ ਕਨੂੰਨੀ ਅਧਾਰ ਦਾ ਵਿਸਤਾਰ ਕੀਤਾ ਜਾਵੇ। ਹੁਣ ਵਿਸ਼ਵ ਦੇ ਕਈ ਨੇਤਾਵਾਂ ਨੇ ਗਰਭਪਾਤ ਦੇ ਹੱਕ ਵਿੱਚ ਬਿਆਨ ਦੇਣਾ ਸ਼ੁਰੂ ਕਰ ਦਿਤਾ ਹੈ ਅਤੇ ਵੱਖ ਵੱਖ ਮੀਡੀਆ ਰਿਪੋਰਟਾਂ ਵੀ ਇਸਦੇ ਹੱਕ ਵਿੱਚ ਆ ਰਹੀਆਂ ਹਨ। ਅਰਜਨਟਾਇਨਾ, ਦੱਖਣੀ ਕੋਰੀਆ, ਥਾਇਲੈਂਡ, ਦੱਖਣੀ ਅਸਟ੍ਰੇਲੀਆ ਆਦਿ ਦੇਸ਼ਾਂ ਵਿੱਚ ਗਰਭਪਾਤ ਸਬੰਧੀ ਕਨੂੰਨਾਂ ਵਿੱਚ ਪ੍ਰਗਤੀਸ਼ੀਲ ਸੁਧਾਰ ਕੀਤੇ ਗਏ ਹਨ ਅਤੇ ਆਇਰਲੈਂਡ, ਬ੍ਰਿਟੇਨ, ਫਰਾਂਸ, ਅਮਰੀਕਾ, ਨੇਪਾਲ ਅਤੇ ਹੋਰ ਥਾਵਾਂ ਤੇ ਗਰਭਪਾਤ ਦੀਆਂ ਗੋਲੀਆਂ ਉਪਲੱਭਦ ਕਰਵਾਉਣ ਲਈ ਟੈਲੀਮੈਡੀਸਿਨ ਦੀ ਵਰਤੋਂ ਕੀਤੀ ਗਈ ਹੈ। ਗੋਲੀਆਂ ਦੇ ਨਾਲ ਸਵੈਪ੍ਰਬੰਧਿਤ ਗਰਭਪਾਤ ਨੂੰ 12 ਹਫ਼ਤਿਆਂ ਤੱਕ ਸੁਰੱਖਿਅਤ ਮੰਨਿਆ ਗਿਆ ਹੈ ਅਤੇ ਵਿਸ਼ਵ ਸਿਹਤ ਸੰਗਠਨ ਦੁਆਰਾ ਨਵੀਂ ਸੇਧ ਦਿੱਤੀ ਗਈ ਹੈ। ਅਰਜਨਟੀਨਾ, ਕੋਲੰਬੀਆ, ਮੈਕਸੀਕੋ, ਬੇਨਿਨ ਅਤੇ ਕੀਨੀਆ ਵਿੱਚ ਗਰਭਪਾਤ ਸਬੰਧੀ ਕਾਨੂੰਨ ਸੁਧਾਰ ਦੀਆਂ ਮਹੱਤਵਪੂਰਨ ਜਿੱਤਾਂ ਹੋਈਆਂ ਹਨ। ਅਕਤੂਬਰ 2021 ਵਿੱਚ ਚੀਨ ਜਿਸਨੇ ਕਈ ਸਾਲਾਂ ਤੋਂ ਔਰਤਾਂ ਨੂੰ ਸਿਰਫ਼ ਇਕ ਬੱਚੇ ਤੋਂ ਬਾਅਦ ਗਰਭਪਾਤ ਕਰਵਾਉਣ ਲਈ ਮਜਬੂਰ ਕੀਤਾ ਸੀ ਨੇ ਨਵਾਂ ਕਾਨੂੰਨ ਲਾਗੂ ਕਰਕੇ ਗ਼ੈਰ ਮੈਡੀਕਲ ਉਦੇਸ਼ਾਂ ਲਈ ਗਰਭਪਾਤ ਤੇ ਰੋਕ ਲਗਾਕੇ ਉਨ੍ਹਾਂ ਨੂੰ ਜ਼ਿਆਦਾ ਬੱਚੇ ਪੈਦਾ ਕਰਨ ਲਈ ਮਜਬੂਰ ਕਰ ਦਿੱਤਾ ਸੀ। ਇਰਾਨ ਨੇ ਨਵੰਬਰ 2021 ਵਿਚ ਇਕ ਅਪਰਾਧਕ ਕਾਨੂੰਨ ਲਾਗੂ ਕੀਤਾ ਸੀ ਜੋ ਗਰਭਪਾਤ, ਗਰਭ ਨਿਰੋਧਕ, ਸਵੈ-ਇੱਛਤ ਨਸਬੰਦੀ ਅਤੇ ਸਬੰਧਤ ਜਾਣਕਾਰੀ ਦੀ ਪਹੁੰਚ ਨੂੰ ਗੰਭੀਰ ਰੂਪ ਨਾਲ ਸੀਮਿਤ ਕਰਦਾ ਹੈ। ਜੂਨ 2022 ਵਿੱਚ ਸੰਯੁਕਤ ਰਾਜ ਦੀ ਸੁਪਰੀਮ ਕੋਰਟ ਦੇ ਬਹੁਗਿਣਤੀ ਜੱਜਾਂ ਨੇ ਇਸ ਗੱਲ ਤੋਂ ਇਨਕਾਰ ਕਰ ਦਿੱਤਾ ਸੀ ਕਿ ਸੁਰੱਖਿਅਤ ਅਤੇ ਕਾਨੂੰਨੀ ਗਰਭਪਾਤ ਤੱਕ ਪਹੁੰਚ ਕਰਨ ਦਾ ਸੰਵਿਧਾਨਕ ਅਧਿਕਾਰ ਹੈ। ਇਹ ਔਰਤਾਂ ਤੇ ਅੱਤਿਆਚਾਰ ਦੀ ਕੋਈ ਅਨੋਖੀ ਘਟਨਾ ਨਹੀਂ ਸੀ। ਸੁਰੱਖਿਅਤ ਗਰਭਪਾਤ ਲਈ ਸੰਸਾਰ ਭਰ ਵਿੱਚ ਮੁਹਿੰਮ ਦੇ 100 ਸਾਲਾਂ ਦੇ ਬਾਵਜੂਦ ਗਰਭਪਾਤ ਦਾ ਲਗਾਤਾਰ ਅਪਰਾਧੀਕਰਨ ਹਰ ਸਾਲ ਅਣਗਿਣਤ ਵਿਅਕਤੀਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ।

ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਵਿਸ਼ਵ ਸਿਹਤ ਸੰਗਠਨ ਨੂੰ ਔਰਤਾਂ ਅਤੇ ਲੜਕੀਆਂ ਦੀ ਸਿਹਤ ਅਤੇ ਅਧਿਕਾਰਾਂ ਲਈ ਸੁਰੱਖਿਅਤ ਗਰਭਪਾਤ ਦੇਖਭਾਲ ਤੱਕ ਪਹੁੰਚ ਦੇ ਬੁਨਿਆਦੀ ਮਹੱਤਵ ਨੂੰ ਉਤਸ਼ਾਹਿਤ ਕਰਨ ਲਈ ਮਾਣ ਹੈ। ਸਿਹਤ ਇੱਕ ਮਨੁੱਖੀ ਅਧਿਕਾਰ ਹੈ ਅਤੇ ਗਰਭਪਾਤ ਦੀ ਦੇਖਭਾਲ ਸਿਹਤ ਦੇਖਭਾਲ ਹੈ। ਸੁਰੱਖਿਅਤ ਗਰਭਪਾਤ ਤੱਕ ਪਹੁੰਚ ਨੂੰ ਉਤਸ਼ਾਹਿਤ ਕਰਨਾ ਅਤੇ ਸੁਰੱਖਿਅਤ ਕਰਨਾ ਇੱਕ ਅਜਿਹੀ ਦੁਨੀਆ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਜਿੱਥੇ ਹਰ ਕੋਈ ਜਿਨਸੀ ਅਤੇ ਪ੍ਰਜਨਨ ਸਿਹਤ ਸੇਵਾਵਾਂ ਦੇ ਉੱਚੇ ਮਿਆਰਾਂ ਤੱਕ ਪਹੁੰਚ ਕਰਨ ਦੇ ਯੋਗ ਹੋਵੇ ਅਤੇ ਆਪਣੀ ਪੂਰੀ ਸਮਰੱਥਾ ਤੱਕ ਪਹੁੰਚ ਸਕੇ। 28 ਸਤੰਬਰ ਜਿਣਸੀ ਅਤੇ ਪ੍ਰਜਣਨ ਸਿਹਤ, ਅਧਿਕਾਰਾਂ ਅਤੇ ਨਿਆਂ ਨੂੰ ਬਰਕਰਾਰ ਰੱਖਣ ਲਈ ਸਰਕਾਰਾਂ ਅਤੇ ਗਲੋਬਲ ਸੰਸਥਾਵਾਂ ਤੋਂ ਜਵਾਬਦੇਹੀ ਦੀ ਮੰਗ ਕਰਨ ਲਈ ਸਮੂਹਿਕ ਕਾਰਵਾਈ ਦੀ ਸ਼ਕਤੀ ਤੇ ਵੀ ਧਿਆਨ ਕੇਂਦਰਤ ਕਰਨ ਦਾ ਸੁਨੇਹਾ ਦਿੰਦਾ ਹੈ। ਮਹਿਲਾਵਾਂ ਦੀ ਸੁਰੱਖਿਆ ਲਈ ਐਮਟੀਪੀ ਐਕਟ ਅਨੁਸਾਰ ਗਰਭਪਾਤ ਕਰਵਾਉਣ ਦੀ ਸਹੂਲਤ ਸਮੂਹ ਸਰਕਾਰੀ ਸਿਹਤ ਕੇਂਦਰਾਂ ਵਿੱਚ ਮੁੱਫਤ ਉਪਲੱਬਦ ਕਰਵਾਉਣੀ ਚਾਹੀਦੀ ਹੈ ਤਾਂ ਜੋ ਸੁਰੱਖਿਅਤ ਗਰਭਪਾਤ ਦਿਵਸ ਦਾ ਉਦੇਸ਼ ਪੂਰਾ ਹੋ ਸਕੇ।



ਕੁਲਦੀਪ ਚੰਦ
91-9417563054




# 27 ਸਤੰਬਰ ਨੂੰ ਵਿਸ਼ਵ ਸੈਰ ਸਪਾਟਾ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਸੈਰ ਸਪਾਟੇ ਦਾ ਮਨੁਖੀ ਜੀਵਨ ਵਿੱਚ ਵਿਸ਼ੇਸ਼ ਮਹੱਤਵ ਹੈ ਅਤੇ ਸੈਰ ਸਪਾਟੇ ਦੀ ਲੋਕਪ੍ਰਿਯਤਾ ਨੂੰ ਦੇਖਦੇ ਹੋਏ ਹੀ 27 ਸਤੰਬਰ 1970 ਵਿੱਚ ਸੰਯੁਕਤ ਰਾਸ਼ਟਰ ਵਿਸ਼ਵ ਸੈਰ ਸਪਾਟਾ ਸੰਗਠਨ ਦੇ ਨਿਯਮਾਂ ਨੂੰ ਅਪਣਾਏ ਜਾਣ ਦੀ ਵਰ੍ਹੇਗੰਢ ਨੂੰ ਦਰਸਾਉਂਦਾ ਹੈ ਜਿਸ ਨਾਲ ਪੰਜ ਸਾਲ ਬਾਅਦ ਸੰਯੁਕਤ ਰਾਸ਼ਟਰ ਵਿਸ਼ਵ ਸੈਰ ਸਪਾਟਾ ਸੰਗਠਨ ਦਾ ਗਠਨ ਹੋਇਆ। ਇਹ ਦਿਨ ਅੰਤਰ-ਰਾਸ਼ਟਰੀ ਆਰਥਿਕਤਾ ਨੂੰ ਵਧਾਉਣ ਵਿੱਚ ਸੈਰ-ਸਪਾਟੇ ਦੀ ਭੂਮਿਕਾ ਤੇ ਵੀ ਜ਼ੋਰ ਦਿੰਦਾ ਹੈ। ਸੰਯੁਕਤ ਰਾਸ਼ਟਰ ਮਹਾਂ ਸਭਾ ਨੇ ਸਾਲ 1980 ਵਿੱਚ ਪੂਰੇ ਵਿਸ਼ਵ ਵਿੱਚ ਸੈਰ ਸਪਾਟੇ ਨੂੰ ਵਧਾਉਣ ਲਈ ਵਿਸ਼ਵ ਸੈਲਾਨੀ ਦਿਵਸ ਆਯੋਜਿਤ ਕਰਨ ਦੀ ਸ਼ੁਰੂਆਤ 27 ਸਤੰਬਰ ਨੂੰ ਹੀ ਕੀਤੀ ਸੀ ਅਤੇ ਉਦੋਂ ਤੋਂ ਲੈਕੇ ਅੱਜ ਤੱਕ ਹਰ ਸਾਲ 27 ਸਤੰਬਰ ਨੂੰ ਵਿਸ਼ਵ ਸੈਲਾਨੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸਨੂੰ ਮਨਾਉਣ ਦਾ ਮੁੱਖ ਉਦੇਸ਼ ਸੈਰ ਸਪਾਟੇ ਦੇ ਨਾਲ ਉਸਦੇ ਰਾਜਨੀਤਿਕ, ਸਮਾਜਿਕ ਅਤੇ ਸੱਭਿਆਚਾਰਕ ਕਦਰਾਂ ਕੀਮਤਾਂ ਪ੍ਰਤੀ ਵਿਸ਼ਵ ਨੂੰ ਜਾਗਰੂਕ ਕਰਨ ਦੇ ਨਾਲ ਸੈਰ ਸਪਾਟੇ ਤੋਂ ਆਪਣੇ ਦੇਸ਼ ਦੀ ਆਮਦਨ ਨੂੰ ਵਧਾਉਣਾ ਹੈ। ਸੈਰ ਸਪਾਟੇ ਦੀ ਕਿਸੇ ਵੀ ਦੇਸ਼ ਦੇ ਸਮਾਜਿਕ, ਸੱਭਿਆਚਾਰਕ, ਰਾਜਨੀਤਿਕ ਅਤੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਯੂਰਪੀ ਦੇਸ਼, ਤੱਟੀ ਅਫਰੀਕੀ ਦੇਸ਼, ਪੂਰਵੀ ਏਸ਼ੀਆਈ ਦੇਸ਼, ਕਨੇਡਾ, ਆਸਟ੍ਰੇਲੀਆ ਆਦਿ ਅਜਿਹੇ ਦੇਸ਼ ਹਨ ਜਿੱਥੇ ਸੈਰ ਸਪਾਟੇ ਦੇ ਉਦਯੋਗ ਤੋਂ ਪ੍ਰਾਪਤ ਆਮਦਨ ਉਥੋਂ ਦੀ ਅਰਥ ਵਿਵਸਥਾ ਨੂੰ ਮਜ਼ਬੂਤ ਕਰਦੀ ਹੈ। ਇਸ ਦਿਵਸ ਦੇ ਮਹੱਤਵ ਨੂੰ ਸਮਝਾਉਣ ਦੇ ਲਈ ਹਰ ਸਾਲ ਵਿਸ਼ੇਸ਼ ਥੀਮ ਰੱਖੀ ਜਾਂਦੀ ਹੈ। ਸਾਲ 1980 ਵਿੱਚ ਪਹਿਲੇ ਵਿਸ਼ਵ ਸੈਲਾਨੀ ਦਿਵਸ ਲਈ"ਸੰਸਕ੍ਰਿਤਿਕ ਧਰੋਹਰ ਦੀ ਸੁਰਖਿਆ ਸੈਰ ਸਪਾਟੇ ਦੇ ਯੋਗਦਾਨ'' ਨੂੰ ਥੀਮ ਬਣਾਇਆ ਗਿਆ ਜਿਸ ਨਾਲ ਸੰਸਕ੍ਰਿਤਕ ਧਰੋਹਰ ਦੇ ਮਹੱਤਵ ਨੂੰ ਸਮਝਿਆ ਜਾ ਸਕਿਆ। ਸਾਲ 1981 ਵਿੱਚ "ਸੈਰ ਸਪਾਟਾ ਅਤੇ ਜੀਵਨ ਦੇ ਗੁਣ'' ਨੂੰ ਥੀਮ ਬਣਾਇਆ ਗਿਆ ਸੀ। ਸਮੇਂ ਦੇ ਨਾਲ-ਨਾਲ ਵੀ ਸੈਲਾਨੀ ਦਿਵਸ ਦੇ ਥੀਮ ਵਿੱਚ ਬਦਲਾਅ ਕੀਤਾ ਗਿਆ ਜਿਵੇਂ 1988 ਦਾ ਥੀਮ ਸੀ "ਸੈਰ ਸਪਾਟਾ ਸਭ ਲਈ ਸਿੱਖਿਆ'', 1994 ਦਾ ਥੀਮ ਸੀ "ਗੁਣਾਤਮਕ ਸਟਾਫ-ਗੁਣਾਤਮਕ ਸੈਰ ਸਪਾਟਾ'', 2004 ਵਿੱਚ ਖੇਡਾਂ ਨੂੰ ਸੈਰ ਸਪਾਟੇ ਨਾਲ ਜੋੜਦੇ ਹੋਏ "ਖੇਡਾਂ ਅਤੇ ਸੈਰ ਸਪਾਟਾ'', 2010 ਵਿੱਚ "ਸੈਰ ਸਪਾਟਾ ਅਤੇ ਜੈਵਿਕ ਵਿਭਿੰਨਤਾ'', 2011 ਵਿੱਚ "ਸੈਰ ਸਪਾਟਾ ਅਤੇ ਸਭਿਆਚਾਰ ਨੂੰ ਜੋੜਨਾ'', 2014 ਵਿੱਚ "ਸੈਰ ਸਪਾਟਾ ਅਤੇ ਭਾਈਚਾਰਕ ਵਿਕਾਸ'', 2015 ਵਿੱਚ "01 ਬਿਲੀਅਨ ਸੈਲਾਨੀ, 01 ਬਿ-ਲੀਅਨ ਮੌਕੇ'', 2018 ਵਿੱਚ "ਸੈਰ ਸਪਾਟਾ ਅਤੇ ਡਿਜੀਟਲ ਪਰਿਵਰਤਨ'', 2019 ਵਿੱਚ "ਸੈਰ ਸਪਾਟਾ ਅਤੇ ਨੌਕਰੀਆਂ: ਸਾਰਿਆਂ ਲਈ ਬਿਹਤਰ ਭਵਿੱਖ'', 2020 ਵਿੱਚ "ਸੈਰ ਸਪਾਟਾ ਅਤੇ ਪੇਂਡੂ ਵਿਕਾਸ'', 2021 ਵਿੱਚ "ਸਮੂਹਿਕ ਵਿਕਾਸ ਲਈ ਸੈਰ ਸਪਾਟਾ'', 2022 ਵਿੱਚ "ਟੂਰਿਜ਼ਮ ਤੇ ਮੁੜ ਵਿਚਾਰ ਕਰਨਾ'' ਸ਼ਾਮਿਲ ਰਹੇ ਹਨ। ਇਸ ਸਾਲ 2023 ਵਿੱਚ ਵਿਸ਼ਵ ਸੈਰ-ਸਪਾਟਾ ਦਿਵਸ ਦੀ 43ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ ਅਤੇ ਇਸ ਸਾਲ ਦਾ ਥੀਮ "ਸੈਰ-ਸਪਾਟਾ ਅਤੇ ਹਰਿਆਵਲ ਨਿਵੇਸ਼'' ਹੈ। ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ 2015 ਵਿੱਚ ਆਪਣੇ 70ਵੇਂ ਸੈਸ਼ਨ ਵਿੱਚ 2017 ਨੂੰ ਵਿਕਾਸ ਲਈ ਟਿਕਾਊ ਟੂਰਿਜ਼ਮ ਦੇ ਅੰਤਰਰਾਸ਼ਟਰੀ ਸਾਲ ਵਜੋਂ ਵਿਸ਼ਵ ਸੈਰ-ਸਪਾਟੇ ਨੂੰ ਸਮਰਪਿੱਤ ਪੂਰਾ ਸਾਲ ਮਨਾਉਣ ਲਈ ਘੋਸ਼ਣਾ ਕੀਤੀ ਸੀ। ਸੰਯੁਕਤ ਰਾਸ਼ਟਰ ਵਿਸ਼ਵ ਸੈਰ-ਸਪਾਟਾ ਸੰਗਠਨ ਇੱਕ ਵਿਸ਼ੇਸ਼ ਏਜੰਸੀ ਹੈ ਜੋ ਟਿਕਾਊ, ਜ਼ਿੰਮੇਵਾਰ ਅਤੇ ਸਰਵ ਵਿਆਪਕ ਪਹੁੰਚਯੋਗ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਸਥਾਪਿਤ ਕੀਤੀ ਗਈ ਹੈ ਜੋ ਸਮੁੰਦਰੀ, ਤੱਟਵਰਤੀ ਅਤੇ ਅੰਦਰੂਨੀ ਜਲ ਸੈਰ-ਸਪਾਟਾ ਸਮੇਤ ਹਰ ਤਰਾਂ ਦੇ ਸੈਰ-ਸਪਾਟਾ ਦੁਆਰਾ ਆਰਥਿਕ ਵਿਕਾਸ, ਸੰਮਲਿਤ ਵਿਕਾਸ ਅਤੇ ਵਾਤਾਵਰਣ ਸਥਿਰਤਾ ਦਾ ਸਮੱਰਥਨ ਅਤੇ ਉਤਸ਼ਾਹਿਤ ਕਰਦੀ ਹੈ।ਉਨ੍ਹਾਂ ਦੀਆਂ ਤਰਜੀਹਾਂ ਵਿੱਚ ਗਰੀਬੀ ਘਟਾਉਣ ਅਤੇ ਵਿਕਾਸ ਵਿੱਚ ਸੈਰ-ਸਪਾਟੇ ਦੇ ਯੋਗਦਾਨ ਨੂੰ ਅੱਗੇ ਵਧਾਉਣਾ, ਟਿਕਾਊ ਸੈਰ-ਸਪਾਟਾ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ। ਸੰਯੁਕਤ ਰਾਸ਼ਟਰ ਦੇ ਮੈਂਬਰ ਰਾਜਾਂ, ਗੈਰ-ਮੈਂਬਰ ਰਾਜਾਂ ਦੁਆਰਾ ਵਿਸ਼ਵ ਸੈਰ-ਸਪਾਟਾ ਦਿਵਸ ਨੂੰ ਉਤਸ਼ਾਹ ਨਾਲ ਮਨਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।ਸੈਰ-ਸਪਾਟਾ ਲੋਕਾਂ ਨੂੰ ਵਿਸ਼ਵ ਦੀ ਸੱਭਿਆਚਾਰਕ ਵਿਰਾਸਤ ਅਤੇ ਵਿਭਿੰਨਤਾਵਾਂ ਦਾ ਅਨੁਭਵ ਕਰਨ ਦੀ ਇਜਾਜ਼ਤ ਦਿੰਦਾ ਹੈ ਜੋ ਲੋਕਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਂਦਾ ਹੈ। ਸੈਰ-ਸਪਾਟਾ ਦੁਨੀਆ ਦੀ ਸਭ ਤੋਂ ਮਹੱਤਵਪੂਰਨ ਆਰਥਿਕਤਾ ਹੈ ਜੋ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਰੋਜ਼ੀ-ਰੋਟੀ ਪ੍ਰਦਾਨ ਕਰਦਾ ਹੈ ਇਸ ਲਈ ਵਿਸ਼ਵ ਸੈਰ ਸਪਾਟਾ ਦਿਵਸ ਮਨਾਉਣ ਦੇ ਨਾਲ ਹੀ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹੈ।ਭਾਰਤ ਦੁਨੀਆ ਦੇ ਸੈਲਾਨੀਆਂ ਲਈ ਪ੍ਰਮੁੱਖ ਆਕਰਸ਼ਣਾਂ ਵਿੱਚੋਂ ਇੱਕ ਹੈ ਇਸ ਲਈ ਸੈਰ-ਸਪਾਟਾ ਭਾਰਤ ਵਿੱਚ ਸੱਭਿਆਚਾਰਕ ਅਤੇ ਆਰਥਿਕ ਦੋਵਾਂ ਪੱਖੋਂ ਮਹੱਤਵਪੂਰਨ ਹੈ। ਭਾਰਤ ਵਿੱਚ ਸੈਰ-ਸਪਾਟੇ ਵਿੱਚ ਈਕੋ-ਟੂਰਿਜ਼ਮ, ਕਰੂਜ਼, ਵਪਾਰ, ਖੇਡਾਂ, ਵਿੱਦਿਅਕ, ਪੇਂਡੂ ਅਤੇ ਮੈਡੀਕਲ ਟੂਰਿਜ਼ਮ ਆਦਿ ਸ਼ਾਮਲ ਹਨ। ਭਾਰਤ ਵਿੱਚ ਸੈਰ-ਸਪਾਟਾ ਮੰਤਰਾਲਾ ਸੈਰ-ਸਪਾਟੇ ਨੂੰ ਵਿਕਸਤ ਕਰਨ ਅਤੇ ਉਤਸ਼ਾਹਿਤ ਕਰਨ ਲਈ ਨੀਤੀਆਂ ਬਣਾਉਣ ਲਈ ਜ਼ਿੰਮੇਵਾਰ ਹੈ। ਭਾਰਤੀ ਸੈਲਾਨੀ ਵਿਭਾਗ ਨੇ ਸਤੰਬਰ 2002 ਵਿੱਚ 'ਅਤੁੱਲ ਭਾਰਤ' ਨਾਮ ਨਾਲ ਇੱਕ ਨਵਾਂ ਅਭਿਆਨ ਸ਼ੁਰੂ ਕੀਤਾ ਸੀ ਜਿਸਦਾ ਉਦੇਸ਼ ਭਾਰਤੀ ਸੈਰ ਸਪਾਟੇ ਨੂੰ ਵਿਸ਼ਵ ਮੰਚ ਤੱਕ ਪਹੁੰਚਾਣਾ ਸੀ ਜੋ ਕਾਫੀ ਹੱਦ ਤੱਕ ਸਫਲ ਹੋਇਆ। ਸਰਕਾਰ ਨੇ ਸੈਰ ਸਪਾਟਾ ਵਾਲੀਆਂ ਥਾਵਾਂ ਨੂੰ ਵਿਕਸਿਤ ਕਰਨ ਲਈ ਵਿਸ਼ੇਸ਼ ਯੋਜਨਾਵਾਂ ਉਲੀਕੀਆਂ ਹਨ ਅਤੇ ਫੰਡ ਰਾਖਵੇਂ ਰੱਖੇ ਹਨ। ਸਰਕਾਰ ਨੇ 12ਵੀਂ ਪੰਜ ਸਾਲਾਂ ਯੋਜਨਾ ਵਿੱਚ ਸੈਰ ਸਪਾਟੇ ਦੇ ਵਿਕਾਸ ਅਤੇ ਵਾਧੇ ਦੇ ਲਈ ਲੱਗਭੱਗ 22800 ਕਰੋੜ ਰੁਪਏ ਰੱਖੇ ਜੋਕਿ 11ਵੀਂ ਪੰਜ ਸਾਲਾਂ ਯੋਜਨਾ ਵਿੱਚ ਸੈਰ ਸਪਾਟੇ ਦੇ ਵਿਕਾਸ ਲਈ ਰੱਖੇ ਗਏ 5156 ਕਰੋੜ ਰੁਪਏ ਦੇ ਮੁਕਾਬਲੇ ਚਾਰ ਗੁਣਾ ਤੋਂ ਵੱਧ ਹੈ। ਸਾਲ 2021 ਵਿੱਚ ਜੀਡੀਪੀ ਵਿੱਚ ਯਾਤਰਾ ਅਤੇ ਸੈਰ-ਸਪਾਟਾ ਦੇ ਕੁੱਲ ਯੋਗਦਾਨ ਦੇ ਮਾਮਲੇ ਵਿੱਚ ਵਿਸ਼ਵ ਯਾਤਰਾ ਅਤੇ ਸੈਰ-ਸਪਾਟਾ ਕੌਂਸਲ ਅਨੁਸਾਰ ਭਾਰਤ 6ਵੇਂ ਸਥਾਨ ਤੇ ਰਿਹਾ ਹੈ। ਵਿਸ਼ਵ ਯਾਤਰਾ ਅਤੇ ਸੈਰ-ਸਪਾਟਾ ਪਰਿਸ਼ਦ ਦੀ 2019 ਦੀ ਰਿਪੋਰਟ ਵਿੱਚ ਵਿਸ਼ਵ ਕੁੱਲ ਘਰੇਲੂ ਉਤਪਾਦ ਵਿੱਚ ਯੋਗਦਾਨ ਦੇ ਮਾਮਲੇ ਵਿੱਚ ਭਾਰਤ ਦਾ ਸੈਰ-ਸਪਾਟਾ 10ਵੇਂ ਸਥਾਨ ਤੇ ਰਿਹਾ ਹੈ। ਸਾਲ 2019 ਦੌਰਾਨ ਯਾਤਰਾ ਅਤੇ ਸੈਰ-ਸਪਾਟੇ ਦਾ ਜੀਡੀਪੀ ਵਿੱਚ ਯੋਗਦਾਨ ਕੁੱਲ ਆਰਥਿਕਤਾ ਦਾ 6.8ਫ਼ ਸੀ ਜੋ ਲੱਗਭੱਗ 1368100 ਕਰੋੜ ਰੁਪਏ ਸੀ। ਸਾਲ 2021 ਵਿੱਚ ਟੂਰਿਜ਼ਮ ਨੇ ਜੀਡੀਪੀ ਵਿੱਚ 5.8ਫ਼ ਦਾ ਯੋਗਦਾਨ ਪਾਇਆ ਅਤੇ ਲੱਗਭੱਗ 32.1 ਮਿਲੀਅਨ ਰੋਜ਼ਗਾਰ ਪੈਦਾ ਕੀਤੇ ਜੋ ਕਿ ਕੁੱਲ ਨੌਕਰੀਆਂ ਦੇ 6.9ਫ਼ ਦੇ ਬਰਾਬਰ ਹੈ। ਵਿਸ਼ਵ ਆਰਥਿਕ ਫੋਰਮ ਦੇ ਟੂਰਿਜ਼ਮ ਵਿਕਾਸ ਸੂਚਕਾਂਕ ਅਨੁਸਾਰ ਭਾਰਤ 54ਵੇਂ ਸਥਾਨ ਤੇ ਰਿਹਾ ਹੈ। ਦੇਸ਼ ਵਿੱਚ ਅੰਤਰਰਾਸ਼ਟਰੀ ਸੈਲਾਨੀਆਂ ਦੀ ਆਮਦ 2023 ਵਿੱਚ 8.6 ਮਿਲੀਅਨ ਤੱਕ ਪਹੁੰਚਣ ਦਾ ਅਨੁਮਾਨ ਹੈ। ਭਾਰਤ ਵਿੱਚ ਅਣਗਿਣਤ ਸੈਰ ਸਪਾਟੇ ਵਾਲੀਆਂ ਥਾਵਾਂ ਹਨ ਪਰ ਉਹ ਥਾਵਾਂ ਪੂਰੀ ਤਰਾਂ ਵਿਕਸਿਤ ਨਹੀਂ ਹੋ ਸਕੀਆਂ ਹਨ ਅਤੇ ਪੂਰੀ ਤਰਾਂ ਨਾਲ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਨਹੀਂ ਬਣੀਆਂ ਹਨ। ਭਾਰਤ ਵਿੱਚ ਟੂਰਿਜ਼ਮ ਉਦਯੋਗ ਨੂੰ ਕਈ ਤਰ੍ਹਾਂ ਦੇ ਖਤਰਿਆਂ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਨਾਲ ਜੁੜੇ ਲੋਕਾਂ ਵਿੱਚ ਇਸ ਸਬੰਧੀ ਸਿਖਲਾਈ ਅਤੇ ਹੁਨਰ ਦੇ ਵਿਕਾਸ ਦੀ ਘਾਟ ਹੈ। ਭਾਰਤ ਵਿੱਚ ਸੈਲਾਨੀਆਂ ਨੂੰ ਬੁਨਿਆਦੀ ਢਾਂਚੇ ਨਾਲ ਸਬੰਧਤ ਨਾਕਾਫ਼ੀ ਸੜ੍ਹਕਾਂ ਦੀ ਖਸਤਾ ਹਾਲਤ, ਪਾਣੀ ਅਤੇ ਸੀਵਰੇਜ ਦੀ ਘਾਟ, ਹੋਟਲ ਆਦਿ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੈਲਾਨੀਆਂ ਖਾਸ ਕਰਕੇ ਵਿਦੇਸ਼ੀ ਸੈਲਾਨੀਆਂ ਦੀ ਸੁਰੱਖਿਆ ਅਤੇ ਸੈਰ-ਸਪਾਟੇ ਦੇ ਵਿਕਾਸ ਵਿੱਚ ਇੱਕ ਵੱਡੀ ਰੁਕਾਵਟ ਹੈ। ਵਿਦੇਸ਼ੀ ਨਾਗਰਿਕਾਂ ਤੇ ਹਮਲੇ ਦੂਰ-ਦੁਰਾਡੇ ਦੇ ਦੇਸ਼ਾਂ ਤੋਂ ਆਉਣ ਵਾਲੇ ਸੈਲਾਨੀਆਂ ਦਾ ਸੁਆਗਤ ਕਰਨ ਦੀ ਭਾਰਤ ਦੀ ਸਮਰੱਥਾ ਤੇ ਸਵਾਲ ਖੜ੍ਹੇ ਕਰਦੇ ਹਨ। ਭਾਰਤ ਵਿੱਚ ਵਿਸ਼ਵ ਵਿਰਾਸਤ ਸੂਚੀ ਅਨੁਸਾਰ ਸੂਚੀਬੱਧ 40 ਸਾਈਟਾਂ ਹਨ ਜੋ ਵਿਸ਼ਵ ਵਿੱਚ 6ਵੇਂ ਨੰਬਰ ਤੇ ਹਨ ਇਨ੍ਹਾਂ ਵਿੱਚ 32 ਸੱਭਿਆਚਾਰਕ, 7 ਕੁਦਰਤੀ ਅਤੇ 1 ਮਿਕਸਡ ਸਾਈਟ ਹੈ। ਭਾਰਤ ਵਿੱਚ ਸੈਰ-ਸਪਾਟਾ ਦੇਸ਼ ਦੇ ਜੀਡੀਪੀ ਦਾ ਲੱਗਭੱਗ 4.6ਫ਼ ਹੈ। ਇੱਕ ਮੈਗਜ਼ੀਨ ਅਨੁਸਾਰ ਵਿਸ਼ਵ ਦੇ 50 ਸਭ ਤੋਂ ਸੁੰਦਰ ਦੇਸ਼ਾਂ ਦੀ ਰੈਂਕਿੰਗ ਵਿੱਚ ਭਾਰਤ ਨੂੰ 7ਵਾਂ ਖੂਬਸੂਰਤ ਦੇਸ਼ ਦੱਸਿਆ ਗਿਆ ਹੈ। ਭਾਰਤਵਿੱਚ ਮੈਡੀਕਲ-ਟੂਰਿਜ਼ਮ ਵੀ ਵਿਕਸਿਤ ਹੋ ਰਿਹਾ ਹੈ। ਸਾਲ 2014 ਵਿੱਚ ਲੱਗਭੱਗ 184298 ਵਿਦੇਸ਼ੀ ਮਰੀਜ਼ਾਂ ਨੇ ਡਾਕਟਰੀ ਇਲਾਜ ਕਰਵਾਉਣ ਲਈ ਭਾਰਤ ਦੀ ਯਾਤਰਾ ਕੀਤੀ। ਸੈਰ ਸਪਾਟਾ ਮੰਤਰਾਲੇ ਅਨੁਸਾਰ 2019 ਵਿੱਚ 10.93 ਮਿਲੀਅਨ ਦੇ ਮੁਕਾ-ਬਲੇ 2022 ਅਤੇ 2021 ਵਿੱਚ ਕ੍ਰਮਵਾਰ 6.19 ਮਿਲੀਅਨ ਅਤੇ 1.52 ਮਿਲੀਅਨ ਵਿਦੇਸ਼ੀ ਸੈਲਾਨੀ ਭਾਰਤ ਆਏ ਜੋਕਿ 44ਫ਼ ਦੀ ਗਿਰਾਵਟ ਨੂੰ ਦਰਸਾਉਂਦਾ ਹੈ। ਭਾਰਤ ਵਿੱਚ ਘਰੇਲੂ ਸੈਲਾਨੀਆਂ ਦੀ ਆਬਾਦੀ ਜ਼ਿਆਦਾ ਹੈ ਇਸ ਲਈ ਇਹ ਵਿਦੇਸ਼ੀ ਸੈਲਾਨੀਆਂ ਤੇ ਜ਼ਿਆਦਾ ਨਿਰਭਰ ਨਹੀਂ ਹੈ। ਇਹ ਭਾਰਤ ਨੂੰ ਦੁਨੀਆ ਦਾ 22ਵਾਂ ਸਭ ਤੋਂ ਵੱਧ ਦੌਰਾ ਕਰਨ ਵਾਲਾ ਦੇਸ਼ ਬਣਾਉਂਦਾ ਹੈ ਅਤੇ ਏਸ਼ੀਆ ਅਤੇ ਪ੍ਰਸ਼ਾਂਤ ਦੇ ਖੇਤਰਾਂ ਵਿੱਚ 8ਵਾਂ ਸਥਾਨ ਹੈ। ਸੈਰ-ਸਪਾਟਾ ਖੇਤਰ ਦਾ ਦੇਸ਼ ਦੀ ਆਰਥਿਕਤਾ ਤੇ ਵੱਡਾ ਪ੍ਰਭਾਵ ਪੈਂਦਾ ਹੈ ਅਤੇ ਇਸ ਤਰ੍ਹਾਂ ਵਿਸ਼ਵ ਅਰਥਚਾਰੇ ਦੇ ਉਭਾਰ ਵਿੱਚ ਯੋਗਦਾਨ ਪਾਉਂਦਾ ਹੈ। ਸੈਰ-ਸਪਾਟਾ ਟਿਕਾਊ ਵਿਕਾਸ ਲਈ 2030 ਦੇ ਏਜੰਡੇ ਖਾਸ ਤੌਰ ਤੇ ਟੀਚਿਆਂ 8, 12 ਅਤੇ 14 ਨੂੰ ਪੂਰਾ ਕਰਨ ਲਈ ਇੱਕ ਜ਼ਰੂਰੀ ਥੰਮ ਹੈ। ਭਾਰਤ ਦੇ ਕੁੱਝ ਖਾਸ ਸੈਰ ਸਪਾਟੇ ਵਾਲੇ ਰਾਜ ਜੰਮੂ ਕਸ਼ਮੀਰ, ਰਾਜਸਥਾਨ, ਗੋਆ, ਕੇਰਲ, ਹਿਮਾਚਲ ਪ੍ਰਦੇਸ਼, ਪੰਜਾਬ ਆਦਿ ਹਨ ਪਰ ਇਹਨਾਂ ਸਾਰਿਆਂ ਦੇ ਨਾਲ-ਨਾਲ ਛੱਤੀਸਗੜ੍ਹ, ਝਾਰਖੰਡ, ਉਤਰਾਖੰਡ, ਆਂਧਰਾ ਪ੍ਰਦੇਸ਼, ਉੜੀਸਾ ਆਦਿ ਵੀ ਮਸ਼ਹੂਰ ਸੈਰ ਸਪਾਟਾ ਰਾਜ ਦੇ ਰੂਪ ਵਿੱਚ ਵਿਕਸਿਤ ਹੋ ਰਹੇ ਹਨ।ਪੰਜਾਬ ਵਿੱਚ ਵੀ ਬਹੁਤ ਸਾਰੇ ਪ੍ਰਸਿੱਧ ਸੈਲਾਨੀ ਆਕਰਸ਼ਣ ਹਨ। ਪੰਜਾਬ ਸੈਰ ਸਪਾਟਾ ਸਥਾਨਾਂ ਵਿੱਚ ਅੰਮ੍ਰਿਤਸਰ ਵਿੱਚ ਸਥਿਤ ਪਵਿੱਤਰ ਗੋਲਡਨ ਟੈਂਪਲ, ਜਲ੍ਹਿਆਂਵਾਲਾ ਬਾਗ, ਵਾਹਗਾ ਬਾਰਡਰ, ਮਹਾਰਾਜਾ ਰਣਜੀਤ ਸਿੰਘ ਵਾਰ ਮਿਊਜ਼ੀਅਮ, ਵਿਰਾਸਤ ਏ ਖਾਲਸਾ ਸ਼੍ਰੀ ਅਨੰਦਪੁਰ ਸਾਹਿਬ, ਹਰੀਕੇ ਵੈਟਲੈਂਡ, ਪਾਰਟੀਸ਼ਨ ਮਿਊਜ਼ੀਅਮ, ਲੋਧੀ ਕਿਲਾ, ਚੰਡੀਗੜ੍ਹ ਵਿੱਚ ਮਸ਼ਹੂਰ ਪਾਰਕ ਗਾਰਡਨ ਆਫ ਸਾਈਲੈਂਸ'', ਰੌਕ ਗਾਰਡਨ'', ਜ਼ਾਕਿਰ ਹੁਸੈਨ ਰੋਜ਼ ਗਾਰਡਨ'', ਬੋਟੈਨੀਕਲ ਗਾਰਡਨ'', ਜਾਪਾਨੀ ਗਾਰਡਨ'' ਆਦਿ ਸ਼ਾਮਿਲ ਹਨ।ਸਾਲ 2021 ਵਿੱਚ ਪੰਜਾਬ ਦਾ ਦੌਰਾ ਕਰਨ ਵਾਲੇ ਸੈਲਾਨੀਆਂ ਦੀ ਕੁੱਲ ਗਿਣਤੀ 29648567 ਸੀ ਅਤੇ ਪੰਜਾਬ ਵਿੱਚ ਆਉਣ ਵਾਲੇ ਵਿਦੇਸ਼ੀ ਸੈਲਾਨੀਆਂ ਦੀ ਕੁੱਲ ਗਿਣਤੀ 308135 ਸੀ। ਸਾਲ 2020 ਵਿੱਚ ਪੰਜਾਬ ਵਿੱਚ ਆਉਣ ਵਾਲੇ ਘਰੇਲੂ ਸੈਲਾਨੀਆਂ ਦੀ ਕੁੱਲ ਗਿਣਤੀ 26640432 ਸੀ। ਕੋਰੋਨਾ ਮਹਾਂਮਾਰੀ ਕਾਰਨ 2019 ਦੇ ਮੁਕਾਬਲੇ 2020 ਵਿੱਚ ਘਰੇਲੂ ਅਤੇ ਵਿਦੇਸ਼ੀ ਪੰਜਾਬ ਵਿੱਚ ਆਉਣ ਵਾਲੇ ਸੈਲਾਨੀਆਂ ਦੀ ਕੁੱਲ ਗਿਣਤੀ ਵਿੱਚ ਭਾਰੀ ਗਿਰਾਵਟ ਆਈ ਹੈ।ਇਹ ਮਹੱਤਵਪੂਰਨ ਹੈ ਕਿ ਸੈਰ-ਸਪਾਟਾ ਖੇਤਰ ਨੂੰ ਵਿਸ਼ਵ ਦੀ ਆਰਥਿਕਤਾ ਨੂੰ ਤੇਜ਼ੀ ਨਾਲ ਹੁਲਾਰਾ ਦੇਣ ਦੀ ਆਪਣੀ ਸਮਰੱਥਾ ਨੂੰ ਦੇਖਦੇ ਹੋਏ ਵਿਕਾਸ ਲਈ ਸਹੀ ਮੌਕਾ ਪ੍ਰਦਾਨ ਕੀਤਾ ਜਾਵੇ। ਵਿਸ਼ਵ ਸੈਰ-ਸਪਾਟਾ ਦਿਵਸ ਸੈਰ-ਸਪਾਟਾ ਖੇਤਰ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ ਅਤੇ ਦੇਸ਼ ਦੇ ਵਿਕਾਸ ਵਿੱਚ ਇਹ ਉਦਯੋਗ ਦੁਨੀਆ ਭਰ ਦੇ ਲੋਕਾਂ ਦਾ ਧਿਆਨ ਖਿੱਚਦਾ ਹੈ।ਸੈਰ ਸਪਾਟੇ ਦੇ ਵਿਕਾਸ ਲਈ ਮਹੱਤਵਪੂਰਨ ਢਾਂਚਾਗਤ ਖੇਤਰ ਦੇ ਸੁਧਾਰ ਤੇ ਸਰਕਾਰ ਵੱਲੋਂ ਵਿਸ਼ੇਸ਼ ਧਿਆਨ ਦੇਣ ਅਤੇ ਵਿਭਿੰਨ ਰਾਜਾਂ ਦੁਆਰਾ ਸੈਰ ਸਪਾਟੇ ਦੇ ਸਥਾਨਾਂ ਨੂੰ ਲੋਕਪ੍ਰਿਯ ਬਣਾਉਣ ਦੀ ਪਹਿਲ ਨਾਲ ਇਸ ਖੇਤਰ ਨੂੰ ਜ਼ਬਰਦਸਤ ਉਤਸ਼ਾਹ ਮਿਲੇਗਾ। ਅੱਜ ਭਾਰਤ ਵਿੱਚ ਵਿਦੇਸ਼ੀ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਦੇ ਲਈ ਵਿਭਿੰਨ ਸ਼ਹਿਰਾਂ ਵਿੱਚ ਅਲੱਗ-ਅਲੱਗ ਯੋਜਨਾਵਾਂ ਲਾਗੂ ਕੀਤੀਆਂ ਗਈਆਂ ਹਨ। ਰਾਜਸਥਾਨ ਸੈਰ ਸਪਾਟਾ ਵਿਕਾਸ ਨਿਗਮ ਨੇ ਰੇਲਗੱਡੀ ਦੀ ਸ਼ਾਹੀ ਸਵਾਰੀ ਕਰਾਉਣ ਦੇ ਮਾਧਿਅਮ ਨਾਲ ਲੋਕਾਂ ਨੂੰ ਸੈਰ ਸਪਾਟੇ ਦਾ ਮਜ਼ਾ ਉਠਾਉਣ ਦਾ ਮੌਕਾ ਦਿੱਤਾ ਜਿਸਨੂੰ 'ਪੈਲੇਸ ਆਨ ਵਹੀਲ' ਦਾ ਨਾਮ ਦਿੱਤਾ ਗਿਆ। ਰਾਜਸਥਾਨ ਸੈਰ ਸਪਾਟਾ ਵਿਕਾਸ ਨਿਗਮ ਦੀ ਇਹ ਪਹਿਲ ਦੁਨੀਆਂ ਦੇ ਸੈਰ ਸਪਾਟੇ ਮਾਨਚਿੱਤਰ ਤੇ ਭਾਰਤ ਦਾ ਨਾਮ ਰੋਸ਼ਨ ਕਰਨ ਵਾਲੀ ਮੰਨਿਆ ਗਿਆ ਹੈ। ਸੈਰ ਸਪਾਟੇ ਦੇ ਖੇਤਰ ਵਿੱਚ ਵਿਕਾਸ ਇਸਤੋਂ ਪਹਿਲਾਂ ਰਾਜ ਸਰਕਾਰਾਂ ਦੇ ਅਧੀਨ ਹੋਇਆ ਕਰਦਾ ਸੀ। ਰਾਜਾਂ ਵਿੱਚ ਤਾਲਮੇਲ ਦੇ ਪੱਧਰ ਤੇ ਵੀ ਬਹੁਤ ਘੱਟ ਕੋਸ਼ਿਸ਼ਾਂ ਹੁੰਦੀਆਂ ਸਨ। ਦੇਸ਼ ਵਿੱਚ ਹਵਾਈ ਅੱਡਿਆਂ ਨਾਲ ਸੈਰ ਸਪਾਟੇ ਦੇ ਸਥਾਨਾਂ ਦੇ ਸਿੱਧੇ ਜੋੜ ਨੇ ਸੈਰ ਸਪਾਟਾ ਖੇਤਰਾਂ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਨਿੱਜੀ ਖੇਤਰਾਂ ਦੀਆਂ ਜਹਾਜ਼ ਕੰਪਨੀਆਂ ਨੂੰ ਦੇਸ਼ ਵਿੱਚ ਉਡਾਨ ਭਰਨ ਦੀ ਇਜ਼ਾਜਤ ਦੇਣ ਨੇ ਵੀ ਇਸ ਮੰਤਵ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ। ਅੱਜ ਦੁਨੀਆਂ ਵਿੱਚ ਸੈਰ ਸਪਾਟਾ ਇੱਕ ਵੱਡਾ ਅਤੇ ਲਾਭਕਾਰੀ ਉਦਯੋਗ ਬਣ ਚੁੱਕਾ ਹੈ। ਸਾਡੇ ਦੇਸ਼ ਵਿੱਚ ਕਈ ਵਾਰ ਵਿਦੇਸ਼ੀ ਸੈਲਾਨੀ ਪ੍ਰੇਸ਼ਾਨ ਹੁੰਦੇ ਹਨ, ਸੈਰ ਸਪਾਟੇ ਵਾਲੀਆਂ ਥਾਵਾਂ ਤੇ ਵਿਦੇਸ਼ੀ ਸੈਲਾਨੀਆਂ ਦੀ ਅਕਸਰ ਹੁੰਦੀ ਆਰਥਿਕ ਲੁੱਟ ਚਰਚਾ ਦਾ ਵਿਸ਼ਾ ਰਹਿੰਦੀ ਹੈ। ਕਈ ਥਾਵਾਂ ਤੇ ਗੰਦਗੀ ਦੀ ਭਰਮਾਰ ਅਤੇ ਪ੍ਰਬੰਧਾ ਵਿੱਚ ਘਾਟਾਂ ਅਕਸਰ ਨਜ਼ਰ ਆਂਦੀਆਂ ਹਨ। ਭਾਖੜਾ ਡੈਮ ਦੀ ਪ੍ਰਸਿੱਧਤਾ ਕਾਰਨ ਹਰ ਸਾਲ ਲੱਖਾਂ ਹੀ ਦੇਸ਼ ਵਿਦੇਸ਼ ਦੇ ਯਾਤਰੀ ਭਾਖੜਾ ਡੈਮ ਆਦਿ ਲਈ ਜਾਂਦੇ ਹਨ। ਪੰਜਾਬ ਸਰਕਾਰ ਵਲੋਂ ਨੰਗਲ ਇਲਾਕੇ ਵਿੱਚ ਆਣ ਵਾਲ਼ੇ ਟੂਰਿਸਟਾਂ ਦੀ ਸਹੂਲਤ ਅਤੇ ਅਨੰਦਪੁਰ ਸਾਹਿਬ ਦੀ ਇਤਿਹਾਸਿਕ ਅਤੇ ਧਾਰਮਿਕ ਮਹੱਤਤਾ ਨੂੰ ਮੁੱਖ ਰੱਖਦਿਆਂ ਪੰਜਾਬ ਯਾਤਰਾ ਵਿਕਾਸ ਨਿਗਮ ਵਲੋਂ ਨੰਗਲ ਵਿੱਚ ਕਦੰਬਾ ਟੂਰਿਸਟ ਕੰਪਲੈਕਸ ਅਤੇ ਯਾਤਰਾ ਸੂਚਨਾ ਕੇਂਦਰ ਬਣਾਇਆ ਗਿਆ ਸੀ। ਵਿਭਾਗ ਵਲੋਂ ਬਣਾਏ ਗਏ ਕਦੰਬਾ ਟੂਰਿਸਟ ਕੰਪਲੈਕਸ ਵਿੱਚ 16 ਏ.ਸੀ ਵਾਲੇ ਅਤੇ ਬਿਨਾਂ ਏ.ਸੀ. ਵਾਲੇ ਡਬਲ ਬੈਡ ਕਮਰੇ, ਰੈਸਟੋਰੈਂਟ, ਬੀਅਰ ਬਾਰ, ਸਜਾਵਟੀ ਖੁੱਲਾ ਹਰਾ ਬਗੀਚਾ ਬਣਿਆ ਹੋਇਆ ਸੀ ਜੋਕਿ ਹੁਣ ਪਿਛਲੇ ਕਈ ਸਾਲਾਂ ਤੋਂ ਬੰਦ ਪਿਆ ਹੈ ਅਤੇ ਅਪਣੀ ਬਰਬਾਦੀ ਤੇ ਹੰਝੂ ਵਹਾ ਰਿਹਾ ਹੈ। ਨੰਗਲ ਵਿੱਚ ਬਣੇ ਯਾਤਰੀ ਸੂਚਨਾਂ ਕੇਂਦਰ ਦੀ ਹਾਲਤ ਇੰਨੀ ਮਾੜੀ ਹੈ ਕਿ ਇਸ ਵਿੱਚ ਕਰਮਚਾਰੀ ਵੀ ਪੂਰੇ ਨਹੀਂ ਹਨ। ਇਸ ਪੰਜਾਬ ਯਾਤਰ ਸੂਚਨਾ ਕੇਂਦਰ ਵਿੱਚ ਟੂਰਿਸਟ ਅਫਸਰ, ਗਾਇਡ ਕਮ ਕਲਰਕ, ਚੌਕੀਦਾਰ, ਚਪੜਾਸੀ ਅਤੇ ਸਫਾਈ ਸੇਵਕ ਦੀਆਂ ਪੱਕੀਆਂ ਪੋਸਟਾਂ ਸਨ ਪਰ ਹੋਲੀ-ਹੋਲੀ ਸਭ ਖਤਮ ਹੋ ਰਹੀਆਂ ਹਨ। ਸਾਡੀਆਂ ਸਰਕਾਰਾਂ ਨੂੰ ਟੂਰਿਜ਼ਮ ਉਦਯੋਗ ਨੂੰ ਪ੍ਰਫੁਲੱਤ ਕਰਨ ਲਈ ਠੋਸ ਯੋਜਨਾਵਾਂ ਲਾਗੂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਅਸੀਂ ਹੋਰ ਵੀ ਵੱਡੀ ਗਿਣਤੀ ਵਿੱਚ ਸੈਲਾਨੀਆਂ ਨੂੰ ਆਕਰਸ਼ਿਤ ਕਰ ਸਕੀਏ ਅਤੇ ਵਿਸ਼ਵ ਸੈਰ ਸਪਾਟਾ ਦਿਵਸ ਨੂੰ ਮਨਾਉਣ ਦਾ ਮੰਤਬ ਪੂਰਾ ਹੋ ਸਕੇ।




# ਆਯੁਸ਼ਮਾਨ ਭਵ ਮੁਹਿੰਮ ਤਹਿਤ ਅੰਗਦਾਨ ਕਰਨ ਦੀ ਸਹੁੰ ਚੁੱਕੀ

## ਅੰਗਦਾਨ ਨਾਲ ਮਰਨ ਉਪਰੰਤ ਹੋਰਨਾਂ ਨੂੰ ਦਿੱਤੀ ਜਾ ਸਕਦੀ ਹੈ ਨਵੀਂ ਜ਼ਿੰਦਗੀ: ਡਾ. ਪਰਮਿੰਦਰ ਕੌਰ



**ਸੰਗਰੂਰ, (ਦਲਜੀਤ ਕੌਰ)-** ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਵਲ ਸਰਜਨ ਡਾ. ਪਰਮਿੰਦਰ ਕੌਰ ਦੀ ਅਗਵਾਈ ਵਿੱਚ ਸਥਾਨਕ ਜਿਲ੍ਹਾ ਹਸਪਤਾਲ ਦੀ ਅਨੈਕਸੀ ਵਿਖੇ ਆਯੁਸ਼ਮਾਨ ਭਵ ਮੁਹਿੰਮ ਤਹਿਤ ਅੰਗਦਾਨ ਨੂੰ ਉਤਸ਼ਾਹਿਤ ਕਰਨ ਲਈ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਸਹੁੰ ਚੁੱਕੀ ਗਈ। ਇਸ ਦੌਰਾਨ ਅਯੁਸ਼ਮਾਨ ਭਵ ਮੁਹਿੰਮ ਨੂੰ ਸਫਲ ਬਣਾਉਣ ਲਈ ਬਲਾਕ ਐਜੂਕੇਟਰਜ ਅਤੇ ਸੀ. ਐਚ. ਓ. ਨਾਲ ਮੀਟਿੰਗ ਵੀ ਕੀਤੀ ਅਤੇ ਪ੍ਰੋਗਰਾਮ ਬਾਰੇ ਸਮੀਖਿਆ ਵੀ ਕੀਤੀ ਗਈ। ਜਾਣਕਾਰੀ ਦਿੰਦਿਆਂ ਡਾ. ਪਰਮਿੰਦਰ ਕੌਰ ਨੇ ਦੱਸਿਆ ਕਿ ਅੰਗ ਦਾਨ ਇਕ ਮਹਾਂ ਦਾਨ ਹੈ। ਮਰਨ ਉਪਰੰਤ ਵਿਅਕਤੀ ਦੇ ਅੰਗ ਦਾਨ ਕਰਨ ਨਾਲ 8 ਜਣਿਆਂ ਤੱਕ ਨੂੰ ਨਵੀਂ ਜ਼ਿੰਦਗੀ ਦਿੱਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਆਯੂਸ਼ਮਾਨ ਮੁਹਿੰਮ 2 ਅਕਤੂਬਰ ਤੱਕ ਚੱਲੇਗੀ, ਜਿਸ ਤਹਿਤ ਵੱਖ ਵੱਖ ਸਿਹਤ ਸਰਗਰਮੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮੁਹਿੰਮ ਤਹਿਤ ਜ਼ਿਲ੍ਹੇ ਅਧੀਨ ਆਯੂਸ਼ਮਾਨ ਆਪਕੇ ਦੁਆਰ, ਆਯੂਸ਼ਮਾਨ ਸਭਾ, ਹੈਲਥ ਐਂਡ ਵੈੱਲਨੈਸ ਸੈਂਟਰਾਂ 'ਤੇ ਸਿਹਤ ਮੇਲੇ, ਅੰਗ ਦਾਨ ਕਰਨ ਦੀ ਮਹੱਤਤਾ ਲਈ ਆਮ ਲੋਕਾਂ ਨੂੰ ਪ੍ਰੇਰਿਤ ਕਰਨਾ, ਖੂਨ ਦਾਨ ਕੈਂਪ ਤੋਂ ਇਲਾਵਾ ਸਵੱਛਤਾ ਅਭਿਆਨ ਤਹਿਤ ਸਰਗਰਮੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਸਰਕਾਰੀ ਮੈਡੀਕਲ ਕਾਲਜ ਪਟਿਆਲ਼ਾ ਵੱਲੋਂ ਮਿਤੀ 29 ਸਤੰਬਰ 2023 ਨੂੰ ਵਿਸ਼ੇਸ਼ ਸਿਹਤ ਮੇਲਾ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਮੇਲੇ ਦੌਰਾਨ ਮਾਹਿਰ ਡਾਕਟਰ ਆਪਣੀਆਂ ਸੇਵਾਵਾਂ ਪ੍ਰਦਾਨ ਕਰਨਗੇ। ਇਸ ਤੋਂ ਇਲਾਵਾ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਅਤੇ ਆਭਾ ਆਈ.ਡੀ. ਬਣਾਈਆਂ ਜਾਣਗੀਆਂ। ਇਸ ਤੋਂ ਇਲਾਵਾ ਗੈਰ ਸੰਚਾਰੀ ਰੋਗਾਂ ਸੰਬੰਧੀ ਜਾਗਰੂਕਤਾ ਅਤੇ ਸਕਰੀਨਿੰਗ ਕੈਂਪ ਵੀ ਲਗਾਏ ਜਾਣਗੇ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਿਹਤ ਮੇਲੇ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ। ਇਸ ਮੌਕੇ ਡਾ. ਵਿਕਾਸ ਧੀਰ ਡਿਪਟੀ ਮੈਡੀਕਲ ਕਮਿਸ਼ਨਰ, ਕਰਨੈਲ ਸਿੰਘ ਜਿਲ੍ਹਾ ਮਾਸ ਮੀਡੀਆ ਅਫਸਰ, ਦੀਪਕ ਕੁਮਾਰ ਡੀ ਸੀ ਐੱਮ, ਕਮਲ ਕੁਮਾਰ ਆਦਿ ਹਾਜ਼ਰ ਸਨ।

# ਦੇਸ਼ ਲਈ ਆਪਣੀ ਜਾਨ ਵਾਰਨ ਵਾਲੇ ਸ਼ਹੀਦ ਭਗਤ ਸਿੰਘ



ਕੁਲਦੀਪ ਚੰਦ
91-9417563054

ਭਾਰਤ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ ਅਤੇ ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਅਜ਼ਾਦ ਕਰਵਾਉਣ ਲਈ ਸਮੇਂ ਸਮੇਂ ਤੇ ਦੇਸ਼ ਭਗਤਾਂ ਨੇ ਸੰਘਰਸ਼ ਕੀਤਾ ਅਤੇ ਅੰਦੋਲਨ ਚਲਾਏ। ਅਜ਼ਾਦੀ ਦੇ ਅੰਦੋਲਨ ਵਿੱਚ ਭਾਗ ਲੈਣ ਵਾਲੇ ਕਈ ਦੇਸ਼ ਭਗਤਾਂ ਨੇ ਸ਼ਹੀਦੀਆਂ ਦਿਤੀਆਂ ਜਿਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਦਾ ਨਾਮ ਵੀ ਪ੍ਰਮੁੱਖ ਹੈ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦਾ ਪੁਸ਼ਤੈਨੀ ਪਿੰਡ ਖਟਕੜਕਲਾਂ ਨੇੜੇ ਬੰਗਾ ਜਿਲ੍ਹਾ ਨਵਾਂ ਸ਼ਹਿਰ ਜਿਸਦਾ ਨਾਮ ਹੁਣ ਬਦਲਕੇ ਸ਼ਹੀਦ ਭਗਤ ਸਿੰਘ ਨਗਰ ਰੱਖਿਆ ਗਿਆ ਹੈ ਸੀ ਪ੍ਰੰਤੂ ਉਨ੍ਹਾਂ ਦਾ ਜਨਮ ਅੱਜ ਦੇ ਦਿਨ 28 ਸਤੰਬਰ 1907 ਨੂੰ ਪਿੰਡ ਬੰਗਾ ਜਿਲ੍ਹਾ ਲਾਇਲਪੁਰ ਪੰਜਾਬ ਜੋਕਿ ਹੁਣ ਪਾਕਿਸਤਾਨ ਵਿੱਚ ਹੈ ਮਾਤਾ ਵਿਦਿਆਵਤੀ ਦੀ ਕੁੱਖੋਂ ਪਿਤਾ ਕਿਸ਼ਨ ਸਿੰਘ ਦੇ ਘਰ ਹੋਇਆ ਸੀ। ਸ਼ਹੀਦ ਭਗਤ ਸਿੰਘ ਦਾ ਪਰਿਵਾਰ ਦੇਸ਼ ਭਗਤਾਂ ਦਾ ਪਰਿਵਾਰ ਸੀ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦੇ ਕੁੱਝ ਮੈਂਬਰਾਂ ਨੇ ਮਹਾਰਾਜ ਰਣਜੀਤ ਸਿੰਘ ਦੀ ਫੌਜ ਵਿੱਚ ਕੰਮ ਕੀਤਾ ਸੀ ਅਤੇ ਕਈ ਦੇਸ਼ ਦੀ ਅਜ਼ਾਦੀ ਦੇ ਅੰਦੋਲਨ ਨਾਲ ਜੁੜ੍ਹੇ ਹੋਏ ਸਨ। ਜਿਸ ਦਿਨ ਸ਼ਹੀਦ ਭਗਤ ਸਿੰਘ ਦਾ ਜਨਮ ਹੋਇਆ ਉਸੇ ਦਿਨ ਉਨ੍ਹਾਂ ਦੇ ਪਿਤਾ ਕਿਸ਼ਨ ਸਿੰਘ ਅਤੇ ਦੋ ਚਾਚੇ ਅਜੀਤ ਸਿੰਘ ਅਤੇ ਸਵਰਨ ਸਿੰਘ ਜੋਕਿ ਦੇਸ਼ ਦੀ ਅਜਾਦੀ ਦੀ ਲੜਾਈ ਵਿੱਚ ਭਾਗ ਲੈਣ ਕਾਰਨ ਜੇਲ ਗਏ ਹੋਏ ਸਨ ਰਿਹਾ ਹੋਕੇ ਆਏ ਸਨ। ਆਪ ਦਾ ਪਰਿਵਾਰ ਬੇਸ਼ੱਕ ਇੱਕ ਸਿੱਖ ਪਰਿਵਾਰ ਸੀ ਪਰੰਤੂ ਇਸ ਪਰਿਵਾਰ ਤੇ ਆਰੀਆ ਸਮਾਜ ਅਤੇ ਮਹਾਰਿਸ਼ੀ ਦਯਾਨੰਦ ਦੀ ਵਿਚਾਰਧਾਰਾ ਦਾ ਡੂੰਘਾ ਪ੍ਰਭਾਵ ਸੀ। ਆਪਦੀ ਮੁਢਲੀ ਸਿੱਖਿਆ ਲਾਇਲਪੁਰ ਦੇ ਜਿਲ੍ਹਾ ਬੋਰਡ ਪ੍ਰਾਇਮਰੀ ਸਕੂਲ ਵਿੱਚ ਹੋਈ ਅਤੇ ਉਚੇਰੀ ਸਿੱਖਿਆ ਲਈ ਡੀ ਏ ਵੀ ਹਾਈ ਸਕੂਲ ਲਹੋਰ ਵਿੱਚ ਦਾਖਲਾ ਲੈ ਲਿਆ ਜਿਸਨੂੰ ਅੰਗਰੇਜ ਰਾਜ ਵਿਰੋਧੀ ਸਰਗਰਮੀਆਂ ਦੀ ਨਰਸਰੀ ਕਹਿੰਦੇ ਸਨ। 13 ਅਪ੍ਰੈਲ 1919 ਨੂੰ ਵਾਪਰੀ ਜ਼ਲ੍ਹਿਆਂ ਵਾਲੇ ਬਾਗ ਦੀ ਘਟਨਾ ਵੇਲੇ ਆਪਦੀ ਉਮਰ ਲੱਗਭੱਗ 12 ਸਾਲ ਸੀ ਅਤੇ ਉਹ ਅਪਣੇ ਸਕੂਲ ਤੋਂ ਲੱਗਭੱਗ 12 ਮੀਲ ਪੈਦਲ ਚੱਲਕੇ ਜਲ੍ਹਿਆਂ ਵਾਲੇ ਬਾਗ ਵਿੱਚ ਪਹੁੰਚੇ। ਆਪ ਕੁੱਝ ਸਮੇਂ ਬਾਦ ਦੇਸ਼ ਭਗਤ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸੰਪਰਕ ਵਿੱਚ ਆ ਗਏ ਅਤੇ ਉਨ੍ਹਾਂ ਨੇ ਕ੍ਰਾਂਤੀਕਾਰੀ ਵੀਰ ਸਾਵਰਕਰ ਦੀ ਕਿਤਾਬ 1857 ਪਹਿਲਾਂ ਸੁਤੰਤਰਤਾ ਸੰਗਰਾਮ ਪੜੀ ਜਿਸਦਾ ਉਨ੍ਹਾਂ ਤੇ ਡੂੰਘਾ ਪ੍ਰਭਾਵ ਪਿਆ ਅਤੇ ਉਹ ਸਭ ਕੁੱਝ ਛੱਡਕੇ ਅਜ਼ਾਦੀ ਦੇ ਅੰਦੋਲਨ ਵਿੱਚ ਸ਼ਾਮਿਲ ਹੋ ਗਏ। ਜੂਨ 1924 ਵਿੱਚ ਉਹ ਵੀਰ ਸਾਵਰਕਰ ਨੂੰ ਯਰਵਦਾ ਜੇਲ ਵਿੱਚ ਮਿਲੇ ਅਤੇ ਉਸਤੋਂ ਬਾਦ ਕ੍ਰਾਂਤੀਕਾਰੀ ਚੰਦਰ ਸ਼ੇਖਰ ਅਜ਼ਾਦ ਨੂੰ ਮਿਲੇ ਅਤੇ ਉਨ੍ਹਾਂ ਦੇ ਦੱਲ ਵਿੱਚ ਸ਼ਾਮਿਲ ਹੋ ਗਏ। ਇਸ ਦੱਲ ਵਿੱਚ ਕ੍ਰਾਂਤੀਕਾਰੀ ਸੁਖਦੇਵ, ਰਾਜਗੁਰੂ, ਭਗਵਤੀਚਰਨ ਵੋਹਰਾ ਆਦਿ ਵੀ ਸ਼ਾਮਿਲ ਸਨ। ਲਾਹੌਰ ਦੇ ਨੈਸ਼ਨਲ ਕਾਲਜ਼ ਦੀ ਪੜ੍ਹਾਈ ਛੱਡ ਕੇ ਭਗਤ ਸਿੰਘ ਨੇ ਭਾਰਤ ਦੀ ਆਜ਼ਾਦੀ ਦੇ ਲਈ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ। ਕਾਕੋਰੀ ਕਾਂਡ ਵਿੱਚ ਆਪ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਲਾਹੌਰ ਦੇ ਦੁਸਿਹਰਾ ਮੇਲੇ ਵਿੱਚ ਬੰਬ ਧਮਾਕਾ ਕਰਨ ਦੇ ਦੋਸ਼ ਵੀ ਲਗਾਏ ਗਏ। ਇਸ ਕਾਂਡ ਵਿੱਚ ਸ਼ਾਮਿਲ ਰਾਮ ਪ੍ਰਸਾਦ ਬਿਸਮਿਲ ਸਮੇਤ 4 ਕ੍ਰਾਂਤੀਕਾਰੀਆਂ ਨੂੰ ਫਾਂਸੀ ਅਤੇ 16 ਨੂੰ ਜੇਲ ਦੀਆਂ ਸਜ਼ਾਵਾਂ ਤੋਂ ਆਪਕਾਫੀ ਪ੍ਰਭਾਵਿਤ ਹੋਏ ਅਤੇ ਆਪਣੀ ਪਾਰਟੀ ਨੌਜਵਾਨ ਭਾਰਤ ਸਭਾ ਨੂੰ ਹਿੰਦੁਸਤਾਨ ਰਿਪ-ਬਲਿਕ ਐਸ਼ੋਸੀਏਸ਼ਨ ਵਿੱਚ ਸ਼ਾਮਿਲ ਕਰ ਦਿੱਤਾ ਅਤੇ ਉਸਦਾ ਨਵਾਂ ਨਾਮ ਹਿੰਦੁਸਤਾਨ ਸ਼ੋਸਲਿਸਟ ਰਿਪਬਲਿਕਨ ਐਸ਼ੋਸੀਏਸ਼ਨਰੱਖ ਦਿੱਤਾ। ਲਾਹੌਰ ਵਿੱਚ ਸਾਂਡਰਸ ਨੂੰ ਮਾਰਨਾ ਅਤੇ ਦਿੱਲੀ ਦੀ ਕੇਂਦਰੀ ਅਸੈਂਬਲੀ ਵਿੱਚ ਚੰਦਰ ਸ਼ੇਖਰ ਆਜ਼ਾਦ ਅਤੇ ਪਾਰਟੀ ਦੇ ਹੋਰ ਮੈਂਬਰਾਂ ਦੇ ਨਾਲ ਬੰਬ ਵਿਸਫੋਟ ਕਰਕੇ ਅਤੇ ਪਰਚੇ ਸੁੱਟਕੇ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਖੁੱਲੇ ਵਿਦਰੋਹ ਦੀ ਅਵਾਜ਼ ਬੁਲੰਦ ਕੀਤੀ। ਆਪ ਨੇ ਅਪਣੇ ਸਾਥੀਆਂ ਨਾਲ ਮਿਲਕੇ ਪੁਲਿਸ ਸੁਪਰੀਟੰਡੈਂਟ ਸਕਾਟ ਨੂੰ ਮਾਰਨ ਦੀ ਯੋਜਨਾ ਬਣਾਈ। 17 ਦਸੰਬਰ 1928 ਨੂੰ ਕਰੀਬ ਸਵਾ ਚਾਰ ਵਜੇ ਸਕਾਟ ਦੀ ਜਗ੍ਹਾ ਏ.ਐਸ.ਪੀ. ਸਾਂਡਰਸ ਦੇ ਆਉਂਦੇ ਹੀ ਰਾਜਗੁਰੂ ਨੇ ਇੱਕ ਗੋਲੀ ਸਿੱਧੀ ਉਸਦੇ ਸਿਰ ਵਿੱਚ ਮਾਰੀ ਜਿਸ ਨਾਲ ਉਹ ਬੇਹੋਸ਼ ਹੋ ਗਿਆ ਅਤੇ ਭਗਤ ਸਿੰਘ ਨੇ 3-4 ਗੋਲੀਆਂ ਮਾਰਕੇ ਉਸਨੂੰ ਮਾਰ ਮੁਕਾਇਆ।ਇਸਤੋਂ ਬਾਦ ਜਦੋਂ ਇਹ ਦੋਨੋਂ ਭੱਜ ਰਹੇ ਸੀ ਤਾਂ ਇੱਕ ਸਿਪਾਹੀ ਚੰਨਣ ਸਿੰਘ ਨੇ ਇਹਨਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਚੰਦਰ ਸ਼ੇਖਰ ਆਜ਼ਾਦ ਨੇ ਉਸਨੂੰ ਪਿੱਛਾ ਕਰਨ ਤੋਂ ਰੋਕਿਆ ਪਰ ਨਾਂ ਰੁਕਣ ਤੇ ਆਜ਼ਾਦ ਨੇ ਉਸਨੂੰ ਗੋਲੀ ਮਾਰ ਦਿੱਤੀ। ਭਗਤ ਸਿੰਘ ਕਾਰਲ ਮਾਰਕਸ ਦੇ ਸਿਧਾਂਤਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਸੀ। ਉਹ ਸਮਾਜਵਾਦੀ ਵਿਚਾਰਾਂ ਵਾਲਾ ਸੀ ਇਸੇ ਕਾਰਨ ਉਸਨੂੰ ਪੂੰਜੀਪਤੀਆਂ ਦੀ ਮਜ਼ਦੂਰਾਂ ਦੇ ਪ੍ਰਤੀ ਸ਼ੋਸ਼ਣ ਦੀ ਨੀਤੀ ਪਸੰਦ ਨਹੀਂ ਸੀ। ਉਸ ਸਮੇਂ ਬਹੁਤੇ ਉਦਯੋਗ ਅੰਗਰੇਜਾਂ ਕੋਲ ਹੀ ਸਨ ਅਤੇ ਅੰਗਰੇਜ਼ਾਂ ਦੇ ਮਜ਼ਦੂਰਾਂ ਪ੍ਰਤੀ ਅੱਤਿਆਚਾਰਾਂ ਕਾਰਨ ਵਿਰੋਧ ਸੀ। ਮਜ਼ਦੂਰ ਵਿਰੋਧੀ ਨੀਤੀਆਂ ਨੂੰ ਬ੍ਰਿਟਿਸ਼ ਸੰਸਦ ਵਿੱਚ ਪਾਸ ਨਾ ਹੋਣ ਦੇਣਾ ਉਹਨਾਂ ਦੇ ਦੱਲ ਦਾ ਫੈਸਲਾ ਸੀ। ਸਾਰੇ ਚਾਹੁੰਦੇ ਸਨ ਕਿ ਅੰਗਰੇਜ਼ਾਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਭਾਰਤੀ ਲੋਕ ਜਾਗ ਚੁੱਕੇ ਹਨ ਅਤੇ ਉਹਨਾਂ ਦੇ ਦਿਲ ਵਿੱਚ ਅੰਗਰੇਜਾ ਦੀਆਂ ਲੋਕਮਾਰੂ ਨੀਤੀਆਂ ਕਾਰਨਗੁੱਸਾ ਅਤੇ ਵਿਰੋਧ ਹੈ। ਇਸ ਲਈ ਉਹਨਾਂ ਨੇ ਟ੍ਰੇਡ ਡਿਸਪੀਉਟ ਬਿੱਲ ਅਤੇ ਪਬਲਿਕ ਸੇਫਟੀ ਬਿੱਲ ਦੇ ਵਿਰੋਧ ਵਿੱਚ ਕੇਂਦਰੀ ਅਸੈਂਬਲੀ ਵਿੱਚ ਬੰਬ ਸੁੱਟਣ ਦੀ ਯੋਜਨਾ ਬਣਾਈ ਸੀ। ਭਗਤ ਸਿੰਘ ਚਾਹੁੰਦਾ ਸੀ ਕਿ ਇਸ ਵਿੱਚ ਕੋਈ ਖੂਨ ਖਰਾਬਾ ਨਾ ਹੋਵੇ ਅਤੇ ਅੰਗਰੇਜ਼ਾਂ ਤੱਕ ਉਹਨਾਂ ਦੀ ਆਵਾਜ਼ ਵੀ ਪਹੁੰਚੇ। ਇਸ ਕੰਮ ਲਈ ਸਰਵਸੰਮਤੀ ਨਾਲ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਦਾ ਨਾਮ ਚੁਣਿਆ ਗਿਆ। ਤੈਅ ਕੀਤੇ ਪ੍ਰੋਗਰਾਮ ਅਨੁਸਾਰ 08 ਅਪ੍ਰੈਲ 1929 ਨੂੰ ਜਦੋਂ ਇਹ ਬਿੱਲ ਪੇਸ਼ ਹੋਣੇ ਸਨ ਕੇਂਦਰੀ ਅਸੈਂਬਲੀ ਵਿੱਚ ਇਹਨਾਂ ਦੋਨਾਂ ਨੇ ਇੱਕ ਅਜਿਹੇ ਸਥਾਨ ਤੇ ਬੰਬ ਸੁੱਟਿਆ ਜਿੱਥੇ ਕੋਈ ਮੌਜੂਦ ਨਹੀਂ ਸੀ, ਨਹੀਂ ਤਾਂ ਕਿਸੇ ਦੀ ਜਾਨ ਜਾ ਸਕਦੀ ਸੀ। ਇਸ ਨਾਲ ਪੂਰਾ ਹਾਲ ਧੂੰਏ ਨਾਲ ਭਰ ਗਿਆ। ਭਗਤ ਸਿੰਘ ਚਾਹੁੰਦੇ ਤਾਂ ਭੱਜ ਵੀ ਸਕਦੇ ਸੀ ਪਰ ਉਹਨਾਂ ਨੇ ਪਹਿਲਾਂ ਹੀ ਸੋਚ ਰੱਖਿਆ ਸੀ ਕਿ ਉਹਨਾਂ ਨੂੰ ਸਜ਼ਾ ਸਵੀਕਾਰ ਹੈ ਭਾਵੇਂ ਉਹ ਫਾਂਸੀ ਹੀ ਕਿਉਂ ਨਾ ਹੋਵੇ ਅਤੇ ਭੱਜਣ ਤੋਂ ਮਨਾ ਕਰ ਦਿੱਤਾ। ਉਸ ਸਮੇਂ ਉਹਨਾਂ ਦੋਨਾਂ ਨੇ ਖਾਕੀ ਕਮੀਜ਼ ਅਤੇ ਨਿੱਕਰ ਪਾਈ ਹੋਈ ਸੀ। ਬੰਬ ਸੁੱਟਣ ਤੋਂ ਬਾਅਦ ਉਹਨਾਂ ਦੋਨਾਂ ਨੇ "ਇਨਕਲਾਬ-ਜਿੰਦਾਬਾਦ, ਸਾਮਰਾਜਵਾਦ-ਮੁਰਦਾਬਾਦ'' ਦਾ ਨਾਹਰਾ ਲਗਾਇਆ ਅਤੇ ਆਪਣੇ ਨਾਲ ਲਿਆਂਦੇ ਹੋਏ ਅੰਗਰੇਜ ਸਰਕਾਰ ਵਿਰੋਧੀ ਪਰਚੇ ਹਵਾ ਵਿੱਚ ਉਛਾਲ ਦਿੱਤੇ। ਕੁਝ ਦੇਰ ਬਾਅਦ ਪੁਲਿਸ ਆ ਗਈ ਅਤੇ ਦੋਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜੇਲ ਵਿੱਚ ਭਗਤ ਸਿੰਘ ਕਰੀਬ 2 ਸਾਲ ਰਹੇ। ਇਸ ਦੌਰਾਨ ਉਹ ਲੇਖ ਲਿਖ ਕੇ ਆਪਣੇ ਕ੍ਰਾਂਤੀਕਾਰੀ ਵਿਚਾਰ ਪ੍ਰਗਟ ਕਰਦੇ ਰਹੇ। ਜ਼ੇਲ ਵਿੱਚ ਰਹਿੰਦੇ ਹੋਏ ਉਹਨਾਂ ਦਾ ਅਧਿਐਨ ਲਗਾਤਾਰ ਜਾਰੀ ਰਿਹਾ। ਉਹਨਾਂ ਦੁਆਰਾ ਲਿਖੇ ਗਏ ਲੇਖ ਅਤੇ ਸਕੇ ਸਬੰਧੀਆਂ ਨੂੰ ਲਿਖੀਆਂ ਗਈਆਂ ਚਿੱਠੀਆਂ ਅੱਜ ਵੀ ਉਹਨਾਂ ਦੇ ਵਿਚਾਰਾਂ ਦਾ




ਪ੍ਰਗਟਾਵਾ ਕਰਦੇ ਹਨ। ਆਪਣੇ ਲੇਖਾਂ ਵਿੱਚ ਉਹਨਾਂ ਨੇ ਪੂੰਜੀਪਤੀਆਂ ਨੂੰ ਆਪਣਾ ਦੁਸ਼ਮਣ ਦੱਸਿਆ ਹੈ। ਉਹਨਾਂ ਨੇ ਲਿਖਿਆ ਕਿ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਵਾਲੇ ਭਾਵੇਂ ਉਹ ਕੋਈ ਵੀ ਹੋਵੇ ਉਹ ਉਹਨਾਂ ਦਾ ਦੁਸ਼ਮਣ ਹੈ। ਉਹਨਾਂ ਨੇ ਜ਼ੇਲ ਵਿੱਚ ਇੱਕ ਲੇਖ ਵੀ ਲਿਖਿਆ ਸੀ ਮੈਂ ਨਾਸਤਿਕ ਕਿਉਂ ਹਾਂ? ਉਨ੍ਹਾਂ ਨੇ ਭਾਰਤੀ ਸਮਾਜ ਵਿੱਚ ਜਾਤਿ ਅਤੇ ਧਰਮ ਦੇ ਕਾਰਨ ਆਈਆਂ ਦੂਰੀਆਂ ਤੇ ਦੁੱਖ ਪ੍ਰਗਟ ਕੀਤਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਜਦ ਤੱਕ ਅਸੀਂ ਕੁੱਝ ਜਾਤਾਂ ਦੇ ਲੋਕਾਂ ਨੂੰ ਨੀਂਵੇਂ ਸਮਝਦੇ ਹਾਂ, ਉਨ੍ਹਾਂ ਨੂੰ ਪਿਛਾੜਕੇ ਰੱਖਦੇ ਹਾਂ ਅਤੇ ਜਾਨਵਰਾਂ ਨਾਲੋਂ ਵੀ ਭੈੜਾ ਸਲੂਕ ਕਰਦੇ ਹਾਂ ਤਾਂ ਸਾਨੂੰ ਅੰਗਰੇਜ਼ਾਂ ਤੋਂ ਅਪਣੀ ਬਰਾਬਰੀ ਅਤੇ ਅਜ਼ਾਦੀ ਮੰਗਣ ਦਾ ਵੀ ਕੋਈ ਨੈਤਿਕ ਅਧਿਕਾਰ ਨਹੀਂ ਹੈ। ਉਹਨਾਂ ਨੇ ਸਮਾਜ ਦੇ ਕਮਜ਼ੋਰ ਵਰਗਾਂ ਤੇ ਭਾਰਤ ਵਿੱਚ ਰਹਿੰਦੇ ਦੂਜੇ ਵਰਗਾਂ ਵਲੋਂ ਕੀਤੇ ਜਾਂਦੇ ਹਮਲਿਆਂ ਅਤੇ ਸ਼ੋਸਣ ਦਾ ਵੀ ਉਸੇ ਤਰਾਂ ਵਿਰੋਧ ਕੀਤਾ ਜਿਵੇਂ ਕਿ ਅੰਗਰੇਜ਼ਾਂ ਦੁਆਰਾ ਕੀਤੇ ਗਏ ਅੱਤਿਆਚਾਰਾਂ ਦਾ ਵਿਰੋਧ ਕੀਤਾ। ਸ਼ਹੀਦ ਭਗਤ ਸਿੰਘ ਨੂੰ ਪੰਜਾਬੀ, ਉਰਦੂ, ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ ਬਾਂਗਲਾ ਵੀ ਆਉਂਦੀ ਸੀ ਜਿਹੜੀ ਉਹਨਾਂ ਨੇ ਬਟੁਕੇਸ਼ਵਰ ਦੱਤ ਤੋਂ ਸਿੱਖੀ ਸੀ। ਉਹਨਾਂ ਦਾ ਵਿਸ਼ਵਾਸ਼ ਸੀ ਕਿ ਉਹਨਾਂ ਦੀ ਮੋਤ ਤੋਂ ਬਾਦ ਦੇਸ ਦੀ ਜਨਤਾ ਹੋਰ ਅੰਦੋਲਨਕਾਰੀ ਹੋ ਜਾਵੇਗੀ ਜੋਕਿ ਉਹਨਾਂ ਦੇ ਜਿੰਦਾਂ ਰਹਿਣ ਨਾਲ ਸ਼ਾਇਦ ਹੀ ਹੋ ਪਾਵੇ। ਇਸ ਕਾਰਨ ਹੀ ਉਨ੍ਹਾਂ ਨੇ ਮੌਤ ਦੀ ਸਜ਼ਾ ਸੁਣਾਉਣ ਦੇ ਬਾਅਦ ਵੀ ਮਾਫੀਨਾਮਾ ਲਿਖਣ ਤੋਂ ਸਾਫ ਮਨ੍ਹਾਂ ਕਰ ਦਿੱਤਾ ਸੀ। ਉਹਨਾਂ ਨੇ ਅੰਗਰੇਜ਼ ਸਰਕਾਰ ਨੂੰ ਇੱਕ ਚਿੱਠੀ ਵੀ ਲਿਖੀ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਉਹਨਾਂ ਨੂੰ ਅੰਗਰੇਜ਼ੀ ਸਰਕਾਰ ਦੇ ਖਿਲਾਫ ਭਾਰਤੀਆਂ ਦੇ ਯੁੱਧ ਦਾ ਪ੍ਰਤੀਕ ਸਮਝਿਆ ਜਾਵੇ ਅਤੇ ਫਾਂਸੀ ਦੇਣ ਦੀ ਬਜਾਏ ਗੋਲੀ ਨਾਲ ਉਡਾ ਦਿੱਤਾ ਜਾਵੇ। ਚੰਦਰ ਸ਼ੇਖਰ ਆਜ਼ਾਦ ਨਾਲ ਪਹਿਲੀ ਮੁਲਾਕਾਤ ਦੇ ਸਮੇਂ ਬਲਦੀ ਹੋਈ ਮੋਮਬੱਤੀ ਉਪਰ ਹੱਥ ਰੱਖ ਕੇ ਉਹਨਾਂ ਨੇ ਕਸਮ ਖਾਧੀ ਸੀ ਕਿ ਉਹਨਾਂ ਦੀ ਜ਼ਿੰਦਗੀ ਦੇਸ਼ ਉਪਰ ਹੀ ਕੁਰਬਾਨ ਹੋਵੇਗੀ ਅਤੇ ਉਹਨਾਂ ਨੇ ਆਪਣੀ ਉਹ ਕਸਮ ਪੂਰੀ ਕਰਕੇ ਵਿਖਾਈ।ਜ਼ੇਲ ਵਿੱਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ 64 ਦਿਨਾਂ ਤੱਕ ਭੁੱਖ ਹੜਤਾਲ ਕੀਤੀ ਅਤੇ ਇਸ ਦੌਰਾਨ ਉਹਨਾਂ ਦੇ ਇੱਕ ਸਾਥੀ ਜਤਿੰਦਰਨਾਥ ਦਾਸ ਨੇ ਤਾਂ ਭੁੱਖ ਹੜਤਾਲ ਵਿੱਚ ਆਪਣੇ ਪ੍ਰਾਣ ਹੀ ਤਿਆਗ ਦਿੱਤੇ। ਲਹੋਰ ਵਿੱਚ ਸਾਂਡਰਸ ਦੇ ਕਤਲ, ਅਸੈਂਬਲੀ ਵਿੱਚ ਬੰਬ ਧਮਾਕਾ ਦੇ ਕੇਸ ਚੱਲੇ। 07 ਅਕਤੂਬਰ, 1930 ਨੂੰ ਟ੍ਰਿਬਿਊਨਲ ਦਾ ਫੈਸਲਾ ਜੇਲ ਵਿੱਚ ਪਹੁੰਚਿਆ ਜਿਸ ਅਨੁਸਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ, ਕਮਲਨਾਥ, ਵਿਜੈ ਕੁਮਾਰ, ਜੈਦੇਵ ਕਪੂਰ, ਸ਼ਿਵ ਵਰਮਾ, ਗਯਾ ਪ੍ਰਸਾਦ, ਕਿਸ਼ੋਰੀ ਲਾਲ ਅਤੇ ਮਹਾਂਵੀਰ ਸਿੰਘ ਨੂੰ ਉਮਰਕੈਦ, ਕੁੰਦਨ ਲਾਲ ਨੂੰ 07 ਸਾਲ ਅਤੇ ਪ੍ਰੇਮ ਦੱਤ ਨੂੰ 03 ਸਾਲ ਕੈਦ ਏ ਬਾਮੁਸ਼ਕਤ ਦੀ ਸਜ਼ਾ ਸੁਣਾਈ ਗਈ। ਅਦਾਲਤੀ ਹੁਕਮਾਂ ਅਨੁਸਾਰ ਇਨ੍ਹਾਂ ਕ੍ਰਾਂਤੀਕਾਰੀਆਂ ਨੂੰ ਫਾਂਸੀ ਦੇਣ ਲਈ 24 ਮਾਰਚ 1931 ਦਾ ਦਿਨ ਅਤੇ ਸਵੇਰੇ 8 ਵਜੇ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਸੀ ਪਰੰਤੂ ਅੰਗਰੇਜੀ ਹਕੂਮਤ ਨੇ 23 ਮਾਰਚ 1931 ਨੂੰ ਸ਼ਾਮ ਨੂੰ ਲੱਗਭੱਗ 7 ਵਜਕੇ 33 ਮਿੰਟ ਤੇ ਸ਼ਹੀਦ ਭਗਤ ਸਿੰਘ ਅਤੇ ਉਸਦੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੇ ਦਿੱਤੀ ਗਈ। ਫਾਂਸੀ ਤੇ ਜਾਣ ਤੋਂ ਪਹਿਲਾਂ ਉਹ ਰਾਮ ਪ੍ਰਸ਼ਾਦ ਬਿਸਮਿਲ ਦੀ ਜੀਵਨੀ ਪੜ੍ਹ ਰਹੇ ਸੀ ਜੋ ਸਿੰਧ ਦੇ ਇੱਕ ਪ੍ਰਕਾਸ਼ਕ ਭਜਨ ਲਾਲ ਬੁਕਸੇਲਰ ਨੇ ਆਰਟ ਪ੍ਰੈਸ ਸਿੰਧ ਤੋਂ ਛਾਪੀ ਸੀ। ਜੇਲ ਦੇ ਅਧਿਕਾਰੀਆਂ ਨੇ ਜਦੋਂ ਉਹਨਾਂ ਨੂੰ ਇਹ ਸੂਚਨਾ ਦਿੱਤੀ ਕਿ ਉਹਨਾਂ ਦੀ ਫਾਂਸੀ ਦਾ ਸਮਾਂ ਆ ਗਿਆ ਹੈ ਤਾਂ ਉਹਨਾਂ ਨੇ ਕਿਹਾ ਸੀ"ਠਹਿਰੋ, ਪਹਿਲਾਂ ਇੱਕ ਕਾਂਤੀਕਾਰੀ ਦੂਜੇ ਕ੍ਰਾਂਤੀਕਾਰੀ ਨੂੰ ਮਿਲ ਤਾਂ ਲਵੇ।'' ਫਿਰ ਇੱਕ ਮਿੰਟ ਬਾਅਦ ਕਿਤਾਬ ਨੂੰ ਛੱਤ ਵੱਲ ਉਛਾਲਕੇ ਬੋਲੇ"ਠੀਕ ਹੈ ਹੁਣ ਚੱਲੋ।'' ਫਾਂਸੀ ਤੇ ਜਾਂਦੇ ਸਮੇਂ ਉਹ ਤਿੰਨੋਂ ਗਾ ਰਹੇ ਸੀਮੇਰਾ ਰੰਗ ਦੇ ਬਸੰਤੀ ਚੋਲਾ, ਮਾਏ ਰੰਗ ਦੇ ਬਸੰਤੀ ਚੋਲਾ। ਫਾਂਸੀ ਤੋਂ ਬਾਅਦ ਕਿਤੇ ਅੰਦੋਲਨ ਨਾ ਭੜਕ ਜਾਵੇ ਇਸਦੇ ਡਰ ਤੋਂ ਅੰਗਰੇਜ਼ਾਂ ਨੇ ਪਹਿਲਾਂ ਇਹਨਾਂ ਦੇ ਸ਼ਰੀਰ ਦੇ ਟੁਕੜੇ ਕਰ ਦਿੱਤੇ ਅਤੇ ਫਿਰ ਬੋਰੀਆਂ ਵਿੱਚ ਭਰ ਕੇ ਫਿਰੋਜ਼ਪੁਰ ਵੱਲ ਲੈ ਗਏ ਜਿੱਥੇ ਮਿੱਟੀ ਦਾ ਤੇਲ ਪਾ ਕੇ ਇਹਨਾਂ ਦੇ ਮ੍ਰਿਤਕ ਸ਼ਰੀਰਾਂ ਨੂੰ ਜਲਾਇਆ ਜਾਣ ਲੱਗਾ। ਪਿੰਡ ਦੇ ਲੋਕਾਂ ਨੇ ਅੱਗ ਬਲਦੀ ਦੇਖੀ ਤਾਂ ਨੇੜੇ ਆਏ। ਇਸਤੋਂ ਡਰਕੇ ਅੰਗਰੇਜ਼ਾਂ ਨੇ ਇਹਨਾਂ ਦੀਆਂ ਲਾਸ਼ਾਂ ਦੇ ਅੱਧਜਲੇ ਟੁਕੜਿਆਂ ਨੂੰ ਸਤਲੁਜ ਦਰਿਆ ਵਿੱਚ ਸੁੱਟ ਦਿੱਤਾ ਅਤੇ ਭੱਜ ਗਏ। ਜਦੋਂ ਪਿੰਡ ਵਾਲੇ ਨੇੜੇ ਆਏ ਤਾਂ ਉਹਨਾਂ ਨੇ ਇਨ੍ਹਾਂ ਦੇ ਮ੍ਰਿਤਕ ਸਰੀਰ ਦੇ ਟੁਕੜਿਆਂ ਨੂੰ ਇਕੱਠਾ ਕਰਕੇ ਦਾਹ ਸੰਸਕਾਰ ਕੀਤਾ। ਇਨ੍ਹਾਂ ਸ਼ਹੀਦਾਂ ਦੀ ਮੋਤ ਬਾਰੇ ਲਾਹੋਰ ਦੇ ਦੈਨਿਕ ਟ੍ਰਿਬਿਊਨ ਅਤ ਨਿਉਯਾਰਕ ਤੋਂ ਛਪਦੇ ਡੇਲੀ ਵਰਕਰ ਨੇ ਛਾਪਿਆ। ਇਸਤੋਂ ਬਾਦ ਵੀ ਕਈ ਮਾਰਕਸਵਾਦੀ ਪੱਤਰਾਂ ਵਿੱਚ ਉਨ੍ਹਾਂ ਬਾਰੇ ਲੇਖ ਛਪੇ ਪਰੰਤੂ ਭਾਰਤ ਵਿੱਚ ਮਾਰਕਸਵਾਦੀ ਪੱਤਰਾਂ ਦੇ ਆਣ ਤੇ ਪਾਬੰਦੀ ਲੱਗੀ ਹੋਣ ਕਾਰਨ ਭਾਰਤ ਦੇ ਬੁਧੀਜੀਵੀਆਂ ਨੂੰ ਇਸ ਸਬੰਧੀ ਕੋਈ ਖਾਸ ਜਾਣਕਾਰੀ ਨਹੀਂ ਸੀ। ਭਾਰਤ ਅਤੇ ਪਾਕਿਸਤਾਨ ਦੀ ਜਨਤਾ ਵਿਸ਼ੇਸ ਤੋਰ ਤੇ ਨੋਜਵਾਨ ਵਰਗਅੱਜ ਵੀ ਸ਼ਹੀਦ ਭਗਤ ਸਿੰਘ ਨੂੰ ਆਜ਼ਾਦੀ ਦੇ ਦੀਵਾਨੇ ਦੇ ਰੂਪ ਵਿੱਚ ਦੇਖਦੇ ਹਨ ਜਿਸਨੇ ਆਪਣੀ ਜਵਾਨੀ ਸਮੇਤ ਸਾਰੀ ਜ਼ਿੰਦਗੀ ਦੇਸ਼ ਦੇ ਲਈ ਸਮਰਪਿਤ ਕਰ ਦਿੱਤੀ। ਇਸ ਸਬੰਧੀ ਸੁਭਾਸ਼ ਚੰਦਰ ਬੋਸ ਨੇ ਕਿਹਾ ਕਿ ਭਗਤ ਸਿੰਘ ਨੌਜਵਾਨਾਂ ਵਿੱਚ ਨਵੇਂ ਜਾਗਰਣ ਦਾ ਪ੍ਰਤੀਕ ਬਣ ਗਿਆ ਹੈ। ਨਹਿਰੂ ਨੇ ਮੰਨਿਆ ਕਿ ਭਗਤ ਸਿੰਘ ਦੀ ਹਰਮਨਪਿਆਰਤਾ ਇੱਕ ਨਵੇਂ ਕੌਮੀ ਜਾਗਰਣ ਵੱਲ ਵਧ ਰਹੀ ਹੈ ਅਤੇ ਕਿਹਾਉਹ ਇੱਕ ਸਾਫ ਸੁਥਰਾ ਲੜਾਕੂ ਸੀ ਜੋ ਖੁੱਲ੍ਹੇ ਖੇਤਰ ਵਿੱਚ ਆਪਣੇ ਦੁਸ਼ਮਣ ਦਾ ਸਾਹਮਣਾ ਕਰਦਾ ਸੀ। ਉਹ ਇੱਕ ਚੰਗਿਆੜੀ ਵਰਗਾ ਸੀ ਜੋ ਥੋੜੇ ਸਮੇਂ ਵਿੱਚ ਇੱਕ ਜਵਾਲਾ ਬਣ ਗਿਆ ਅਤੇ ਦੇਸ਼ ਦੇ ਇੱਕ ਸਿਰੇ ਤੋਂ ਦੂਜੇ ਪਾਸੇ ਦਾ ਹਨ੍ਹੇਰਾ ਦੂਰ ਕੀਤਾ। ਇੰਟੈਲੀਜੈਂਸ ਬਿਊਰੋ ਦੇ ਡਾਇਰੈਕਟਰ ਸਰ ਹੋਰੇਸ ਵਿਲੀਅਮਸਨ ਨੇ ਫਾਂਸੀ ਦੇਣ ਤੋਂ ਚਾਰ ਸਾਲ ਬਾਅਦ ਲਿਖਿਆ ਕਿ ਉਸ ਦੀ ਫੋਟੋ ਹਰ ਸ਼ਹਿਰ ਅਤੇ ਬਸਤੀ ਵਿੱਚ ਵਿਕਰੀ ਲਈ ਸੀ ਅਤੇ ਕੁਝ ਸਮੇਂ ਲਈ ਉਸ ਦੀ ਪ੍ਰਸਿੱਧੀ ਗਾਂਧੀ ਦੇ ਬਰਾਬਰ ਸੀ।ਪ੍ਰੋਫੈਸਰ ਪ੍ਰੀਤਮ ਸਿੰਘ ਜੋ ਭਾਰਤ ਵਿੱਚ ਸੰਘਵਾਦ, ਰਾਸ਼ਟਰਵਾਦ ਅਤੇ ਵਿਕਾਸ ਦੇ ਅਧਿਐਨ ਦਾ ਮਾਹਿਰ ਹੈ ਦਾ ਕਹਿਣਾ ਹੈ ਕਿ ਭਗਤ ਸਿੰਘ ਭਾਰਤੀ ਰਾਜਨੀਤੀ ਵਿਚ ਲਗਭਗ ਹਰੇਕ ਰੁਝਾਨ ਨੂੰ ਚੁਣੌਤੀ ਦਾ ਪ੍ਰਤੀਨਿਧ ਕਰਦਾ ਹੈ। 15 ਅਗਸਤ 2008 ਨੂੰ ਭਗਤ ਸਿੰਘ ਦੀ 18 ਫੁੱਟ ਉੱਚੀ ਕਾਂਸੀ ਦੀ ਮੂਰਤੀ ਭਾਰਤੀ ਪਾਰਲੀਮੈਂਟ ਵਿੱਚ ਇੰਦਰਾ ਗਾਂਧੀ ਅਤੇ ਸੁਭਾਸ਼ ਚੰਦਰ ਬੋਸ ਦੀਆਂ ਮੂਰਤੀਆਂ ਦੇ ਨਾਲ ਸਥਾਪਿਤ ਕੀਤੀ ਗਈ ਹੈ। ਭਗਤ ਸਿੰਘ ਅਤੇ ਦੱਤ ਦੀ ਤਸਵੀਰ ਪਾਰਲੀਮੈਂਟ ਹਾਊਸ ਦੀਆਂ ਕੰਧਾਂ ਤੇ ਵੀ ਲਗਾਈ ਗਈ ਹੈ। ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਯਾਦ ਵਿੱਚ ਹੁਸੈਨੀਵਾਲਾ ਵਿਖੇ ਬਣਾਇਆ ਗਿਆ ਕੌਮੀ ਸ਼ਹੀਦੀ ਸਮਾਰਕ ਜਿਸ ਸਥਾਨ ਤੇ ਸਤਲੁਜ ਨਦੀ ਦੇ ਕੰਢੇ ਹੁਸੈਨੀਵਾਲਾ ਵਿਖੇ ਭਗਤ ਸਿੰਘ ਦਾ ਸਸਕਾਰ ਕੀਤਾ ਗਿਆ ਸੀ ਉਹ ਵੰਡ ਦੌਰਾਨ ਪਾਕਿਸਤਾਨੀ ਖੇਤਰ ਬਣ ਗਿਆ ਸੀ। 17 ਜਨਵਰੀ 1961 ਨੂੰ ਸੁਲੇਮੰਕੀ ਹੈਡ ਵਰਕਜ਼ ਨੇੜੇ 12 ਪਿੰਡਾਂ ਦੇ ਬਦਲੇ ਇਸਨੂੰ ਭਾਰਤ ਵਿੱਚ ਤਬਦੀਲ ਕੀਤਾ ਗਿਆ ਹੈ ਅਤੇ ਉਥੇ ਹੀ 19 ਜੁਲਾਈ 1965 ਨੂੰ ਬੱਟੁਕੇਸ਼ਵਰ ਦੱਤ ਦਾ ਅੰਤਿਮ ਇੱਛਾ ਅਨੁਸਾਰ ਸਸਕਾਰ ਕੀਤਾ ਗਿਆ ਸੀ। 1968 ਵਿੱਚ ਕੌਮੀ ਸ਼ਹੀਦੀ ਸਮਾਰਕ ਸਸਕਾਰ ਸਥਾਨ ਤੇ ਬਣਾਇਆ ਗਿਆ ਸੀ ਅਤੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਯਾਦਗਾਰਾਂ ਬਣਾਈਆਂ ਗਈਆਂ। 1971 ਦੀ ਭਾਰਤ-ਪਾਕਿ ਲੜਾਈ ਦੇ ਦੌਰਾਨ, ਯਾਦਗਾਰ ਨੂੰ ਨੁਕਸਾਨ ਪਹੁੰਚਿਆ ਸੀ ਅਤੇ ਸ਼ਹੀਦਾਂ ਦੀਆਂ ਮੂਰਤੀਆਂ ਨੂੰ ਪਾਕਿਸਤਾਨੀ ਫੌਜ ਨੇ ਹਟਾ ਦਿੱਤਾ ਸੀ ਜੋਕਿ 1973 ਵਿੱਚ ਦੁਬਾਰਾ ਬਣਾਈਆਂ ਗਈਆਂ ਹਨ। 23 ਮਾਰਚ ਨੂੰ ਸਾਲਾਨਾ ਸ਼ਹੀਦੀ ਮੇਲਾ ਆਯੋਜਿਤ ਕੀਤਾ ਜਾਂਦਾ ਹੈ ਜਿੱਥੇ ਲੋਕ ਕੌਮੀ ਸ਼ਹੀਦ ਸਮਾਰਕ ਵਿਖੇ ਸ਼ਰਧਾਂਜਲੀ ਦਿੰਦੇ ਹਨ। ਸ਼ਹੀਦ ਭਗਤ ਸਿੰਘ ਮਿਊਜ਼ੀਅਮ ਜੱਦੀ ਪਿੰਡ ਖਟਕੜ ਕਲਾਂ ਵਿਖੇ 50 ਵੀਂ ਸ਼ਹੀਦੀ ਵਰ੍ਹੇਗੰਢ ਮੌਕੇ ਖੋਲ੍ਹਿਆ ਗਿਆ ਹੈ। ਭਾਰਤ ਦੇ ਨੌਜਵਾਨ ਭਗਤ ਸਿੰਘ ਤੋਂ ਬਹੁਤ ਪ੍ਰੇਰਨਾ ਲੈਂਦੇ ਹਨ। ਉਸਨੂੰ 2008 ਵਿੱਚ ਭਾਰਤੀ ਮੈਗਜ਼ੀਨ ਇੰਡੀਆ ਟੂਡੇ ਦੁਆਰਾ ਇੱਕ ਸਰਵੇਖਣ ਵਿੱਚ ਮਹਾਨ ਭਾਰਤੀ ਚੁਣਿਆ ਗਿਆ ਸੀ।ਭਾਰਤ ਦੀ ਸੰਸਦ ਨੇ 23 ਮਾਰਚ 2001 ਅਤੇ 2005 ਆਪ ਦੀ ਯਾਦ ਵਿੱਚਮਨਾਇਆ ਅਤੇ ਸ਼ਰਧਾਂਜਲੀ ਦਿੱਤੀ। ਪਾਕਿਸਤਾਨ ਵਿਚ ਭਗਤ ਸਿੰਘ ਮੈ-ਮੋਰੀਅਲ ਫਾਊਂਡੇਸ਼ਨ ਆਫ ਪਾਕਿਸਤਾਨ ਦੀ ਮੰਗ ਤੇ ਲਾਹੌਰ ਵਿੱਚ ਜਿੱਥੇ ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ ਸੀ ਦਾ ਨਾਂ ਬਦਲ ਕੇ ਭਗਤ ਸਿੰਘ ਚੌਂਕ ਰੱਖਿਆ ਗਿਆ।ਭਗਤ ਸਿੰਘ ਦੇ ਜੀਵਨ ਨੂੰ ਕਈ ਫਿਲਮਾਂ ਰਾਹੀਂ ਪੇਸ਼ ਕੀਤਾ ਗਿਆ ਹੈ। 2008 ਵਿਚ, ਨਹਿਰੂ ਮੈਮੋਰੀਅਲ ਮਿਊਜ਼ੀਅਮ ਐਂਡ ਲਾਇਬ੍ਰੇਰੀ ਸੰਗਠਨ ਨੇ ਭਗਤ ਸਿੰਘ ਦੀ 40 ਮਿੰਟ ਦੀ ਇੱਕ ਡਾਕੂਮੈਂਟਰੀ ਇਨਕਲਾਬਤਿਆਰਕੀਤੀਗਈਸੀ। 1968 ਵਿਚ ਭਗਤ ਸਿੰਘ ਦੇ 61 ਵੇਂ ਜਨਮ ਦਿਹਾੜੇ ਦੀ ਯਾਦ ਵਿੱਚ ਇੱਕ ਡਾਕ ਟਿਕਟ ਜਾਰੀ ਕੀਤੀ ਸੀ। 2012 ਵਿੱਚ ਭਗਤ ਸਿੰਘ ਨੂੰ ਯਾਦ ਕਰਦੇ ਹੋਏ ਇੱਕ 5 ਰੁਪਏਦਾਸਿੱਕਾਜਾਰੀਕੀਤਾਗਿਆਸੀ।ਭਾਰਤ ਸਰਕਾਰ ਵਲੋਂ ਸ਼ਹੀਦ ਭਗਤ ਸਿੰਘ ਦੀ ਯਾਦ ਵਿੱਚ ਅੰਤਰ-ਰਾਸ਼ਟਰੀ ਹਵਾਈ ਅੱਡਾ ਐਸ ਏ ਐਸ ਨਗਰ ਮੋਹਾਲੀ ਚੰਡੀਗੜ੍ਹ ਦਾ ਨਾਮ ਬਦਲਕੇ ਸ਼ਹੀਦ ਭਗਤ ਸਿੰਘ ਦੇ ਨਾਮ ਤੇ ਰੱਖਿਆ ਗਿਆ ਹੈ। ਪੰਜਾਬ ਦੀ ਮੋਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਅਪਣੀ ਪਾਰਟੀ ਦਾ ਸਹੁੰ ਚੁੱਕ ਸਮਾਗਮ20 ਮਾਰਚ 1922 ਨੂੰ ਸਹੀਦ ਭਗਤ ਸਿੰਘ ਦੇ ਪਿੰਡ ਖਟਕੜਕਲਾਂ ਵਿੱਚ ਹੀ ਕਰਵਾਇਆ ਗਿਆ ਹੈ ਅਤੇ ਹਰ ਸਰਕਾਰੀ ਦਫਤਰ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੀਆਂ ਫੋਟੋਆਂ ਲਗਾਈਆਂ ਗਈਆਂ ਹਨ। ਅੱਜ ਉਨ੍ਹਾਂ ਦਾ ਜਨਮ ਦਿਵਸ ਸਿਰਫ ਭਾਰਤ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਮਨਾਇਆ ਜਾ ਰਿਹਾ ਹੈ।

28 ਸਤੰਬਰ ਨੂੰ ਪੰਜਾਬ ਸਰਕਾਰ ਵਲੋਂ ਇਸ ਸਬੰਧੀ ਖਟਕੜਕਲਾਂ ਵਿੱਚ ਇੱਕ ਵਿਸ਼ੇਸ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਸਰਕਾਰਾਂ ਦੀਆਂ ਕੋਸ਼ਿਸਾਂ ਦੇ ਬਾਬਜੂਦ ਵੀ ਉਨ੍ਹਾਂ ਵਲੋਂ ਅਜਾਦ ਭਾਰਤ ਲਈ ਵੇਖੇ ਗਏ ਸੁਪਨੇ ਅਜਾਦੀ ਤੋਂ ਬਾਦ ਵੀ ਅਧੂਰੇ ਨਜਰ ਆ ਰਹੇ ਹਨ ਅਤੇ ਇਨ੍ਹਾਂ ਸੁਪਨਿਆਂ ਨੂੰ ਪੂਰਾ ਕਰਨ ਲਈ ਸਰਕਾਰਾਂ ਅਤੇ ਲੋਕਾਂ ਨੂੰ ਅਜੇ ਵੀ ਬਹੁਤ ਕੁੱਝ ਕਰਨ ਦੀ ਜਰੂਰਤ ਹੈ।

**1 ਅਕਤੂਬਰ 1873 'ਤੇ ਵਿਸ਼ੇਸ਼**

# ਸਿੰਘ ਸਭਾ ਲਹਿਰ



**ਪ੍ਰਮਿੰਦਰ ਸਿੰਘ ਪ੍ਰਵਾਨਾ**
510-781-0487

29 ਮਾਰਚ 1849 ਨੂੰ ਪੰਜਾਬ ਤੋਂ ਅੰਗਰੇਜ਼ਾਂ ਦਾ ਰਾਜ ਹੋ ਗਿਆ। ਅੰਮ੍ਰਿਤਸਰ, ਅਕਾਲ ਤਖਤ ਸਾਹਿਬ, ਤਰਨਤਾਰਨ ਅਤੇ ਪ੍ਰਸਿੱਧ ਗੁਰਦੁਆਰੇ ਅੰਗਰੇਜ਼ ਸਰਕਾਰ ਦੇ ਪ੍ਰਬੰਧ ਹੇਠ ਚਲੇ ਗਏ। ਅੰਗਰੇਜ਼ਾਂ ਨੇ ਸਿੱਖ ਧਰਮ ਦਾ ਸੰਤੁਲਨ ਵਿਗਾੜ ਦੇਣ ਦਾ ਇਰਾਦਾ ਸੀ। ਸਿੱਖਾਂ ਦੀ ਗਿਣਤੀ ਘਟਣ ਲੱਗੀ। ਧਾਰਮਿਕ ਕਦਰਾਂ-ਕੀਮਤਾਂ ਦਾ ਪਤਨ ਹੋਣ ਲੱਗਾ। ਸਿੱਖ ਮਰਿਆਦਾ ਨੂੰ ਇਸਾਈ ਅਤੇ ਆਰੀਆ ਸਮਾਜ ਦੀਆਂ ਸੰਸਥਾਵਾਂ ਤੋਂ ਚੁਣੌਤੀਆਂ ਸਨ। ਅਜਿਹੀਆਂ ਸੰਸਥਾਵਾਂ ਦਾ ਪ੍ਰਚਾਰ ਤੇਜ਼ੀ ਨਾਲ ਵੱਧ ਰਿਹਾ ਸੀ। ਗੁਰੂ ਡੰਮ ਦਾ ਪ੍ਰਚਾਰ ਵੀ ਚੱਲ ਪਿਆ। ਬੇਦੀਆਂ, ਸੋਢੀਆਂ, ਭੱਲਿਆਂ ਤੇ ਮਹੰਤਾਂ ਨੂੰ ਅੰਗਰੇਜ਼ੀ ਸ਼ਹਿ ਸੀ ਜੋ ਗੁਰਧਾਮਾਂ ਨੂੰ ਨਿੱਜੀ ਜਾਇਦਾਦ ਸਮਝਣ ਲੱਗੇ। ਸਿੱਖਾਂ ਨੂੰ ਲੁੱਟ ਕੇ ਅਯਾਸ਼ੀ ਕਰਨ ਲੱਗੇ। ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਗੱਦੀਆਂ ਲਾਉਣ ਲੱਗੇ। ਗੁਰਮਤਿ ਦੇ ਅਸੂਲਾਂ ਦਾ ਪ੍ਰਚਾਰ ਕਰਨ ਲਈ ਬਾਬਾ ਦਿਆਲ ਜੀ ਨੇ ਪੋਠੋਹਾਰ ਤੋਂ ਨਿਰੰਕਾਰੀ ਲਹਿਰ ਚਲਾਈ। ਪਰ ਗੁਰੂ ਡੰਗ ਦਾ ਜ਼ੋਰ ਹੋਣ ਕਰਕੇ ਇਹ ਲਹਿਰ ਪੋਠੋਹਾਰ ਵਿਚ ਹੀ ਖਤਮ ਹੋ ਗਈ। ਬਾਬਾ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਲੁਧਿਆਣਾ ਤੋਂ ਨਾਮਧਾਰੀ ਲਹਿਰ ਚਲਾਈ। ਜਿਹਨਾਂ ਨੇ ਚੱਲ ਰਹੀਆਂ ਕੁਰੀਤੀਆਂ ਦਾ ਵਿਰੋਧ ਕਰਕੇ ਗੁਰਮਤਿ ਨਾਲ ਜੋੜਿਆ। ਨਾਮਧਾਰੀ ਲਹਿਰ ਗਊ ਹੱਤਿਆ ਦੀ ਵਿਰੋਧੀ ਸੀ। ਜਨਵਰੀ 14, 15, 1872 ਨੂੰ ਮਲੇਰਕੋਟਲੇ ਵਿਚ ਬੁੱਚੜ ਵੱਢ ਮਾਰੇ। ਸਰਕਾਰ ਨੇ ਬਿਨਾਂ ਮੁਕੱਦਮਾ ਚਲਾਏ 49 ਨਾਮਧਾਰੀ ਸਿੰਘ ਤੋਪਾਂ ਨਾਲ ਉਡਾ ਦਿੱਤੇ। ਕੁਝ ਨੂੰ ਫਾਂਸੀ ਦੇ ਹੁਕਮ ਸੁਣਾ ਦਿੱਤੇ। ਇਸ ਤਰ੍ਹਾਂ 150 ਨਾਮਧਾਰੀ ਸਿੰਘ ਸ਼ਹੀਦ ਹੋਏ। ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਰੰਗੂਨ ਭੇਜ ਦਿੱਤਾ, ਜਿਸ ਨਾਲ ਨਾਮਧਾਰੀ ਲਹਿਰ ਵੀ ਲੋਕ ਲਹਿਰ ਨਾ ਬਣ ਸਕੀ।

ਸਿੱਖ ਅਜੇ ਵੀ ਅਵੇਸਲੇ ਸਨ। ਇਸਾਈਆਂ ਨੇ ਪ੍ਰਚਾਰ ਲਈ ਮਿਸ਼ਨ ਸਕੂਲ ਖੋਲ੍ਹ ਲਏ। ਹਿੰਦੂ ਮੁਸਲਮਾਨ ਵੀ ਆਪਣੇ ਪੈਰੋਕਾਰ ਬਣਾ ਲਏ। ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਵਿਦਿਆਰਥੀ ਅਤਰ ਸਿੰਘ, ਸਾਧੂ ਸਿੰਘ, ਆਇਆ ਸਿੰਘ ਤੇ ਸੰਤੋਖ ਸਿੰਘ ਨੇ ਇਸਾਈ ਬਣਨ ਦਾ ਇਰਾਦਾ ਕਰ ਲਿਆ। ਬੜੇ ਯਤਨਾਂ ਨਾਲ ਉਹਨਾਂ ਨੂੰ ਰੋਕਿਆ ਗਿਆ। ਛੇਤੀ ਹੀ ਆਰੀਆ ਸਮਾਜੀ ਆਗੂਆਂ, ਪੰਡਤ ਸ਼ਰਧਾ ਰਾਮ ਫਿਲੌਰੀ, ਗੁਰੂ ਦੱਤ, ਲੇਖਰਾਜ ਆਦਿ ਨੇ ਅੰਗਰੇਜ਼ੀ ਸ਼ਹਿ ਤੇ ਸਿੱਖ ਧਰਮ ਦੇ ਗੁਰੂਆਂ ਖਿਲਾਫ ਬੋਲਣਾ ਸ਼ੁਰੂ ਕਰ ਦਿੱਤਾ। ਅਜਿਹੇ ਮਸਲਿਆਂ ਨੂੰ ਨਜਿੱਠਣ ਲਈ ਸਿੱਖਾਂ ਦੀ ਕੋਈ ਮਜ਼ਬੂਤ ਸੰਸਥਾ ਨਹੀਂ ਸੀ। ਸਰਦਾਰ ਠਾਕੁਰ ਸਿੰਘ ਸੰਧਾਵਾਲੀਆ, ਕੰਵਰ ਬਿਕਰਮ ਸਿੰਘ ਕਪੂਰਥਲਾ, ਬਾਬਾ ਖੇਮ ਸਿੰਘ ਬੇਦੀ ਦੀ ਅਗਵਾਈ ਹੇਠ 30 ਜੁਲਾਈ ਸੰਨ 1873 ਨੂੰ ਅੰਮ੍ਰਿਤਸਰ ਗੁਰੂ ਕੇ ਬਾਗ ਵਿਚ ਭਾਰੀ ਇਕੱਠ ਹੋਇਆ। ਗੁਰਦੁਆਰਿਆਂ ਦੇ ਗਿਆਨੀ, ਗ੍ਰੰਥੀਆਂ ਅਤੇ ਸਮਾਜ ਦੇ ਸਿੱਖ ਖਿੱਤੇ ਦੇ ਲੋਕ ਹਾਜ਼ਰ ਹੋਏ। ਤਦ ਹੀ 'ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦਾ ਆਰੰਭ ਹੋਇਆ। ਸ. ਠਾਕੁਰ ਸਿੰਘ ਸੰਧਾਵਾਲੀਆ ਪ੍ਰਧਾਨ ਗਿਆਨੀ ਗਿਆਨ ਸਿੰਘ, ਸਕੱਤਰ ਸ. ਅਮਰ ਸਿੰਘ, ਮੀਤ ਸਕੱਤਰ ਭਾਈ ਧਰਮ ਸਿੰਘ ਜੀ ਮਜੀਠੇ ਬੁੰਗੇ, ਖਜਾਨਚੀ ਥਾਪੇ ਗਏ। ਇਸ ਸਭਾ ਦਾ ਮਨੋਰਥ ਸੀ ਕਿ ਸਿੱਖ ਧਰਮ ਵਿਚ ਜੋ ਕੁਰੀਤੀਆਂ ਹਨ, ਨੂੰ ਦੂਰ ਕਰਕੇ ਸਿੱਖ ਧਰਮ ਦੀ ਮਰਿਆਦਾ ਨੂੰ ਪੁਨਰ ਕਾਇਮ ਕਰਨਾ ਸੀ। ਗੁਰਸਿੱਖੀ ਲਈ ਉਤਸ਼ਾਹ ਪੈਦਾ ਕਰਨਾ ਸੀ।

ਹਿੰਦੂਆਂ ਅਤੇ ਮੁਸਲਮਾਨਾਂ ਨੇ ਵੀ ਆਪਣੀਆਂ ਜਥੇਬੰਦੀਆਂ ਕਾਇਮ ਕਰ ਲਈਆਂ ਸਨ। ਸਿੱਖ ਆਗੂਆਂ ਦੀ ਸਭਾ ਵਿਚ ਬੜੀ ਦਿਲਚਸਪੀ ਸੀ। ਬਕਾਇਦਾ ਤੌਰ 'ਤੇ ਧਰਮ ਪ੍ਰਚਾਰ ਦਾ ਕੰਮ ਤੁਰਿਆ। ਪਰ ਇਸਦੇ ਮੋਢੀ ਆਗੂਆਂ ਵਿਚ ਮਤਭੇਦ ਸਨ। ਕੰਵਰ ਸਾਹਿਬ ਸੁਧਾਰਵਾਦੀ ਸਨ। ਬੇਦੀ ਸਾਹਿਬ ਸੁਧਾਰਵਾਦੀ ਦੇ ਨਾਲ ਦੇਹਧਾਰੀ ਗੁਰੂ ਵਿਚ ਵਿਸ਼ਵਾਸ ਰੱਖਦੇ ਸਨ। ਸ. ਠਾਕੁਰ ਸਿੰਘ ਸਿੱਖੀ ਗਰਮ ਖਿਆਲੀਏ ਅਤੇ ਅੰਗਰੇਜ਼ ਸਰਕਾਰ ਡੇਗਣ ਦੇ ਜੋਸ਼ ਵਿਚ ਸਨ। ਬਹੁਤੇ ਸਿੱਖ ਅੰਗਰੇਜ਼ ਸਰਕਾਰ ਦੇ ਵਿਰੁੱਧ ਹੋਣ ਦਾ ਠੀਕ ਸਮਾਂ ਨਹੀਂ ਸਮਝਦੇ ਸਨ। ਦੋ ਸਾਲ ਦੇ ਸਮੇਂ ਵਿਚ ਹੀ ਗੁਰਮਤਿ ਦੇ ਪ੍ਰਚਾਰ ਦਾ ਮਿਆਰ ਡਿੱਗਣ ਲੱਗਾ। ਸਭਾ ਦਾ ਕੰਮ ਵੀ ਨਾ ਮਾਤਰ ਜਿਹਾ ਹੋ ਗਿਆ। ਸੰਨ 1876 ਵਿਚ ਭਾਈ ਗੁਰਮੁਖ ਸਿੰਘ ਜੀ ਨੇ ਆਪਣੀ ਸੂਝ ਅਤੇ ਲਗਨ ਨਾਲ ਸਭਾ ਵਿਚ ਨਵੀਂ ਜਾਨ ਪਾ ਦਿੱਤੀ। ਆਪਣੀ ਕਾਲਜ ਦੀ ਪੜ੍ਹਾਈ ਛੱਡ ਕੇ ਉਹਨਾਂ ਸਭਾ ਦੀ ਯੋਜਨਾਬੰਦੀ ਲਈ ਪ੍ਰੋਗਰਾਮ ਉਲੀਕ ਕੇ ਕੰਵਰ ਸਾਹਿਬ ਨਾਲ ਸਲਾਹ ਕੀਤੀ ਕਿ :

1. ਸਿੱਖ ਧਰਮ ਦੀ ਵਿਸਰੀ ਮਰਿਆਦਾ ਦੀ ਸ਼ਾਨ ਨੂੰ ਮੁੜ ਬਹਾਲ ਕਰਨਾ, ਧਰਮ ਅਤੇ ਸਮਾਜ ਦੀਆਂ ਕੁਰੀਤੀਆਂ ਦੂਰ ਕਰਨਾ।
2. ਸਿੱਖੀ ਤੋਂ ਦੂਰ ਜਾ ਕੇ ਜਿਊਣ ਵਾਲਿਆਂ ਨੂੰ ਮੋੜ ਲਿਆਉਣਾ।
3. ਧਰਮ ਦੇ ਵਡਮੁੱਲੇ ਵਿਰਸੇ ਦਾ ਸਾਹਿਤ ਛਾਪ ਕੇ ਵੰਡਣਾ ਤੇ ਪ੍ਰਚਾਰ ਕਰਨਾ। 4. ਪੰਜਾਬੀ ਬੋਲੀ ਵਿਚ ਅਖ਼ਬਾਰ ਰਸਾਲੇ ਛਾਪਣਾ।
5. ਵਿਦਿਅਕ ਅਦਾਰੇ ਦੇ ਸਰਕਾਰੀ ਅਫਸਰਾਂ ਨੂੰ ਸਭਾ ਨਾਲ ਜੋੜਨਾ।
6. ਸਿੱਖਾਂ ਨੂੰ ਅਧਿਆਤਮਕ, ਸਮਾਜਿਕ ਅਤੇ ਵਿਵਹਾਰਿਕ ਵਿੱਦਿਆ ਦੇ ਕੇ ਹਰ ਪੱਖ ਤੋਂ ਜਾਗਰਿਤ ਕਰਨਾ।
7. ਹਕੂਮਤ ਨਾਲ ਟਕਰਾਅ ਦੀ ਥਾਂ 'ਤੇ ਮਿਲ ਕੇ ਚੱਲਣਾ।

ਕੰਵਰ ਸਾਹਿਬ ਨੇ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਸੰਨ 1876 ਵਿਚ ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ ਖੁੱਲ੍ਹਾ। ਡਾ. ਲਾਇਟਨਰ, ਭਾਈ ਆਇਆ ਸਿੰਘ ਅਤੇ ਭਾਈ ਗੁਰਮੁਖ ਸਿੰਘ ਦੇ ਯਤਨਾਂ ਕਰਕੇ ਸੰਨ 1877 ਵਿਚ ਕਾਲਜ ਵਿਚ ਪੰਜਾਬੀ ਪੜ੍ਹਾਈ ਜਾਣ ਲੱਗੀ। ਭਾਈ ਗੁਰਮੁਖ ਸਿੰਘ ਪ੍ਰੋਫੈਸਰ ਲੱਗੇ, ਜਿੱਥੇ ਉਹਨਾਂ ਨੇ ਵਿਦਿਆਰਥੀਆਂ ਨੂੰ ਗੁਰਮਤਿ ਤੇ ਗੁਰਸਿੱਖੀ ਵਿਰਸੇ ਤੋਂ ਜਾਣੂ ਕੀਤਾ ਅਤੇ ਸਿੱਖ ਧਰਮ ਲਈ ਉਤਸ਼ਾਹਿਤ ਕੀਤਾ। ਇਸ ਵਿਸ਼ੇ ਤੇ ਪੁਸਤਕਾਂ ਵੀ ਲਿਖੀਆਂ।

1. ਪੱਤਰਕਾਰੀ ਵਿਚ ਕੰਮ ਕੀਤਾ ਕਿ ਸੰਨ 1880 ਵਿਚ ਗੁਰਮੁਖੀ ਅਖ਼ਬਾਰ ਸ਼ੁਰੂ ਕੀਤਾ, ਜਿਸ ਵਿਚ ਸਿੱਖ ਧਰਮ ਦਾ ਪ੍ਰਚਾਰ ਅਤੇ ਸਭਾ ਦੇ ਪ੍ਰੋਗਰਾਮ ਦਾ ਵੇਰਵਾ ਦਿੱਤਾ।
2. ਵਿੱਦਿਅਕ ਪੰਜਾਬ- ਵਿਦਿਆ ਸਬੰਧੀ ਪ੍ਰਚਾਰ ਹੋਇਆ।
3. ਸੰਨ 1885 ਵਿਚ ਖਾਲਸਾ ਅਖ਼ਬਾਰ।
4. ਸੰਨ 1996 ਵਿਚ ਰਸਾਲਾ ਸੁਧਾਰਕ- ਗੁਰਮਤਿ ਦਾ ਪ੍ਰਚਾਰ ਹੋਇਆ।
5. ਸੰਨ 1886 ਵਿਚ ਖਾਲਸਾ ਗਜ਼ਟ ਜਿਸ ਵਿਚ ਝੂਠੇ ਕਰਮਕਾਂਡਾਂ ਦਾ ਵਿਰੋਧ ਸੀ।

ਗੁਰਮਤਿ ਪ੍ਰਚਾਰ ਦਾ ਪ੍ਰਵਾਹ ਚੱਲਿਆ। ਮੰਜੀ ਸਾਹਿਬ ਦਰਬਾਰ ਸਾਹਿਬ ਇਕੱਤਰਤਾਵਾਂ ਹੋਣ ਲੱਗੀਆਂ। ਸਿੱਖ ਧਰਮ ਇਤਿਹਾਸ ਦੀ ਖੋਜ ਲਈ ਵਿਦਵਾਨ ਦੂਰ-ਦੂਰ ਤੋਂ ਅੰਮ੍ਰਿਤਸਰ ਇਕੱਠੇ ਹੋਣ ਲੱਗੇ। ਥੋੜ੍ਹੇ ਸਮੇਂ ਵਿਚ ਹੀ ਖੋਜ ਪੱਤਰ ਛਪਣ ਲੱਗੇ। ਕਿਤਾਬਚੇ ਜਾਰੀ ਹੋਣ ਲੱਗੇ। ਪੁਸਤਕਾਂ ਲਿਖੀਆਂ ਗਈਆਂ।

ਭਾਈ ਗੁਰਮੁਖ ਸਿੰਘ ਜੀ ਦੇ ਯਤਨਾਂ ਨਾਲ ਸ. ਠਾਕੁਰ ਸਿੰਘ ਸੰਧਾਵਾਲੀਏ ਤੇ ਕੰਵਰ ਬਿਕਰਮ ਸਿੰਘ ਜੀ ਨੇ ਇਕੱਠੇ ਹੋ ਕੇ ਸਭਾ ਦਾ ਕੰਮ ਆਰੰਭ ਕੀਤਾ, ਜਿਸ ਨਾਲ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਮੁੜ ਕੇ ਸਥਾਪਤੀ ਵੱਲ ਵਧੀ।

ਪ੍ਰਚਾਰ ਅਤੇ ਸਭਾ ਦਾ ਘੇਰਾ ਵਧਾਉਣ ਲਈ ਸੰਨ 1876 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਕਾਇਮ ਕੀਤੀ ਗਈ। 12 ਨਵੰਬਰ 1879 ਨੂੰ ਇਕ ਇਕੱਤਰਤਾ ਗੁਰਦੁਆਰਾ ਜਨਮ ਸਥਾਨ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਹੋਈ, ਜਿੱਥੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦਾ ਮੁੱਢ ਬੱਝਾ। ਜਿਸਨੂੰ ਸਰਕਾਰੀ ਸਰਪ੍ਰਸਤੀ ਵੀ ਮਿਲੀ। ਭਾਈ ਗੁਰਮੁਖ ਸਿੰਘ ਤੇ ਭਾਈ ਹਰਸਾ ਸਿੰਘ ਦੇ ਯਤਨਾਂ ਨਾਲ ਥੋੜ੍ਹੇ ਚਿਰ ਵਿਚ ਹੀ 268 ਮੈਂਬਰਾਂ ਦੀ ਗਿਣਤੀ ਹੋ ਗਈ। ਭਾਈ ਗੁਰਮੁਖ ਸਿੰਘ ਨੇ ਸੰਨ 1880 ਵਿਚ ਲਾਹੌਰ ਤੋਂ 'ਸਪਤਾਹਿਕ' ਗੁਰਮੁਖੀ ਅਖ਼ਬਾਰ ਆਰੰਭ ਕੀਤਾ। ਗੁਰਮੁਖੀ ਅਖ਼ਬਾਰ ਰਾਹੀਂ ਸਿੱਖ ਧਰਮ ਦਾ ਸੁਨੇਹਾ ਪੰਜਾਬ ਦੇ ਕੋਨੇ-ਕੋਨੇ 'ਤੇ ਜਾਣ ਲੱਗਾ। ਭਾਈ ਗੁਰਮੁਖ ਸਿੰਘ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ। ਸੰਗਤਾਂ ਨੂੰ ਪ੍ਰੇਰਿਆ। ਜਿਸ ਨਾਲ ਹਰੇਕ ਸ਼ਹਿਰ ਕਸਬੇ ਵਿਚ ਜਿੱਥੇ ਕਿਤੇ ਵੀ ਸਿੱਖਾਂ ਦੀ ਗਿਣਤੀ ਸੀ, ਸਭਾਵਾਂ ਬਣਨ ਲੱਗੀਆਂ ਅਤੇ ਅੰਮ੍ਰਿਤਸਰ ਤੇ ਲਾਹੌਰ ਸਭਾਵਾਂ ਨਾਲ ਜੁੜਨ ਲੱਗੀਆਂ।

ਭਾਵੇਂ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਸਭਾਵਾਂ ਦਾ ਮਨੋਰਥ ਇਕ ਹੀ ਸੀ ਪਰ ਫਿਰ ਵੀ ਮੋਢੀਆਂ ਵਿਚ ਮਤਭੇਦ ਪੈਦਾ ਹੋ ਗਿਆ ਤਾਂ ਇਹ ਵੱਖ-ਵੱਖ ਜਥੇਬੰਦੀਆਂ ਹੋ ਗਈਆਂ। ਸੰਨ 1990 ਦੀ ਸਥਿਤੀ ਵਿਚ ਜਿੱਥੇ ਸਭਾ ਨੇ ਧਾਰਮਿਕ ਸੁਧਾਰ ਕੀਤੇ, ਉਥੇ ਗੁਰਦੁਆਰਿਆਂ ਦੀ ਸੰਭਾਲ ਲਈ ਪੁਜਾਰੀਆਂ ਦਾ ਸੁਧਾਰ ਕਰਨਾ ਵੀ ਸੀ, ਜੋ ਮਰਿਆਦਾ ਨੂੰ ਵਿਗਾੜਦੇ ਸਨ। ਸਿੰਘ ਸਭਾ ਲਹਿਰ ਨੇ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ। ਪਰ ਅੰਮ੍ਰਿਤਸਰ ਦੀ ਸ੍ਰੀ ਗੁਰੂ ਸਿੰਘ ਸਭਾ ਵਿਚ ਬਹੁਗਿਣਤੀ ਪੁਜਾਰੀਆਂ, ਸੋਢੀਆਂ, ਬੇਦੀ, ਬਾਵਿਆਂ ਦੀ, ਜੋ ਇਸਦੇ ਵਿਰੋਧੀ ਸਨ। ਮਤਭੇਦ ਦੂਰ ਨਾ ਹੁੰਦੇ ਵੇਖ ਕੇ ਇਕ ਵੱਡੀ ਸਭਾ ਕਾਇਮ ਕੀਤੀ ਗਈ, ਜਿਸਦੇ ਵੀ ਕਾਰਗਰ ਨਤੀਜੇ ਨਾ ਨਿਕਲੇ। ਸੰਨ 1882 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਹੇਠ 'ਪੰਜਾਬੀ ਪ੍ਰਚਾਰਨੀ ਸਭਾ' ਬਣਾਈ ਗਈ। ਸਭਾ ਵਿਚ ਦਿੱਤਾ ਰਾਮ (ਗਿਆਨੀ ਦਿੱਤ ਸਿੰਘ) ਤੇ ਸ. ਜਵਾਹਰ ਸਿੰਘ ਜੋ ਪਹਿਲਾਂ ਆਰੀਆ ਸਮਾਜ ਦੇ ਪ੍ਰਚਾਰਕ ਸਨ, ਤੋਂ ਵੱਖ ਹੋ ਕੇ ਭਾਈ ਗੁਰਮੁਖ ਸਿੰਘ ਜੀ ਨਾਲ ਆਣ ਰਲੇ। ਜਿਹਨਾਂ ਨੇ ਸਭਾ ਦੀ ਉਨਤੀ ਲਈ ਅਤੇ ਗੁਰਮਤਿ ਪ੍ਰਚਾਰ ਦਾ ਬਹੁਤ ਕੰਮ ਕੀਤਾ ਪਰ ਸਮੱਸਿਆ ਫਿਰ ਵੀ ਹੱਲ ਨਾ ਹੋਈ। 1883 ਵਿਚ ਵੱਡੀ ਸਭਾ ਨੂੰ ਕਾਇਮ ਰੱਖਣ ਦੇ ਯਤਨ ਕੀਤੇ ਗਏ। ਬਸੰਤ ਪੰਚਮੀ ਨੂੰ ਦੋਹਾਂ ਸਭਾਵਾਂ ਨੂੰ ਨਵਾਂ ਨਾਂ ਦੇ ਕੇ 'ਖਾਲਸਾ ਦੀਵਾਨ ਅੰਮ੍ਰਿਤਸਰ' ਬਣਾ ਦਿੱਤਾ ਗਿਆ। ਭਾਵੇਂ ਸਿੰਘ ਸਭਾਵਾਂ ਦਾ ਆਪਸੀ ਤਾਲਮੇਲ ਨਾ ਬਣ ਸਕਿਆ ਪਰ ਸਿੱਖ ਪੰਥ ਵਿਚ ਨਵਾਂ ਜੋਸ਼ ਅਤੇ ਮਰਿਆਦਾ ਕਾਇਮ ਕਰਨ ਵਿਚ ਜੋ ਹੁਲਾਰਾ ਮਿਲਿਆ, ਉਹ ਅੱਜ ਵੀ ਸਿੱਖ ਪੰਥ ਦੀ ਬੁਨਿਆਦ ਹੈ।

**ਅੰਤਿਕਾ-** ਇਸ ਜਾਰੀ ਸਫ਼ਰ ਵਿਚ ਬੜੇ ਪੜਾਅ ਆਏ ਅਤੇ ਸਿੱਖੀ ਬਹਾਲ ਕਰਨ ਦੀ ਮੰਜ਼ਿਲ ਤੱਕ ਅੱਪੜੇ। ਜਿਵੇਂ 'ਖਾਲਸਾ ਦੀਵਾਨ ਅੰਮ੍ਰਿਤਸਰ' ਤੋਂ ਬਾਅਦ 'ਖਾਲਸਾ ਦੀਵਾਨ ਲਾਹੌਰ', 'ਚੀਫ ਖਾਲਸਾ ਦੀਵਾਨ, ਅਕਾਲੀ ਲਹਿਰ' ਨੇ ਗੁਰਮਰਿਆਦਾ ਦੀ ਪਵਿੱਤਰਤਾ ਲਈ ਕਈ ਮੋਰਚੇ ਲਾਏ, ਕਈ ਸਾਕੇ ਵਾਪਰੇ, ਅਣਮਨੁੱਖੀ ਤਸ਼ੱਦਦ ਸਹੇ ਭਾਣਾ ਮੰਨਣਾ ਅਤੇ ਸਬਰ ਦਾ ਸਬੂਤ ਸੰਸਾਰ ਵਿਚ ਕਾਇਮ ਕੀਤਾ। ਤਦ ਗੁਰਦੁਆਰਾ ਐਕਟ 1925 ਪਾਸ ਹੋਇਆ। ਦਸੰਬਰ 4, 1926 ਨੂੰ ਗੁਰਦੁਆਰਾ ਪ੍ਰਬੰਧ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਹੇਠ ਆ ਗਿਆ। ਇਹ ਇਕ ਲੰਮਾ ਇਤਿਹਾਸ ਹੈ।

---


ਕੋਈ ਵੀ ਵਿਅਕਤੀ ਜਨਮ ਨਾਲ ਨਹੀਂ ਕਰਮ ਨਾਲ ਮਹਾਨ ਹੁੰਦਾ ਹੈ। ਚੰਗੇ ਕਰਮ ਕਰਨ ਵਾਲਾ ਇਨਸਾਨ ਮਹਾਨ ਹੁੰਦਾ ਹੈ। ਜਿੰਦਗੀ ਵਿੱਚ ਕਦੇ ਵੀ ਕਿਸੇ ਦਾ ਬੁਰਾ ਨਹੀਂ ਸੋਚਣਾ ਚਾਹੀਦਾ ਤੇ ਨਾ ਹੀ ਕਿਸੇ ਨਾਲ ਅਜਿਹਾ ਸਲੂਕ ਕਰੋ ਜਿਸ ਨਾਲ ਦੂਜੇ ਦਾ ਦਿਲ ਦੁਖੀ ਹੋਵੇ। ਲੋੜਵੰਦ ਲੋਕਾਂ ਦੀ ਭਲਾਈ ਲਈ ਕਾਰਜ ਕਰਨੇ ਚਾਹੀਦੇ ਹਨ। ਅਜਿਹਾ ਕਰਨ ਨਾਲ ਮਨ ਨੂੰ ਸ਼ਾਂਤੀ ਅਤੇ ਦਿਲ ਨੂੰ ਖੁਸ਼ੀ ਮਿਲਦੀ ਹੈ ਤੇ ਸਮਾਜ ਵਿੱਚ ਸਤਿਕਾਰ ਮਿਲਦਾ।

**- ਅਜੈ ਸਰਬ ਗਾਟ, (ਸਟਾਕਟਨ)**



---

ਹਨੇਰੇ ਦੂਰ ਕਰਨ ਲਈ ਚਾਨਣ ਦੀਆਂ ਕਿਰਨਾਂ ਝੱਖੜ ਅਤੇ ਤੂਫ਼ਾਨਾਂ ਦੀ ਛਾਤੀ ਚੀਰ ਦਿੰਦੀਆਂ ਹਨ। ਚਾਨਣ ਦੇ ਵਣਜਾਰੇ ਤੂਫ਼ਾਨੀ ਮੌਸਮਾਂ ਨੂੰ ਲੰਘ ਜਾਣ ਦੀ ਸ਼ਕਤੀ ਦਾ ਨਾਮ ਹੈ। ਸਮਾਜ ਦੇ ਹਨੇਰੇ ਦੂਰ ਕਰਨ ਲਈ ਦੁਨੀਆਂ ਭਰ ਦੇ ਕਿਰਤੀਆਂ ਨੂੰ ਇੱਕ -ਦੂਜੇ ਦਾ ਹੱਥ ਫੜਨ ਦੀ ਲੋੜ ਹੈ।



ਧਰਤੀ ਨੂੰ ਬੰਜਰ ਹੋਣ ਤੋ ਬਚਾਉਣ ਲਈ ਤਾਰਿਆਂ ਦਾ ਟਿਮਕਣਾ ਜ਼ਰੂਰੀ।

ਸ਼ੁਭ ਸਵੇਰ, ਸ਼ੁਭ ਦਿਨ, ਚੰਗੇ ਭਵਿੱਖ ਅਤੇ ਸਿਹਤਮੰਦੀ ਲਈ ਸ਼ੁਭ ਕਾਮਨਾ ਕਰਦੇ ਹਾਂ।

**ਮਨਮੋਹਨ ਪੂੰਨੀ**
**(ਨਿਊਯਾਰਕ)**

---

## ਮਾਂ ਦੀ ਕੁੱਖੋਂ ਧੀ ਹੋਈ

ਕੌਣ ਜਾਣਦਾ ਸੀ ਜਿੰਦਗੀ ਫਿਰ ਹੋਈ,
ਦੁੱਖ ਕੱਟੇ ਸੁੱਖ ਹੋਇਆ ਮਾਂ ਦੀ ਕੁੱਖੋਂ ਧੀ ਹੋਈ।
ਹੌਲੀ ਹੌਲੀ ਜਿੰਦਗੀ ਨੇ ਗਲ਼ ਲਾਇਆ,
ਤਕਲੀਫ਼ ਮਾਂ ਦੀ ਵੇਖ ਪਿਆਰ ਮਿਲ ਖੁਦ ਰੋਈ।

ਹੁਣ ਬਾਕੀ ਜਿੰਦਗੀ ਸਾਥ ਮਾਂ ਦਾ ਰਿਹਾ,
ਬਚਪਨ ਤੋਂ ਹੀ ਗੱਲ ਨਿੱਕੀ ਧੀ ਦਿਲ ਸਮੋਈ।
ਪਿਆਰ ਦੇ ਰਿਸ਼ਤੇ ਮਾਂ ਪ੍ਰਤੀ ਹੀ ਸਮਝਣ,
ਧੀ ਇੱਜਤ ਢੱਕ ਕਦੇ ਵੀ ਨਾ ਕੱਖ ਤੋਂ ਮੱਸ ਹੋਈ।

ਇੱਕ ਹੌਸਲਾ ਦਿਲ ਅੰਦਰ ਖੌਫ਼ ਨਾ ਕੋਈ,
ਮਾਂ ਦੇ ਬੋਲ ਹੀ ਕਾਫੀ ਧੀ ਦੀ ਅੱਖ ਚਮਕ ਹੋਈ।
ਸਮੇਂ ਦਾ ਚੱਕਰਵਿਊ ਕਦੇ ਹੀ ਬਦਲ ਗਿਆ,
ਧੀ ਨੂੰ ਖਿਆਲ ਮਾਂ ਦੀ ਮਮਤਾ ਨਾ ਜੱਗ ਭਲੋਈ।

ਹੁਣ ਤੱਕ ਧੀ ਮਾਂ ਦੀ ਰਜਾ ਵਿੱਚ ਚੁੱਪ ਸੀ,
ਸੁਪਨੇ ਪੂਰੇ ਕਰ ਜਿੰਦਗੀ ਨੂੰ ਦੱਸ ਮਾਂ ਖੁਸ਼ ਹੋਈ।
ਜਿੰਦਗੀ ਦੇ ਰੰਗ ਨੂੰ ਸਮਾਂ ਵੀ ਲੰਘ ਗਿਆ,
ਫ਼ਰਕ ਦੁਨੀਆ ਦੀ ਘੁਰ ਨੇ ਇੱਜਤ ਲੁੱਟ ਪਟੋਈ।

ਅੱਜ ਧੀ ਨੂੰ ਡਰ ਸਿਰਫ਼ ਮਾਂ ਦੀ ਮੌਤ ਦਾ,



ਜਿੰਦਗੀ ਹਰਵੇਲ ਨਾ ਮਿਲਦੀ ਜਿੰਦਗੀ ਖਲੋਈ।
ਸਮਝ ਗਈ ਧੀ ਜਦ ਮਾਂ ਸਦਾ ਲਈ ਜਾਈ,
ਗੌਰਵ ਮਨ ਦੁੱਖੀ ਹੋ ਇਸ ਜੱਗ ਧੀ ਕਿੱਥੇ ਬਚੋਈ।

**ਗੌਰਵ ਧੀਮਾਨ** 91-76268-18016



---

## ਸੁਖਮਨ ਸਿੰਘ ਦੀ ਕਾਵਿ ਪੁਸਤਕ "ਰੁਮਾਲ ਦੇ ਧਾਗੇ" ਤੇ ਵਿਚਾਰ ਚਰਚਾ ਕੀਤੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਖੜੌਦੀ ਦੇ ਨੌਜਵਾਨ ਲੇਖਕ ਅਤੇ ਸ਼ਾਇਰ ਸੁਖਮਨ ਸਿੰਘ ਦੀ ਕਾਵਿ ਪੁਸਤਕ "ਰੁਮਾਲ ਦੇ ਧਾਗੇ" ਤੇ ਵਿਚਾਰ ਚਰਚਾ ਦਾ ਆਯੋਜਨ ਸੁਰ ਸੰਗਮ ਵਿੱਦਿਅਕ ਟਰੱਸਟ ਅਤੇ ਨਿੱਕੀਆ ਕਰੂੰਬਲਾ ਪ੍ਰਕਾਸ਼ਨ ਵਲੋਂ ਕਰੂੰਬਲਾ ਭਵਨ ਵਲੋਂ ਮਾਹਿਲਪੁਰ ਵਿਖੇ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਸੇਵਾ ਮੁਕਤ ਬਲਾਕ ਸਿੱਖਿਆ ਅਫਸਰ ਬੱਗਾ ਸਿੰਘ ਆਰਟਿਸਟ, ਰਘਵੀਰ ਸਿੰਘ ਕਲੋਆ, ਚੈਂਚਲ ਸਿੰਘ ਬੈਂਸ, ਬਲਵੀਰ ਸਿੰਘ ਭੱਟੀ, ਡਾਕਟਰ ਬਲਵੀਰ ਕੌਰ ਰੀਹਲ, ਪ੍ਰਿੰਸੀਪਲ ਮਨਜੀਤ ਕੌਰ ਅਤੇ ਡਾਕਟਰ ਵਿਜੈ ਕੁਮਾਰ ਭੱਟੀ ਨੇ ਕੀਤੀ।



ਪ੍ਰਧਾਨਗੀ ਮੰਡਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸ ਨੋਜਵਾਨ ਕੋਲ ਬਹੁਪੱਖੀ ਸੰਭਾਵਨਾਵਾ ਮੌਜੂਦ ਹਨ। ਜਿਹਨਾਂ ਸਦਕੇ ਉਹ ਸਾਹਿਤ ਅਤੇ ਕਲਾ ਦੇ ਖੇਤਰ ਵਿੱਚ ਆਪਣੀ ਨਿਵੇਕਲੀ ਪਛਾਣ ਬਣਾ ਰਿਹਾ ਹੈ। ਫਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨੋਜਵਾਨ ਕਵੀ ਨੇ ਆਪਣੀ ਛੋਟੀ ਜਿਹੀ ਉਮਰ ਵਿੱਚ ਹੀ ਕਈ ਸ਼ਾਨਦਾਰ ਪ੍ਰਾਪਤੀਆ ਕਰ ਲਈਆ ਹਨ। ਦਰਜਨਾ ਪੁਸਤਕਾਂ ਦੇ ਟਾਈਟਲ ਚਿੱਤਰ ਅਤੇ ਰਚਨਾਵਾਂ ਲਈ ਚਿੱਤਰਕਾਰੀ ਕਰਕੇ ਸਿਰਜਣਾ ਦੇ ਖੇਤਰ ਵਿੱਚ ਵੀ ਚਾਰ ਪੁਸਤਕਾਂ ਦਾ ਯੋਗਦਾਨ ਪਾਇਆ ਹੈ। ਉਹ ਮਲਟੀ ਮੀਡੀਆ ਦੇ ਖੇਤਰ ਵਿੱਚ ਬੜੀ ਤੇਜੀ ਨਾਲ ਅੱਗੇ ਵਧ ਰਿਹਾ ਹੈ। ਨਿੱਕੀਆ ਕਰੂੰਬਲਾ ਰਾਹੀਂ ਉਸ ਦੀ ਸਿਰਜਣਸ਼ੀਲਤਾ ਦੀ ਉਡਾਰੀ ਉਚੇਰੀ ਹੋ ਰਹੀ ਹੈ। ਪੁਸਤਕ ਰੁਮਾਲ ਦੇ ਧਾਗੇ ਵਿੱਚ ਜਿਥੇ ਉਸ ਨੇ ਸਵੈ ਦੀਆਂ ਗੱਲਾਂ ਕੀਤੀਆ ਹਨ, ਉਥੇ ਸਮਾਜ ਦੀ ਪੁਣਛਾਣ ਵੀ ਕੀਤੀ ਹੈ। ਇਹ ਨਿੱਕੀ ਜਿਹੀ ਪੁਸਤਕ ਸਮਾਜ ਨੂੰ ਵੱਡੇ ਸੁਨੇਹੇ ਦਿੰਦੀ ਹੈ। ਪੁਸਤਕ ਦਾ ਮਨੋਰਥ ਨੋਜਵਾਨ ਪੀੜ੍ਹੀ ਨੂੰ ਉਸਾਰੂ ਕਦਰਾਂ ਕੀਮਤਾਂ ਨਾਲ ਲੈਸ ਕਰਨਾ ਹੈ। ਸੁਖਮਨ ਸਿੰਘ ਨੇ ਆਪਣੀ ਸਿਰਜਣ ਪ੍ਰਕਿਰਿਆ ਵਾਰੇ ਬੋਲਦਿਆ ਕਿਹਾ ਕਿ ਉਸ ਦੀਆ ਰਚਨਾਵਾਂ ਵਿੱਚ ਬਹੁਤੇ ਨਿੱਜੀ ਅਨੁਭਵ ਹਨ। ਜੋ ਸਮਾਜਿਕ ਵਰਤਾਰਾ ਵਰਤ ਰਿਹਾ ਹੈ। ਉਹਨਾਂ ਵਰਤਾਰਾ ਨੂੰ ਆਪਣੀ ਸ਼ੈਲੀ ਵਿੱਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਸਨੇ ਅੱਗੇ ਕਿਹਾ ਕਿ ਉਸ ਦੀਆ ਪ੍ਰਾਪਤੀਆ ਦਾ ਮੁੱਢ ਨਿੱਕੀਆ ਕਰੂੰਬਲਾ ਪਰਿਵਾਰ ਵਿੱਚ ਸ਼ਾਮਲ ਹੋ ਔਏ ਬੱਝਿਆ ਹੈ।



# ਖੇਡ ਦੁਨੀਆਂ

### ਏਸ਼ਿਆਈ ਖੇਡਾਂ

## ਭਾਰਤੀ ਮਹਿਲਾ ਹਾਕੀ ਟੀਮ ਨੇ ਆਪਣੇ ਪਹਿਲੇ ਮੈਚ 'ਚ ਸਿੰਗਾਪੁਰ ਨੂੰ 13-0 ਨਾਲ ਹਰਾਇਆ

**ਹਾਂਗਜ਼ੂ–** ਸੰਗੀਤਾ ਕੁਮਾਰੀ ਦੀ ਹੈਟ੍ਰਿਕ ਸਮੇਤ ਆਪਣੀਆਂ ਖਿਡਾਰਨਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੇ ਦਮ 'ਤੇ ਭਾਰਤੀ ਮਹਿਲਾ ਹਾਕੀ ਟੀਮ ਨੇ ਏਸ਼ਿਆਈ ਖੇਡਾਂ 'ਚ ਆਪਣੇ ਪਹਿਲੇ ਮੈਚ 'ਚ ਸਿੰਗਾਪੁਰ ਨੂੰ 13-0 ਨਾਲ ਹਰਾ ਦਿੱਤਾ। ਵਿਸ਼ਵ ਰੈਂਕਿੰਗ 'ਚ ਸੱਤਵੇਂ ਸਥਾਨ 'ਤੇ ਕਾਬਜ਼ ਭਾਰਤ ਦਾ ਸਾਹਮਣਾ ਪੂਲ ਏ ਦੇ ਮੈਚ 'ਚ 34ਵੀਂ ਰੈਂਕਿੰਗ ਦੀ ਟੀਮ ਨਾਲ ਸੀ। ਹੁਣ 29 ਸਤੰਬਰ ਨੂੰ ਭਾਰਤ ਨੇ ਮਲੇਸ਼ੀਆ ਨਾਲ ਖੇਡਣਾ ਹੈ। ਭਾਰਤ ਨੂੰ ਮੈਚ 'ਚ 22 ਪੈਨਲਟੀ ਕਾਰਨਰ ਮਿਲੇ। ਭਾਰਤ ਹੁਣ 28 ਸਤੰਬਰ ਨੂੰ ਪੂਲ-ਏ ਦੇ ਅਗਲੇ ਲੀਗ ਮੈਚ ਵਿੱਚ ਮੌਜੂਦਾ ਚੈਂਪੀਅਨ ਜਾਪਾਨ ਨਾਲ ਭਿੜੇਗਾ। ਭਾਰਤ ਨੂੰ ਛੇਵੇਂ ਮਿੰਟ ਵਿੱਚ ਗੋਲ ਕਰਨ ਦਾ ਮੌਕਾ ਮਿਲਿਆ ਪਰ ਸੁਖਜੀਤ ਸਿੰਘ ਦੇ ਸ਼ਾਟ ਨੂੰ ਸਿੰਗਾਪੁਰ ਦੇ ਗੋਲਕੀਪਰ ਸੈਂਡਰਾਨ ਗੁਗਾਨ ਨੇ ਬਚਾ ਲਿਆ।



ਭਾਰਤ ਨੂੰ ਅਗਲੇ ਹੀ ਮਿੰਟ ਵਿੱਚ ਪੈਨਲਟੀ ਕਾਰਨਰ ਮਿਲਿਆ ਪਰ ਕਪਤਾਨ ਹਰਮਨਪ੍ਰੀਤ ਸਿੰਘ ਦੀ ਫਲਿਕ ਬੇਕਾਰ ਗਈ। ਦੋ ਮਿੰਟ ਬਾਅਦ ਮਨਦੀਪ ਨੇ ਦੂਜੇ ਪੈਨਲਟੀ ਕਾਰਨਰ ਦਾ ਮੌਕਾ ਬਣਾਇਆ ਪਰ ਸਿੰਗਾਪੁਰ ਦੇ ਗੋਲਕੀਪਰ ਨੇ ਸ਼ਾਨਦਾਰ ਬਚਾਅ ਕੀਤਾ। ਆਖਿਰਕਾਰ 12ਵੇਂ ਮਿੰਟ ਵਿੱਚ ਗੁਰਜੰਟ ਦੇ ਪਾਸ 'ਤੇ ਮਨਦੀਪ ਨੇ ਗੋਲ ਕਰ ਕੇ ਟੀਮ ਦਾ ਖਾਤਾ ਖੋਲ੍ਹਿਆ। ਪਹਿਲੇ ਕੁਆਰਟਰ ਦੇ ਆਖ਼ਰੀ ਦੋ ਮਿੰਟਾਂ ਵਿੱਚ ਭਾਰਤ ਨੂੰ ਮਿਲੇ ਦੋ ਪੈਨਲਟੀ ਕਾਰਨਰ ਬੇਕਾਰ ਗਏ। ਭਾਰਤ ਨੂੰ ਪਹਿਲੇ ਕੁਆਰਟਰ ਵਿੱਚ ਪੰਜ ਪੈਨਲਟੀ ਕਾਰਨਰ ਮਿਲੇ ਪਰ ਇੱਕ ਵੀ ਗੋਲ ਨਹੀਂ ਹੋ ਸਕਿਆ।

ਮਗਰੋਂ ਦੂਜੇ ਕੁਆਰਟਰ ਵਿੱਚ ਭਾਰਤ ਨੇ ਬਿਹਤਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਲਗਾਤਾਰ ਪੰਜ ਗੋਲ ਕੀਤੇ। ਦੂਜੇ ਕੁਆਰਟਰ ਦੀ ਸ਼ੁਰੂਆਤ 'ਚ ਲਲਿਤ ਨੇ ਭਾਰਤ ਦੀ ਲੀਡ ਦੁੱਗਣੀ ਕਰ ਦਿੱਤੀ। ਉਥੇ ਹੀ 21ਵੇਂ ਮਿੰਟ ਵਿੱਚ ਗੁਰਜੰਟ ਨੇ ਤੀਜਾ ਗੋਲ ਕੀਤਾ, ਜਿਸ ਨੂੰ ਮਨਦੀਪ ਨੇ ਪਾਸ ਦਿੱਤਾ ਸੀ॥ ਵਵਿਕ ਸਾਗਰ ਪ੍ਰਸਾਦ ਨੇ ਇਕ ਮਿੰਟ ਬਾਅਦ ਭਾਰਤ ਲਈ ਚੌਥਾ ਗੋਲ ਕੀਤਾ। ਹਰਮਨਪ੍ਰੀਤ ਨੇ ਅਗਲੇ ਹੀ ਮਿੰਟ 'ਚ ਪੈਨਲਟੀ 'ਤੇ ਗੋਲ ਕਰ ਕੇ ਸਕੋਰ 5-0 ਕਰ ਦਿੱਤਾ। ਅੱਧੇ ਸਮੇਂ ਤੋਂ ਠੀਕ ਪਹਿਲਾਂ ਪੈਨਲਟੀ ਕਾਰਨਰ 'ਤੇ ਅਮਿਤ ਰੋਹੀਦਾਸ ਦੀ ਫਲਿੱਕ ਨੂੰ ਮਨਦੀਪ ਨੇ ਗੋਲ 'ਚ ਬਦਲਿਆ। ਬ੍ਰੇਕ ਤੋਂ ਬਾਅਦ ਭਾਰਤ ਨੂੰ 11ਵਾਂ ਪੈਨਲਟੀ ਕਾਰਨਰ ਮਿਲਿਆ ਪਰ ਹਰਮਨ-ਪ੍ਰੀਤ ਗੋਲ ਕਰਨ ਤੋਂ ਖੁੰਝ ਗਿਆ। ਮਨਪ੍ਰੀਤ ਨੇ 37ਵੇਂ ਮਿੰਟ 'ਚ ਪੈਨਲਟੀ ਕਾਰਨਰ 'ਤੇ ਹਰਮਨਪ੍ਰੀਤ ਦੇ ਫਲਿੱਕ 'ਤੇ ਗੋਲ ਕਰਕੇ ਭਾਰਤ ਦੀ ਲੀਡ ਹੋਰ ਵਧਾ ਦਿੱਤੀ। ਇਸ ਤੋਂ ਬਾਅਦ ਹਰਮਨਪ੍ਰੀਤ ਨੇ ਦੋ ਪੈਨਲਟੀ ਕਾਰਨਰਾਂ ਨੂੰ ਗੋਲ ਵਿੱਚ ਬਦਲਿਆ। ਭਾਰਤ ਨੂੰ ਮੈਚ 'ਚ 22 ਪੈਨਲਟੀ ਕਾਰਨਰ ਮਿਲੇ ਪਰ ਅੱਠ 'ਤੇ ਹੀ ਗੋਲ ਹੋਏ।

**ਹਰਮਨਪ੍ਰੀਤ ਨੇ ਚਾਰ ਅਤੇ ਮਨਦੀਪ ਨੇ ਤਿੰਨ ਗੋਲ ਕੀਤੇ**

ਭਾਰਤ ਲਈ ਹਰਮਨਪ੍ਰੀਤ ਨੇ ਚਾਰ (24ਵੇਂ, 39ਵੇਂ, 40ਵੇਂ, 42ਵੇਂ ਮਿੰਟ), ਮਨਦੀਪ ਨੇ ਤਿੰਨ (12ਵੇਂ, 30ਵੇਂ ਅਤੇ 51ਵੇਂ ਮਿੰਟ), ਵਰੁਣ ਕੁਮਾਰ ਨੇ ਦੋ (55ਵੇਂ ਮਿੰਟ), ਅਭਿਸ਼ੇਕ ਨੇ ਦੋ (51ਵੇਂ ਅਤੇ 52ਵੇਂ ਮਿੰਟ) ਅਤੇ ਵੀ ਐਸ ਪ੍ਰਸਾਦ (23ਵੇਂ ਮਿੰਟ), ਗੁਰਜੰਟ ਸਿੰਘ (22ਵੇਂ), ਲਲਿਤ ਉਪਾਧਿਆਏ (16ਵੇਂ), ਸ਼ਮਸ਼ੇਰ ਸਿੰਘ (38ਵੇਂ) ਤੇ ਮਨਪ੍ਰੀਤ ਸਿੰਘ (37ਵੇਂ) ਨੇ ਇੱਕ-ਇੱਕ ਗੋਲ ਕੀਤੇ। ਸਿੰਗਾਪੁਰ ਲਈ ਇੱਕੋ-ਇੱਕ ਗੋਲ ਮੁਹੰਮਦ ਜ਼ਾਕੀ ਬਨਿ ਜ਼ੁਲਕਰਨੈਨ ਨੇ 53ਵੇਂ ਮਿੰਟ ਵਿੱਚ ਕੀਤਾ। ਸਾਰਾ ਮੈਚ ਸਿੰਗਾਪੁਰ ਦੇ ਸਰਕਲ ਵਿੱਚ ਹੋਇਆ ਅਤੇ ਭਾਰਤੀ ਗੋਲਕੀਪਰ ਇੱਕ ਵਾਰ ਫਿਰ ਮੂਕ ਦਰਸ਼ਕ ਬਣਿਆ ਰਿਹਾ।

## ਦੀਪੇਂਦਰ ਦਾ 9 ਗੇਂਦਾਂ 'ਚ ਅਰਧ ਸੈਂਕੜਾ ਤੇ ਮੱਲਾ ਦਾ 34 ਗੇਂਦਾਂ 'ਚ ਸੈਂਕੜਾ

**ਚੰਡੀਗੜ੍ਹ–** ਨੇਪਾਲ ਨੇ ਏਸ਼ਿਆਈ ਖੇਡਾਂ ਦੇ ਪੁਰਸ਼ ਟੀ 20 ਦੇ ਉਦਘਾਟਨੀ ਮੈਚ ਵਿੱਚ ਮੰਗੋਲੀਆ ਖੇਡਦਿਆਂ ਕਈ ਨਵੇਂ ਰਿਕਾਰਡ ਬਣਾਏ। ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਨੇਪਾਲ ਨੇ 20 ਓਵਰਾਂ ਵਿੱਚ 314/3 ਬਣਾਈਆਂ। ਟੀ-20 ਵਿੱਚ 300 ਦੌੜਾਂ ਦਾ ਅੰਕੜਾ ਪਾਰ ਕਰਨ ਵਾਲੀ ਉਹ ਪਹਿਲੀ ਟੀਮ ਬਣ ਗਈ। ਇਸ ਤੋਂ ਪਹਿਲਾਂ ਅਫਗਾਨਿਸਤਾਨ ਦਾ ਆਇਰਲੈਂਡ ਖ਼ਿਲਾਫ਼ 278/3 ਦੌੜਾਂ ਦਾ



ਰਿਕਾਰਡ ਸੀ। ਇਹ ਵੱਡਾ ਸਕੋਰ ਦੀਪੇਂਦਰ ਸਿੰਘ ਐਰੀ ਅਤੇ ਕੁਸ਼ਲ ਮੱਲਾ ਦੀ ਰਿਕਾਰਡ ਤੋੜ ਬੱਲੇਬਾਜ਼ੀ ਨਾਲ ਸੰਭਵ ਹੋਇਆ। ਦੀਪੇਂਦਰ ਨੇ ਸਿਰਫ 10 ਗੇਂਦਾਂ 'ਤੇ ਅਜੇਤੂ 52 ਦੌੜਾਂ ਬਣਾਈਆਂ ਤੇ ਉਸ ਨੇ ਭਾਰਤ ਦੇ ਯੁਵਰਾਜ ਸਿੰਘ ਦਾ 2007 ਵਿਚ ਇੰਗਲੈਂਡ ਵਿਰੁੱਧ 12 ਗੇਂਦਾਂ ਵਿਚ ਸਭ ਤੋਂ ਤੇਜ਼ 50 ਦੌੜਾਂ ਦਾ 16 ਸਾਲ ਪੁਰਾਣਾ ਰਿਕਾਰਡ ਤੋੜ ਦਿੱਤਾ। ਉਸ ਨੇ 10 ਗੇਂਦਾਂ 'ਤੇ ਅੱਠ ਛੱਕੇ ਜੜੇ। ਉਸ ਦਾ ਸਟ੍ਰਾਈਕ ਰੇਟ 520 ਰਿਹਾ। ਦੂਜੇ ਪਾਸੇ ਕੁਸ਼ਲ ਮੱਲਾ ਨੇ ਸਿਰਫ 34 ਗੇਂਦਾਂ 'ਚ ਸੈਂਕੜਾ ਮਾਰ ਕੇ ਸਭ ਤੋਂ ਤੇਜ਼ ਸੈਂਕੜੇ ਦਾ ਰਿਕਾਰਡ ਬਣਾ ਦਿੱਤਾ। ਇਸ ਤੋਂ ਪਹਿਲਾਂ ਸਭ ਤੋਂ ਤੇਜ਼ ਸੈਂਕੜਾ ਲਗਾਉਣ ਦਾ ਰਿਕਾਰਡ ਭਾਰਤ ਦੇ ਰੋਹਿਤ ਸ਼ਰਮਾ ਅਤੇ ਦੱਖਣੀ ਅਫਰੀਕਾ ਦੇ ਡੇਵਿਡ ਮਿਲਰ ਨੇ 35 ਗੇਂਦਾਂ 'ਤੇ ਸੀ। ਮੱਲਾ ਦਾ ਸੈਂਕੜਾ ਨਾ ਸਿਰਫ ਸਭ ਤੋਂ ਤੇਜ਼ ਸੀ ਸਗੋਂ ਟੀ-20 ਕ੍ਰਿਕਟ 'ਚ ਆਪਣੇ ਦੇਸ਼ ਦੇ ਕਿਸੇ ਕ੍ਰਿਕਟਰ ਦਾ ਪਹਿਲਾ ਸੈਂਕੜਾ ਵੀ ਸੀ। ਮੱਲਾ ਨੇ 50 ਗੇਂਦਾਂ 'ਤੇ 137 ਦੌੜਾਂ ਬਣਾਉਣ ਲਈ 12 ਛੱਕੇ ਅਤੇ 8 ਚੌਕੇ ਮਾਰੇ।

## ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



**'ਪਿੰਡ ਅਮਰੀਕਾ ਦੀ ਚਰਚਾ'**

ਸਿਮਰਨ ਸਿੰਘ ਨਿਰਦੇਸ਼ਤ, ਡਾਕਟਰ ਹਰਚੰਦ ਸਿੰਘ ਦੀ ਪ੍ਰਵਾਸੀ ਪੰਜਾਬੀਆਂ ਦੇ ਪੰਜਾਬ ਪਿਆਰ ਤੇ ਬਣੀ ਇੱਕ ਜ਼ਜਬਾਤੀ-ਪਰਿਵਾਰਕ ਫ਼ਿਓਮਪ;ਲ਼ਮ 'ਪਿੰਡ ਅਮਰੀਕਾ' ਦਾ ਟਰੇਲਰ, ਗਾਣੇ ਸਭ ਹਰਮਨ ਪਿਆਰੇ ਹੋ ਗਏ ਨੇ ਤੇ ਅਗਲੇ ਹਫਤੇ ਆ ਰਹੀ ਇਹ ਫ਼ਿਲਮ ਮਨੀਸ਼ ਸਾਹਨੀ ਅਨੁਸਾਰ ਨਵੇਂ ਰਿਕਾਰਡ ਬਣਾਏਗੀ । ਸਾਰੰਗ-ਸਿਕੰਦਰ ਦਾ ਸੰਗੀਤ, ਜੇਸੀ ਦੀ









ਫੋਟੋਗ੍ਰਾਫ਼ੀ ਫ਼ਿਲਮ ਦਾ ਪਰਦੇ ਪਿੱਛੇ ਦਾ ਕੰਮ ਹੈ । ਅਮਰ ਨੂਰੀ, ਭਿੰਦਰ ਔਜਲਾ, ਕਮਲਜੀਤ ਨੀਰੂ, ਪ੍ਰੀਤੋ ਸਾਹਨੀ, ਰੱਖੜਾ, ਅਸ਼ੋਕ ਟਾਂਗਰੀ ਤੇ ਪਰੈਟੀ ਟਾਏ ਫ਼ਿਲਮ ਦੇ ਮੁੱਖ ਸਿਤਾਰੇ ਹਨ । ਰਾਜ ਸੰਧੂ ਦਾ ਕੰਮ ਵੀ ਦੇਖਣਯੋਗ ਹੋਏਗਾ।

**'ਸਮਾਇਲਾਂ' ਪੰਮਾ ਮੱਲੀ ਦੀਆਂ**

'ਸਲੂਟ' ਨਾਲ ਚੋਟੀ ਤੇ ਪਹੁੰਚੇ ਗਾਇਕ ਪੰਮਾ ਮੱਲੀ ਦਾ ਨਵਾਂ ਦੋਗਾਣਾ 'ਸਮਾਇਲਾਂ' ਬਾਬਾ ਕਮਲ ਦੇ ਤਿਆਰ ਵੀਡਿਉ ਨਾਲ ਅੱਤ ਦਾ ਬਣਿਆ ਹੈ ਤੇ ਇਸ 'ਚ ਸਾਹਿਬਾਂ-ਰਿਤਿਕਾ ਦੇ ਨਾਲ ਸ਼ੁਸੀਲ ਘਈ ਦੀ ਮਾਡਲਿੰਗ ਕਮਾਲ ਹੈ । ਪੰਮਾ ਮੱਲ੍ਹੀ ਦਾ ਇਹ ਦੋਗਾਣਾ ਜੋਸੀ ਬ੍ਰਦਰਜ਼ ਦੇ ਸੰਗੀਤ 'ਚ ਗੁਰਬਿੰਦਰ ਮਾਨ ਦੀ ਕਲਮ ਨੇ ਸ਼ਿੰਗਾਰਿਆ ਹੈ । ਪੰਮਾ ਮੱਲ੍ਹੀ ਅਨੁਸਾਰ ਇਹ ਦੋਗਾਣਾ ਹਰੇਕ ਵਰਗ ਦੀ ਪਸੰਦ ਬਣੇਗਾ।

**ਅਮਰਿੰਦਰ ਗਿੱਲ ਦਾ ਪਿਆਰਾ ਸੁਬਾਓ**

ਗਾਇਕ ਵਜੋਂ ਅਮਰਿੰਦਰ ਗਿੱਲ ਚਹੇਤਾ ਗਾਇਕ ਤੇ ਹੈ ਹੀ ਨਾਲ ਹੀ ਚਹੇਤਾ ਹੀਰੋ ਵੀ ਹੈ । ਅਮਰਿੰਦਰ ਗਿੱਲ ਦਾ ਪਿਆਰਾ ਸੁਭਆ ਹਰ ਹੀਰੋਇਨ, ਅਮਰਿੰਦਰ ਗਿੱਲ ਨਾਲ ਜੋੜੀ ਬਣਾ ਕਿ ਪਰਦੇ ਤੇ ਆਉਣ ਦੀ ਚਾਹਵਾਨ ਹੈ। ਅਮਰਿੰਦਰ ਗਿੱਲ ਦੀ ਕਾਮਯਾਬੀ 'ਚ ਕਾਰਜ ਗਿੱਲ ਤੇ ਉਸ ਦੇ ਨਿੱਘੇ ਸੁਭਾਅ ਨਾਲ ਹੈ । ਅਮਰਿੰਦਰ ਗਿੱਲ ਹੁਣ 'ਚਲ ਮੇਰਾ ਪੁੱਤ' ਦੀ ਚੌਥੀ ਕੜੀ



ਲੈ ਕਿ ਆਏਗਾ । ਅੱਜ ਵੀ ਉਸ ਦਾ ਸਟਾਰਡੰਮ ਕਾਇਮ ਹੈ।

**ਪਰਵਾਜ਼ ਗੁਰੂ ਦਾ 'ਮੇਰੇ ਸ਼ਿਆਮ'**

ਪਰਵਾਜ਼ ਗੁਰੂ ਮੀਰ ਆਲਮਾਂ ਦੀ ਸੰਗਤ ਕਰ ਘਰਾਣੇ ਦਾ ਗਾਇਕ ਲੱਗਦਾ ਹੈ । ਧਾਰਮਿਕ ਭਜਨ ਗਾਇਕੀ ਦਾ ਉਹ ਨਾਇਕ ਹੈ। ਪੀ.ਐਸ. ਮਿੱਠਾ ਦੇ ਭਜ਼ਨ 'ਮੇਰੇ ਸ਼ਿਆਮ' ਨੂੰ ਪਰਵਾਜ਼ ਗੁਰੂ ਨੇ ਬਾਖੂਬੀ ਗਾਇਆ ਹੈ। ਪਰਵਾਜ਼ ਗੁਰੂ ਨਿਰਸੰਦੇਹ ਦੂਜਾ ਨਰਿੰਦਰ ਚੰਚਲ ਲੱਗਦਾ ਹੈ । ਉਮੀਦ ਹੈ ਕਿ 'ਮੇਰੇ ਸ਼ਿਆਮ' ਕਿਸੇ ਹਿੰਦੀ ਫ਼ਿਲਮ ਦਾ ਸ਼ਿੰਗਾਰ ਹੋਊ।



**ਦਿਲਪ੍ਰੀਤ ਸਿੰਘ ਦੇ ਵਸਦੇ ਕਦਮ**

ਮਾਝੇ ਦੇ ਪੰਦਰਾਂ ਗਾਇਕ ਹਨ ਜਿਹਨਾਂ ਦੇ ਸਟੇਜ ਸ਼ੋਅ ਹੋਣ ਜਾਂ ਸੰਗੀਤ ਟਰੈਕ ਦਿਲਪ੍ਰੀਤ ਸਿੰਘ ਦੇ ਕੋਰਸ਼ ਲਾਜ਼ਮੀ ਹਨ। ਦਰਅਸਲ ਖੈਹਰਾ ਖੁਰਦ 'ਗੁਰਦਾਸਪੁਰ' ਦੇ ਦਿਲਪ੍ਰੀਤ ਦੀ ਅਵਾਜ਼ ਦਾ ਸੁਮੇਲ ਹਮੇਸਾਂ ਬਬਲੀ ਬਰਾੜ ਰੋਜ਼ੀ ਮਾਨ ਦੇ ਗੀਤਾਂ 'ਚ ਗਜ਼ਬ ਦਾ ਹੁੰਦਾ ਹੈ। ਉਸਦਾ ਨਾਮ ਹੀ ਸਟਾਰ ਕੋਰਸ ਗਾਇਕ ਵਜੋਂ ਸਥਾਪਿਤ ਹੋ ਗਿਆ ਹੈ । ਦਿਲਪ੍ਰੀਤ ਸਿੰਘ ਨਾਮ ਹੀ ਸਟਾਰ ਕੋਰਸ ਗਾਇਕ ਵਜੋਂ ਸਥਾਪਿਤ ਹੋ ਗਿਆ ਹੈ। ਦਿਲਪ੍ਰੀਤ ਸਿੰਘ ਮਾਤਾ ਰਾਜਪਿੰਦਰ ਕੌਰ ਦਾ ਨਾਂਅ ਪੰਜਾਬੀ ਗਾਇਕੀ 'ਚ ਚਮਕਾਉਣ ਲਈ ਦ੍ਰਿੜ ਹੈ।

**ਪਰੈਟੀ ਰਾਏ ਬਣ ਗਈ ਅਭਿਨੇਤਰੀ**

ਮਲਾਇਕਾ ਅਰੋੜਾ ਨਾਲ ਸ਼ੋਅ ਲਾਏ ਪਰ ਪੰਜਾਬੀਆਂ 'ਚ ਅਣਗੌਲਾ ਚਿਹਰਾ ਪਰੈਟੀ ਰਾਏ ਰਿਹਾ ਪਰ ਹੁਣ ਸਿਮਰਨ ਸਿੰਘ ਨੇ 'ਪਿੰਡ ਅਮਰੀਕਾ' ਦੀ ਸਹਿਨਾਇਕਾ ਬਣਾ ਕਿ ਉਸਨੂੰ ਅਭਿਨੇਤਰੀ ਬਣਾ ਦਿੱਤਾ ਹੈ।

ਇਸ ਫ਼ਿਲਮ ਦੀ ਤਾਰੀਫ਼ ਕਰਦੀ ਉਹ ਆਖਦੀ ਹੈ ਕਿ ਹੁਣ ਉਹ ਪੰਜਾਬੀ ਫ਼ਿਲਮਾਂ ਕਰਿਆ ਕਰੇਗੀ ਤੇ ਉਸ ਦਾ ਨਾਂਅ ਹਰ ਪੰਜਾਬੀ ਜਾਣੇਗਾ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

## ਪੁਰਾਣੇ ਟਾਇਰਾਂ ਦੀ ਸੇਲ

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

## WASH, LUBE, BRAKES

Call:

650-642-0697

## 3525 Highway 99, West Corning, CA 96021

Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

## ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust